ੴ

ਕਿਵ ਸਚਿਆਰਾ ਹੋਈਐ ?

ਸ੍ਰੀ ਗੁਰ ਨਾਨਕ ਪ੍ਰਕਾਸ਼

ਕ੍ਰਿਤ

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

ਗੁਰਬਾਣੀ ਦੀ ਕਸਵੱਟੀ 'ਤੇ

ਗੁਰਦੀਪ ਸਿੰਘ
ਲੈਫ਼ ਕਰਨਲ (ਰਿਟਾ.)
ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ

ਪਹਿਲੀ ਵਾਰ : ਦਸੰਬਰ, 2014

ਸ੍ਰੀ ਗੁਰ ਨਾਨਕ ਪ੍ਰਕਾਸ਼

ਕ੍ਰਿਤ

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

ਗੁਰਬਾਣੀ ਦੀ ਕਸਵੱਟੀ 'ਤੇ

ਮੁੱਲ : 80/- ਰੁਪਏ (ਭਾਰਤ), 4 ਡਾਲਰ (ਕੇਨੈਡਾ), 3 ਪਾਊਂਡ (ਯੂ.ਕੇ.)

ਮਿਲਣ ਦੇ ਪਤੇ :

ਸਿੰਘ ਬ੍ਰਦਰਜ਼
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਫ਼ੋਨ : 0091-1832-543965
ਈ-ਮੇਲ : singhbros@vsnl.com

ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਏ ਮਾਰਕੀਟ, ਲੁਧਿਆਣਾ
ਫ਼ੋਨ: 0161-2740738, 6540738

ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ
ਐਨ.ਐਚ. 5/106-ਐਫ਼, ਐਨ.ਆਈ.ਟੀ.,
ਫ਼ਰੀਦਾਬਾਦ, (ਹਰਿਆਣਾ) - 121001
ਫ਼ੋਨ : 0129-4034135, 98115-12636

ਪਲਾਟ ਨੰਬਰ 183, ਇੰਡਸਟ੍ਰੀਅਲ ਏਰੀਆ,
ਫ਼ੇਜ਼-9, ਅਜੀਤਗੜ੍ਹ (ਮੋਹਾਲੀ) - ਪੰਜਾਬ
ਫ਼ੋਨ : 98725-44016

9579-126A Street, Surrey (B.C.), Canada
Phone : 604-755-3305, 778-549-7679

Printed at : JPC Pvt. Ltd. Mohali. 0172-3047671-73

2

ਸਮਰਪਣ

ਰੱਬੀ ਰਜ਼ਾ ਅਨੁਸਾਰ, ਸਮੁੱਚੇ ਸੰਸਾਰ ਵਿੱਚ ਸਦੀਵਕਾਲ ਲਈ ਰੱਬੀ-ਰਾਜ ਕਾਇਮ ਕਰਨ ਲਈ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਨੂੰ ਮੁਕੰਮਲ ਤੌਰ ’ਤੇ ਸਮਰਪਿਤ ਹੋ ਕੇ ਆਪਣੀਆਂ ਕੀਮਤੀ ਮਨੁੱਖਾ ਜਿੰਦਗੀਆਂ ਇਸ ਮਿਸ਼ਨ ਦੀ ਪ੍ਰਾਪਤੀ ਲਈ ਲੇਖੇ ਲਾਉਣ ਵਾਲੀਆਂ ਸੂਰਬੀਰ ਰੂਹਾਂ ਦੇ ਨਾਂ।

ਤਤਕਰਾ

+8

ਲੇਖਕ ਵੱਲੋਂ ਦੋ ਸ਼ਬਦ

ਪਿਛਲੀਆਂ ਤਕਰੀਬਨ ਢਾਈ ਕੁ ਸਦੀਆਂ ਤੋਂ, ਸਿੱਖ ਕੌਮ ਦਾ 90-95 ਪ੍ਰਤੀਸ਼ਤ (ਫ਼ੀਸਦੀ) ਹਿੱਸਾ, ਇਤਿਹਾਸਕ ਕਾਰਨਾਂ ਕਰ ਕੇ, ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਕਲਿਆਣਕਾਰੀ ਸਰਬ-ਸਾਂਝੇ ਫ਼ਲਸਫ਼ੇ ਨਾਲੋਂ ਅਮਲੀ ਤੌਰ 'ਤੇ ਟੁੱਟਿਆ ਚੱਲਿਆ ਆ ਰਿਹਾ ਹੈ ਅਤੇ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਗੁਰਮਤਿ-ਵਿਹੂਣੇ ਸਿੱਖ (ਸਮੇਤ ਅਖੌਤੀ ਸਿੱਖ ਲੀਡਰਸ਼ਿਪ ਦੇ) ਹੀ ਸਿੱਖ ਕੌਮ ਦੀ ਵਿਲੱਖਣ ਹੋਂਦ ਲਈ ਸਭ ਤੋਂ ਵੱਡਾ ਖ਼ਤਰਾ ਬਣੇ ਹੋਏ ਹਨ। ਅਜਿਹੇ ਹਾਲਾਤ ਦਾ ਨਾਜਾਇਜ਼ ਫ਼ਾਇਦਾ ਉਠਾ ਕੇ, ਗੁਰਮਤਿ ਫ਼ਲਸਫ਼ੇ ਦਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਖਤ ਵਿਰੋਧ ਕਰਦੀਆਂ ਆ ਰਹੀਆਂ ਖ਼ੁਦਗਰਜ਼, ਫ਼ਿਰਕਾਪ੍ਰਸਤ ਅਤੇ ਫ਼ਾਸ਼ੀ ਧਿਰਾਂ ਸਿੱਖ-ਸਿਧਾਂਤ, ਗੁਰ-ਇਤਿਹਾਸ, ਸਿੱਖ-ਇਤਿਹਾਸ ਅਤੇ ਗੁਰਮਤਿ ਫ਼ਲਸਫ਼ੇ 'ਤੇ ਆਧਾਰਤ ਸਿੱਖ ਸਭਿਆਚਾਰ ਨੂੰ ਗੰਧਲਾ ਕਰ ਕੇ ਮਨੁੱਖਤਾ ਨੂੰ ਗੁਮਰਾਹ ਕਰਨ ਲਈ ਪੂਰੀ ਵਾਹ ਲਾਉਂਦੀਆਂ ਆ ਰਹੀਆਂ ਹਨ, ਤਾ ਕਿ ਰੱਬੀ-ਰਜ਼ਾ ਅਨੁਸਾਰ ਮਨੁੱਖਤਾ ਦੇ ਭਲੇ ਲਈ ਹੋਂਦ ਵਿੱਚ ਆਈ ਨਿਆਰੀ ਸਿੱਖ ਕੌਮ ਦੀ ਹੋਂਦ ਨੂੰ ਹੀ ਖ਼ਤਮ ਕਰ ਦਿੱਤਾ ਜਾਵੇ। ਇਸ ਮਾਨਵ-ਵਿਰੋਧੀ ਸਾਜਿਸ਼ ਦੀ ਕੜੀ ਵਜੋਂ ਹੀ ਬਹੁਤ ਸਾਰੇ ਗੁਰਦਵਾਰਿਆਂ ਵਿੱਚ, ਭਾਈ ਬਾਲੇ ਵਾਲੀ ਨਕਲੀ ਜਨਮ-ਸਾਖੀ 'ਤੇ ਆਧਾਰਤ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ (ਕ੍ਰਿਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ) ਦੀ ਕਥਾ ਕਈ ਦਹਾਕਿਆਂ ਤੋਂ ਹੁੰਦੀ ਆ ਰਹੀ ਹੈ। ਅੱਜ ਇਹ ਇੱਕ ਦੁਖਦਾਈ ਹਕੀਕਤ ਹੈ ਕਿ ਕਿਸੇ ਟਾਵੇਂ-ਟਾਵੇਂ ਗੁਰਦਵਾਰੇ ਨੂੰ ਛੱਡ ਕੇ, ਬਹੁਤੇ ਗੁਰਦਵਾਰੇ, ਗੁਰਮਤਿ ਉਦੇਸ਼ ਅਨੁਸਾਰ ਚੰਗੇ ਵਿਸ਼ਵ-ਪੱਧਰੀ ਸਮਾਜ ਤੇ ਸਮਾਜ-ਪ੍ਰਬੰਧ ਦੀ ਸਿਰਜਨਾ ਦੇ ਕੇਂਦਰ ਬਣਨ ਦੀ ਬਜਾਏ, ਗੁਰਮਤਿ-ਵਿਰੋਧੀ ਕਰਮ-ਕਾਂਡਾਂ ਅਤੇ ਫ਼ਜ਼ੂਲ ਦੀਆਂ ਰਸਮਾਂ-ਰੀਤਾਂ ਦੇ ਅੱਡੇ ਬਣੇ ਹੋਏ ਹਨ। ਇਸ ਦਾ ਮੂਲ ਕਾਰਨ ਹੈ ਗੁਰਮਤਿ ਸਿਧਾਂਤ ਅਨੁਸਾਰ, ਆਮ-ਸਹਿਮਤੀ ਦੁਆਰਾ, ਯੋਗ ਪ੍ਰਬੰਧਕ ਸੀਲੈਕਟ ਕਰਨ ਦੀ ਬਜਾਏ, ਧੜੇਬੰਦੀਆਂ ਅਤੇ ਵੈਰ-ਵਿਰੋਧ ਦੀ ਭਾਵਨਾ ਪੈਦਾ ਕਰਨ ਵਾਲੇ ਗੁਰਮਤਿ-ਵਿਰੋਧੀ 'ਵੋਟ-ਵਿਧਾਨ' ਦਾ ਲਾਗੂ ਹੋ ਜਾਣਾ।

ਭਾਈ ਬਾਲੇ ਵਾਲੀ ਜਨਮ-ਸਾਖੀ ਵਿੱਚ, ਜਿੱਥੇ ਗੁਰੂ ਸਾਹਿਬਾਨ ਦੀਆਂ ਪਾਵਨ ਅਗੰਮੀ ਸ਼ਖ਼ਸੀਅਤਾਂ ਦਾ ਰੱਜ ਕੇ ਚਰਿੱਤ੍ਰਘਾਤ ਕੀਤਾ ਹੋਇਆ ਹੈ, ਉੱਥੇ ਗੁਰਮਤਿ ਫ਼ਲਸਫ਼ੇ, ਗੁਰ-ਇਤਿਹਾਸ ਤੇ ਸਿੱਖ ਸਭਿਆਚਾਰ ਦਾ ਘਾਣ ਕਰਨ ਦੀ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ।

ਅੱਜ ਲੋੜ ਹੈ ਕਿ ਜਨਮ-ਸਾਖੀਆਂ ਅਤੇ ਹੋਰ ਸਿੱਖ-ਇਤਿਹਾਸ ਦੇ ਸਰੋਤਾਂ ਵਿੱਚੋਂ ਗੁਰਮਤਿ ਸਿਧਾਂਤਾਂ ਨਾਲ ਮੇਲ-ਖਾਂਦੇ ਹਿੱਸਿਆਂ ਨੂੰ ਅਲੱਗ ਕਰ ਕੇ, ਸਮੁੱਚੀ ਸਿੱਖ ਕੌਮ ਦੇ ਵਿਦਵਾਨਾਂ ਦੇ ਵਿਚਾਰ ਪ੍ਰਾਪਤ ਕਰ ਕੇ, ਇੱਕ ਪੰਥ-ਪਰਵਾਨਤ ਸਿੱਖ ਇਤਿਹਾਸ ਅਤੇ

ਸਿੱਖ ਸਭਿਆਚਾਰ ਦਾ ਸੈੱਟ ਤਿਆਰ ਕਰ ਕੇ ਪਰਚਾਰਿਆ ਜਾਵੇ।

ਹਥਲੀ ਪੁਸਤਕ ਵਿੱਚ, ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ, ਸਤਿਗੁਰਾਂ ਵੱਲੋਂ ਬਖ਼ਸ਼ਿਸ਼ ਕੀਤੀ ਸੋਝੀ ਅਨੁਸਾਰ, ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਜਿੱਥੇ ਇਸ ਵਿਚਲੀ ਗੁਰਮਤਿ-ਵਿਰੋਧੀ ਸਮੱਗਰੀ ਦੀ ਨਿਸ਼ਾਨਦੇਹੀ ਕਰਨ ਦਾ ਇੱਕ ਨਿੱਕਾ ਜਿਹਾ ਉਪਰਾਲਾ ਕੀਤਾ ਜਾ ਰਿਹਾ ਹੈ , ਉੱਥੇ ਸਿੱਖ ਕੌਮ ਨੂੰ ਹੀ ਨਹੀਂ ਬਲਕਿ ਮਨੁੱਖਤਾ ਦਾ ਭਲਾ ਲੋਚਣ ਵਾਲੇ ਸਾਰੇ ਮਨੁੱਖਾਂ ਨੂੰ ਹੀ ਗ਼ਫ਼ਲਤਾ ਨੂੰ ਤਿਆਗ ਕੇ, ਵਿਸ਼ਵ-ਪੱਧਰੀ ਚੰਗੇ ਸਮਾਜ ਦੀ ਸਿਰਜਨਾ ਲਈ ਬਣਦਾ ਯੋਗਦਾਨ ਪਾਉਂਣ ਲਈ ਵੀ ਸੁਚੇਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਸਰਬੱਤ ਦੇ ਭਲੇ ਦੇ ਜਾਮਨ ਸਰਬ-ਸਾਂਝੇ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਦੀ ਸਪੱਸ਼ਟਤਾ ਰੱਖਣ ਵਾਲੇ ਨਿਰਪੱਖ ਵਿਦਵਾਨਾਂ ਨੂੰ ਵੀ ਬੇਨਤੀ ਹੈ ਕਿ ਗੁਰਮਤਿ ਸਿਧਾਂਤ, ਗੁਰ-ਇਤਿਹਾਸ, ਸਿੱਖ ਇਤਿਹਾਸ ਤੇ ਗੁਰਮਤਿ-ਸਭਿਆਚਾਰ ਨੂੰ ਦੂਸ਼ਤ ਕਰਨ ਲਈ ਫ਼ਿਰਕਾ-ਪ੍ਰਸਤ, ਖ਼ੁਦਗਰਜ਼ ਅਤੇ ਫ਼ਾਸ਼ੀ ਧਿਰਾਂ ਵੱਲੋਂ ਕੀਤੀਆਂ ਜਾ ਰਹੀਆਂ ਸਾਜਿਸ਼ੀ ਕਾਰਵਾਈਆਂ ਦਾ ਪਰਦਾਫਾਸ਼ ਕਰਨ ਲਈ ਨਿਧੱੜਕ ਹੋ ਕੇ ਨਿੱਤਰ ਕੇ ਸਾਹਮਣੇ ਆਉਂਣ ਤਾਂ ਕਿ ਗੁਰੂ ਨਾਨਕ ਸਾਹਿਬ ਵੱਲੋਂ, ਰੱਬੀ-ਰਜ਼ਾ ਅਨੁਸਾਰ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ 'ਤੇ, ਸਦੀਵਕਾਲੀ ਰੱਬੀ-ਰਾਜ ਅਧੀਨ, ਆਦਰਸ਼ਕ ਭਾਈਚਾਰਕ ਸਾਂਝਾਂ ਵਾਲੇ ਸਮਾਜ-ਪ੍ਰਬੰਧ ਦੀ ਸਿਰਜਨਾ ਕਰਨ ਲਈ, 1478 ਵਿੱਚ ਅਰੰਭ ਕੀਤੀ ਇਨਕਲਾਬੀ ਲਹਿਰ ਨੂੰ ਪੁਨਰ-ਸੁਰਜੀਤ ਕਰ ਕੇ ਅੱਗੇ ਵਧਿਆ ਜਾ ਸਕੇ।

ਧੰਨਵਾਦ

ਸਿੱਖ ਕੌਮ ਦੇ ਪ੍ਰਸਿੱਧ, ਦਾਨਸ਼ਵਰ ਤੇ ਦਲੇਰ ਵਿਦਵਾਨ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਜੀ ਦਿਲਗੀਰ ਦਾ ਇਸ ਪੁਸਤਕ ਦੀ ਪੇਸ਼ਕਾਰੀ ਲਿਖਣ ਲਈ ਅਤੇ ਉੱਘੇ ਮਿਸ਼ਨਰੀ ਵੀਰ ਸੁਖਦੇਵ ਸਿੰਘ ਜੀ ਦਾ ਪੁਸਤਕ ਦੀ ਪਰੂਫ਼ ਰੀਡਿੰਗ ਕਰ ਕੇ ਉਸਾਰੂ ਸੁਝਾਅ ਦੇਣ ਲਈ, ਤਹਿ ਦਿਲੋਂ ਧੰਨਵਾਦ ਹੈ।

ਖਿਮਾ ਜਾਚਨਾ

ਪੂਰੇ ਗੁਰੂ ਅਤੇ ਕਰਤਾਰ ਤੋਂ ਇਲਾਵਾ, ਹੋਰ ਹਰ ਕੋਈ ਹੀ ਭੁੱਲਣਹਾਰ ਹੈ। ਇਸ ਲਈ ਹਥਲੀ ਪੁਸਤਕ ਵਿੱਚ ਜਾਣੇ-ਅਣਜਾਣੇ ਵਿੱਚ ਹੋਈਆਂ ਭੁੱਲਾਂ ਲਈ ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ ਖ਼ਿਮਾ ਦੀ ਜਾਚਨਾ ਕੀਤੀ ਜਾ ਰਹੀ ਹੈ। ਆਸ ਹੈ ਕਿ ਸੂਝਵਾਨ ਸੁਹਿਰਦ ਪਾਠਕ ਹੋਈਆਂ ਉਕਾਈਆਂ ਬਾਰੇ ਸਾਰਥਕ ਸੁਝਾਅ ਦੇ ਕੇ ਦਾਸਰੇ ਨੂੰ ਧੰਨਵਾਦੀ ਬਣਾਉਂਣਗੇ।

ਗੁਰਦੀਪ ਸਿੰਘ ਲੈਫ਼. ਕਰਨਲ (ਰਿਟਾ.)
ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ
ਮੋਬਾ : +91-94654 47897

ਮਿਤੀ : ਦਸੰਬਰ, 2014

ਪੇਸ਼ਕਾਰੀ

ਕਰਨਲ ਗੁਰਦੀਪ ਸਿੰਘ ਸਿੱਖ ਪੰਥ ਦੇ ਸਿਧਾਂਤਕ ਮਸਲਿਆਂ 'ਤੇ ਲਿਖਣ ਵਾਲੀਆਂ ਕਲਮਾਂ ਵਿੱਚ ਅਹਿਮ ਥਾਂ ਰਖਦੇ ਹਨ। ਪਿਛਲੇ ਦਹਾਕੇ ਵਿੱਚ ਉਨ੍ਹਾਂ ਦੀ ਕਲਮ ਨੇ ਬਹੁਤ ਸਾਰੇ ਅਹਿਮ ਪੰਥਕ ਮਸਲਿਆਂ ਬਾਰੇ, ਤੱਤ ਖ਼ਾਲਸਾ ਪੱਖ ਤੋਂ, ਸਪੱਸ਼ਟ ਨਿਰਣੈ ਦਿੱਤੇ ਹਨ। ਹਥਲੀ ਕਿਤਾਬ ਵਿੱਚ ਉਨ੍ਹਾਂ ਨੇ ਕਵੀ ਸੰਤੋਖ ਸਿੰਘ ਦੀ ਕਿਤਾਬ 'ਗੁਰ ਨਾਨਕ ਪਰਕਾਸ਼' ਦੀ ਡਾ. ਕਿਰਪਾਲ ਸਿੰਘ ਦੀ ਸੰਪਾਦਨਾ ਸਬੰਧੀ ਆਪਣੇ ਨਿਰਣੈ ਦਿੱਤੇ ਹਨ।

ਕਰਨਲ ਗੁਰਦੀਪ ਸਿੰਘ ਨੇ ਪਹਿਲਾਂ ਤਾਂ ਸੰਤੋਖ ਸਿੰਘ ਦੀ ਲਿਖਤ ਦੇ ਨਾਲ ਮੁਢਲੀ ਪਛਾਣ ਕਰਵਾਈ ਹੈ। ਇਸ ਮਗਰੋਂ ਉਨ੍ਹਾਂ ਨੇ ਡਾ: ਕਿਰਪਾਲ ਸਿੰਘ ਵੱਲੋਂ ਉਸ ਵਿਚਲੀਆਂ ਗ਼ਲਤੀਆਂ ਦਾ ਸੁਧਾਰ ਕਰਨ ਦੀ ਕੋਸ਼ਿਸ਼ ਦੀ ਤਾਰੀਫ਼ ਕੀਤੀ ਹੈ। ਕਰਨਲ ਗੁਰਦੀਪ ਸਿੰਘ ਬਖ਼ੂਬੀ ਜਾਣਦੇ ਹਨ ਕਿ ਸਿੱਖ ਤਵਾਰੀਖ਼ ਨਾਲ ਬਹੁਤ ਸਾਰੇ ਲੇਖਕਾਂ ਨੇ ਜ਼ਿਆਦਤੀ ਕੀਤੀ ਹੈ; ਕਿਸੇ ਨੇ ਈਰਖਾ ਵੱਸ ਹੋ ਕੇ ਅਤੇ ਕਿਸੇ ਨੇ ਬੇਈਮਾਨੀ ਦੀ ਨੀਅਤ ਨਾਲ, ਪਰ ਕੁੱਝ ਅਜਿਹੇ ਲੇਖਕ ਵੀ ਹਨ ਜਿਨ੍ਹਾਂ ਨੇ ਸ਼ਰਧਾ-ਵੱਸ ਇਸ ਵਿੱਚ ਬਹੁਤ ਮਿਲਾਵਟ ਕਰ ਦਿੱਤੀ ਸੀ। ਇਹੋ ਜਿਹੀ ਜ਼ਿਆਦਤੀ ਹੀ ਸੰਤੋਖ ਸਿੰਘ ਨੇ ਕੀਤੀ ਸੀ।

ਸੰਤੋਖ ਸਿੰਘ ਦੀ ਸ਼ਿਕਾਇਤ ਹੈ ਕਿ ਉਸ ਨੇ ਇਹ ਸਾਰੀਆਂ ਗ਼ਲਤੀਆਂ ਕੈਥਲ ਦੇ ਰਾਜੇ ਉਦਯ ਸਿੰਘ ਦੇ ਨੌਕਰ ਪੰਡਤ ਦੇ ਕਹਿਣ 'ਤੇ ਕੀਤੀਆਂ ਹਨ। ਇਹ ਸਹੀ ਨਹੀਂ ਹੈ, ਦਰਅਸਲ ਉਹ ਨਿਰਮਲਿਆਂ ਦਾ ਚੇਲਾ ਸੀ ਤੇ ਉਨ੍ਹਾਂ ਤੋਂ ਕਈ ਸਾਲ ਵਿਦਿਆ ਲੈਂਦਾ ਰਿਹਾ ਸੀ। ਸੰਤੋਖ ਸਿੰਘ ਦਾ ਚਾਚਾ ਰਾਮ ਸਿੰਘ, ਜੋ ਕਟੜਾ ਨਿਹਾਲ ਸਿੰਘ ਵਿੱਚ ਰਹਿੰਦਾ ਸੀ, ਉਸ ਨੂੰ ਨਿਰਮਲੀਆਂ ਦਾ ਬੁੰਗਾ ਵੀ ਕਹਿੰਦੇ ਸਨ (ਜੋ 1986 ਤੋਂ ਮਗਰੋਂ ਢਾਹ ਦਿੱਤਾ ਗਿਆ ਸੀ) ਨਿਰਮਲਿਆਂ ਦਾ ਮੁੱਖ ਅੱਡਾ ਸੀ। ਇਥੇ ਹੀ ਗਿ: ਸੰਤ ਸਿੰਘ ਨਿਰਮਲੇ ਦਾ ਨਿਵਾਸ ਸੀ ਜਿਸ ਤੋਂ ਸੰਤੋਖ ਸਿੰਘ ਨੇ ਕਈ ਸਾਲ ਵਿਦਿਆ ਹਾਸਿਲ ਕੀਤੀ ਸੀ।

ਸੰਤੋਖ ਸਿੰਘ ਦਾ ਪਿਤਾ ਦੇਵਾ ਸਿੰਘ ਖ਼ੁਦ ਕਰਮ ਸਿੰਘ ਨਿਰਮਲੇ ਸਾਧ ਦਾ ਚੇਲਾ ਸੀ। ਕਿਉਂਕਿ ਦਰਬਾਰ ਸਾਹਿਬ 'ਤੇ ਨਿਰਮਲਿਆਂ ਦਾ ਕਬਜ਼ਾ ਸੀ ਤੇ ਸੰਤੋਖ ਸਿੰਘ ਨਿਰਮਲਾ ਸੀ; ਇਸ ਕਰ ਕੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਮੰਜੀ ਸਾਹਿਬ ਵਿੱਚ ਉਸ ਦੀ ਕਿਤਾਬ ਦੀ ਕਥਾ ਹੋਣ ਲੱਗ ਪਈ ਸੀ ਮਗਰੋਂ ਇਹ ਹੋਰ ਗੁਰਦੁਆਰਿਆਂ ਵਿੱਚ ਵੀ ਹੋਣ ਲੱਗ ਪਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭੋਲੇ ਲੋਕਾਂ ਨੇ ਗ਼ਲਤ ਤਵਾਰੀਖ਼ ਨੂੰ ਸੱਚੀ ਤਵਾਰੀਖ਼ ਸਮਝ ਲਿਆ ਤੇ ਮਗਰੋਂ ਜਦੋਂ ਕਿਸੇ ਨੇ ਤਵਾਰੀਖ਼ ਤੋਂ ਝੂਠ ਦੀਆਂ ਪਰਤਾਂ ਲਾਹੁਣ ਦੀ ਕੋਸ਼ਿਸ਼ ਕੀਤੀ ਤਾਂ ਅਗਿਆਨੀ ਅਤੇ ਬ੍ਰਾਹਮਣ ਕਿਸਮ ਦੇ ਲੋਕ ਇੱਕ ਤੂਫ਼ਾਨ ਜਿਹਾ ਖੜ੍ਹਾ ਕਰ ਦੇਂਦੇ ਸਨ।

ਡਾ. ਕਿਰਪਾਲ ਸਿੰਘ ਜਦ ਰਿਟਾਇਰ ਹੋ ਗਏ ਤਾਂ ਉਨ੍ਹਾਂ ਨੇ ਆਪਣੇ ਸਰਕਲ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਕਹਿ ਕੇ ਕਵੀ ਸੰਤੋਖ ਸਿੰਘ ਦੀ ਕਿਤਾਬ 'ਗੁਰ ਨਾਨਕ ਪਰਕਾਸ਼' ਪ੍ਰਾਜੈਕਟ ਆਪ ਲੈ ਲਿਆ ਅਤੇ ਚੰਗੀ ਚੋਖੀ ਤਨਖਾਹ ਵੀ ਲੈ ਲਈ। ਉਨ੍ਹਾਂ ਨੇ ਪਹਿਲਾਂ ਹੀ ਜਨਸਾਖੀਆਂ 'ਤੇ ਕੰਮ ਕੀਤਾ ਹੋਇਆ ਸੀ ਤੇ ਉਸੇ ਨੂੰ ਹੀ ਮੁਖ ਰੱਖ ਕੇ ਉਨ੍ਹਾਂ ਨੇ 'ਗੁਰ ਨਾਨਕ ਪਰਕਾਸ਼' ਦੀਆਂ 2 ਜਿਲਦਾਂ ਤਿਆਰ ਕਰ ਲਈਆਂ।

ਕਰਨਲ ਗੁਰਦੀਪ ਸਿੰਘ ਨੇ ਡਾ. ਕਿਰਪਾਲ ਸਿੰਘ ਦੀ ਲਿਖਤ ਦਾ ਨਿਰਪੱਖ ਹੋ ਕੇ ਨਿਰਣਾ ਕੀਤਾ ਹੈ। ਉਨ੍ਹਾਂ ਨੇ ਸਾਫ਼ ਲਿਖਿਆ ਹੈ ਕਿ ਕਿਰਪਾਲ ਸਿੰਘ ਨੇ ਕੁੱਝ ਸਾਖੀਆਂ ਦਾ ਸਹੀ ਨਿਰਣਾ ਕੀਤਾ ਹੈ ਪਰ ਇਹ ਇਕ ਨਿੱਕਾ ਜਿਹਾ "ਪੂਰਕ ਕਰਮ" ਹੀ ਹੈ। ਹੋਰ ਬਹੁਤ ਕੁੱਝ ਕਰਨ ਦੀ ਲੋੜ ਹੈ।

ਡਾ. ਕਿਰਪਾਲ ਸਿੰਘ ਨੇ ਜਿੱਥੇ ਸੰਤੋਖ ਸਿੰਘ ਦੀਆਂ ਕੁੱਝ ਗ਼ਲਤੀਆਂ ਕੱਢੀਆਂ ਹਨ ਉਥੇ ਉਨ੍ਹਾਂ ਨੇ

ਇਕ ਗੁਨਾਹ ਹੋਰ ਕਰ ਦਿੱਤਾ ਹੈ। ਸੰਤੋਖ ਸਿੰਘ ਨੇ ਕਿਸੇ ਗੁਰੂ ਦੇ ਨਾਂ ਨਾਲ "ਦੇਵ" ਨਹੀਂ ਲਿਖਿਆ ਪਰ ਕਿਰਪਾਲ ਸਿੰਘ ਨੇ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਰਜਨ ਸਾਹਿਬ ਦੇ ਨਾਂਵਾਂ ਨਾਲ ਥਾਂ ਥਾਂ 'ਤੇ "ਦੇਵ" ਲਿਖ ਕੇ ਹੋਰ ਜ਼ਿਆਦਤੀ ਕਰ ਦਿੱਤੀ ਹੈ। ਕਿਰਪਾਲ ਸਿੰਘ ਜੀ ਦਾ ਦਾਅਵਾ ਹੈ ਕਿ ਉਨ੍ਹਾਂ ਸਾਰੀਆਂ ਜਨਮਸਾਖੀਆਂ ਦਾ ਮੁਤਾਲੀਆ ਕੀਤਾ ਹੈ। ਕਿਸੇ ਵੀ ਜਨਮਸਾਖੀ ਵਿੱਚ ਕਿਸੇ ਵੀ ਗੁਰੂ ਦੇ ਨਾਂ ਨਾਲ "ਦੇਵ" ਲਿਖਿਆ ਨਹੀਂ ਮਿਲਦਾ ਇਸ ਦੀ ਸ਼ੁਰੂਆਤ ਨਿਰਮਲਿਆਂ ਦੇ ਇੱਕ ਸਾਥੀ ਭਾਈ ਵੀਰ ਸਿੰਘ ਨੇ ਸ਼ੁਰੂ ਕੀਤੀ ਸੀ (ਹੇਮਕੁੰਟ ਨਾਂ ਦਾ ਗੁਰਦੁਆਰਾ ਬਣਾਉਣ ਦੀ ਹਰਕਤ ਵੀ ਉਸੇ ਨੇ ਹੀ ਕੀਤੀ ਸੀ)। ਡਾ. ਕਿਰਪਾਲ ਸਿੰਘ ਪਤਾ ਨਹੀਂ ਕਿਸ ਸਾਜ਼ਿਸ਼ ਹੇਠ "ਦੇਵ" ਦਾ ਪ੍ਰਚਾਰ ਕਰਨਾ ਚਾਹੁੰਦੇ ਹਨ। ਇਹ ਸੰਤੋਖ ਸਿੰਘ ਦੀ ਲਿਖਤ ਦੀਆਂ ਗ਼ਲਤੀਆਂ ਦੂਰ ਕਰਨ ਦੇ ਦਾਅਵੇ ਦੀ ਬਜਾਇ ਸਗੋਂ ਨਵੀਆਂ ਗ਼ਲਤ ਪਿਰਤਾਂ ਕਾਇਮ ਕਰਨ ਦੀ ਮੂਰਖਤਾ ਜਾਂ ਸਾਜ਼ਿਸ਼ ਹੈ।

ਇੰਞ ਹੀ ਕਿਰਪਾਲ ਸਿੰਘ ਨੇ ਸਰਹੰਦ ਸ਼ਹਿਰ ਦਾ ਨਾਂ 'ਸਰਹਿੰਦ' ਲਿਖ ਕੇ ਗ਼ਲਤ ਗੱਲ ਨੂੰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ; ਹਾਲਾਂ ਕਿ ਉਹ ਜਾਣਦੇ ਹਨ ਕਿ ਤਵਾਰੀਖ਼ ਦੇ ਪੁਰਾਣੇ ਸੋਮਿਆਂ ਵਿੱਚ ਇਸ ਦਾ ਨਾ ਸਾਹਰੰਦ ਆਉਂਦਾ ਹੈ, ਜੋ ਵਿਗੜ ਕੇ ਸਰਹੰਦ ਬਣ ਗਿਆ; ਪਰ ਇਸ ਦਾ ਨਾਂ 'ਸਰ+ਹਿੰਦ' ਕਦੇ ਵੀ ਨਹੀਂ ਸੀ। ਭਾਈ ਬਾਲਾ ਜਨਮਸਾਖੀ ਨੂੰ ਰੱਦ ਕਰਨ ਵਿੱਚ ਕਿਰਪਾਲ ਸਿੰਘ ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਉਸ ਨੇ ਸਿਰਫ਼ ਕਰਮ ਸਿੰਘ ਹਿਸਟੋਰੀਅਨ ਦੀ ਨਕਲ ਹੀ ਮਾਰੀ ਹੈ।

ਕਿਰਪਾਲ ਸਿੰਘ ਨੇ ਇਹ ਵੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ "ਗੁਰੂ ਨਾਨਕ ਸਾਹਿਬ ਨੂੰ ਜਨੇਊ ਪਾਉਣਾ ਠੀਕ ਜਾਪਦਾ ਹੈ" (ਜੋ ਕਿ ਸਿਰਫ਼ ਮਿਹਰਬਾਨ ਤੇ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਲਿਖਿਆ ਹੋਇਆ ਹੈ)।

ਕਿਰਪਾਲ ਸਿੰਘ ਹੋਰੀਂ ਆਪ ਤਾਂ ਗੁਰੂ ਨਾਨਕ ਸਾਹਿਬ ਦੇ ਮੱਝਾਂ ਚਾਰਨ ਨੂੰ ਸਹੀ ਨਹੀਂ ਮੰਨਦੇ ਹਨ ਪਰ ਸੰਤੋਖ ਸਿੰਘ ਵੱਲੋਂ ਮੱਝਾਂ ਦੀ ਥਾਂ ਗਊਆਂ ਚਾਰਨ ਨੂੰ ਗ਼ਲਤ ਕਹਿੰਦੇ ਹਨ।

ਕਿਰਪਾਲ ਸਿੰਘ ਸੱਚਾ ਸੌਦਾ ਵਿੱਚ ਭੁਖੇ ਸਾਧੂਆਂ ਨੂੰ ਭੋਜਨ ਖੁਆਉਣਾ ਗ਼ਲਤ ਨਹੀਂ ਮੰਨਦੇ ਹਨ ਹਾਲਾਂਕਿ ਇਹ ਸਾਖੀ ਸਿਰਫ਼ ਭਾਈ ਬਾਲਾ ਜਨਮਸਾਖੀ ਵਿੱਚ ਹੀ ਮਿਲਦੀ ਹੈ। ਦੂਜੇ ਪਾਸੇ, ਸੰਤੋਖ ਸਿੰਘ ਤਾਂ ਇੱਕ ਥਾਂ ਗੁਰੂ ਜੀ ਨੂੰ ਅਪਣੀ ਸੋਨੇ ਦੀ ਮੁੰਦਰੀ ਤੇ ਲੋਟਾ ਇੱਕ ਸਾਧੂ ਨੂੰ ਦੇਂਦੇ ਦਿਖਾਂਦਾ ਹੈ।

ਕਰਨਲ ਗੁਰਦੀਪ ਸਿੰਘ ਜੀ ਨੇ ਸਗੋਂ ਕਿਰਪਾਲ ਸਿੰਘ ਤੋਂ ਵਧੀਆ ਕੰਮ ਕੀਤਾ ਹੈ। ਉਨ੍ਹਾਂ ਨੇ ਸੰਤੋਖ ਸਿੰਘ ਦਾ ਵੇਦਾਂਤੀ ਪਿਛੋਕੜ, ਭਾਈ ਬਾਲਾ ਦੀ ਜਨਮਸਾਖੀ ਦਾ ਸੱਚੋ ਸੱਚ ਤੇ ਹੋਰ ਕਈ ਕੁੱਝ ਦਾ ਨਿਪਟਾਰਾ ਵੀ ਕੀਤਾ ਹੈ। ਉਨ੍ਹਾਂ ਨੇ ਡਾ. ਕਿਰਪਾਲ ਸਿੰਘ ਦੀਆਂ ਬਹੁਤ ਸਾਰੀਆਂ ਉਕਾਈਆਂ ਦਾ ਨਿਰਣਾ ਵੀ ਕੀਤਾ ਹੈ।

ਕਰਨਲ ਗੁਰਦੀਪ ਸਿੰਘ ਜੀ ਦੀਆਂ ਪਹਿਲੀਆਂ ਕਿਤਾਬਾਂ ਜਿੱਥੇ ਵਧੇਰੇ ਕਰ ਕੇ ਸਿੱਖ ਫ਼ਲਸਫ਼ੇ ਨਾਲ ਸਬੰਧਤ ਸਨ ਉਥੇ ਇਹ ਤਵਾਰੀਖ਼ ਦੀ ਖੋਜ ਨਾਲ ਸਬੰਧਤ ਹੈ ਤੇ ਉਨ੍ਹਾਂ ਨੇ ਇਸ ਨਾਲ ਵੀ ਪੂਰਾ ਇਨਸਾਫ਼ ਕੀਤਾ ਹੈ।

-ਡਾ. ਹਰਜਿੰਦਰ ਸਿੰਘ ਦਿਲਗੀਰ
ਸਾਬਕਾ ਡਾਇਰੈਕਟਰ : ਸਿੱਖ ਹਿਸਟਰੀ ਰੀਸਰਚ ਬੋਰਡ (ਸ਼੍ਰੋਮਣੀ ਕਮੇਟੀ)
ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖ ਹਿਸਟਰੀ
hsdilgeer@yahoo.com

੧. ਭੂਮਿਕਾ

ਇਤਿਹਾਸ

'ਇਤਿਹਾਸ' ਸ਼ਬਦ ਨੂੰ ਜੇਕਰ ਸਹਿਜ ਨਾਲ ਉਚਾਰਿਆ ਜਾਵੇ ਤਾਂ ਇਸ ਦੇ ਅਰਥ ਆਪਣੇ-ਆਪ ਹੀ ਖੁੱਲ੍ਹ ਜਾਂਦੇ ਜਨ। ਯਾਨੀ ਕਿ, ਇਤਿ+ਹਾਸ! 'ਇਤਿ' ਦਾ ਅਰਥ ਬਣੇਗਾ 'ਇੰਜ' ਤੇ 'ਹਾਸ' ਦਾ ਭਾਵ ਹੈ 'ਹੋਇਆ' ਜਾਂ 'ਵਾਪਰਿਆ (ਭਾਵ, ਇੰਜ ਹੋਇਆ ਜਾਂ ਇੰਜ ਵਾਪਰਿਆ)। ਸਮਝਦਾਰ ਤੇ ਦੂਰ-ਅੰਦੇਸ਼ ਕੌਮਾਂ ਆਪਣੇ ਕੌਮੀ ਇਤਿਹਾਸ ਨੂੰ ਸ਼ੁੱਧ ਰੂਪ ਵਿੱਚ ਸੰਭਾਲ ਕੇ ਅਤੇ ਇਤਿਹਾਸਕ ਘਟਨਾਵਾਂ ਦੀ ਨਿਰਪੱਖਤਾ ਨਾਲ ਪੜਚੋਲ ਕਰ ਕੇ, ਸਾਰਥਕ ਸਿੱਟੇ ਕੱਢ ਕੇ, ਕੌਮੀ ਭਵਿੱਖ ਨੂੰ ਸਵਾਰਨ ਲਈ ਵਿਸ਼ੇਸ਼ ਉਪਰਾਲੇ ਕਰਦੀਆਂ ਹਨ। ਜਿਹੜੀਆਂ ਕੌਮਾਂ ਅਵੇਸਲੀਆਂ ਹੋ ਕੇ ਅਜਿਹਾ ਕਰਨ ਤੋਂ ਖੁੰਝ ਜਾਂਦੀਆਂ ਹਨ, ਉਹ ਅਕਸਰ, ਹੌਲੀ-ਹੌਲੀ, ਇਤਿਹਾਸ ਦੇ ਪੰਨਿਆਂ 'ਚੋਂ ਹੀ ਗਾਇਬ ਹੋ ਜਾਂਦੀਆਂ ਹਨ। ਕੌਮਾਂ ਦੇ ਇਤਿਹਾਸ ਦਾ ਆਧਾਰ ਕੌਮੀ ਵਿਚਾਰਧਾਰਾ (ਕੌਮੀ ਫ਼ਲਸਫ਼ਾ) ਹੁੰਦੀ ਹੈ- ਉਹ ਫ਼ਲਸਫ਼ਾ ਜੋ ਕੌਮ ਦੇ ਬਾਨੀ ਵੱਲੋਂ ਨਿਰਧਾਰਤ ਕਰ ਕੇ ਅਮਲੀ ਜੀਵਨ ਵਿੱਚ ਦ੍ਰਿੜਤਾ ਨਾਲ ਅਪਣਾਇਆ ਗਿਆ ਹੋਵੇ। ਇਹ ਵੀ ਇੱਕ ਹਕੀਕਤ ਹੈ ਕਿ ਇਤਿਹਾਸ ਨੂੰ ਨਿਰਪੱਖ ਹੋ ਕੇ, ਸ਼ੁੱਧ ਰੂਪ ਵਿੱਚ, ਕਲਮਬੰਦ ਕਰਨਾ ਬਹੁਤ ਹੀ ਕਠਨ ਕੰਮ ਹੈ ਕਿਉਂਕਿ ਇਤਿਹਾਸਕ ਘਟਨਾਵਾਂ ਦਾ ਵਰਣਨ ਕਰਦੇ ਸਮੇਂ ਲਿਖਾਰੀ ਦੇ ਆਪਣੇ ਜਜ਼ਬਾਤ ਅਤੇ ਪ੍ਰਚੱਲਤ ਹੋ ਚੁੱਕੀਆਂ ਮਨੌਤਾਂ, ਇੱਕ ਪ੍ਰਛਾਵੇਂ ਦੀ ਤਰ੍ਹਾਂ, ਉਸ ਦਾ ਪਿੱਛਾ ਕਰਦੀਆਂ ਰਹਿੰਦੀਆਂ ਹਨ ਅਤੇ, ਕਿਤੇ ਨਾ ਕਿਤੇ, ਇਤਿਹਾਸਕ ਘਟਨਾਵਾਂ ਨੂੰ ਆਪਣੇ ਹੀ ਰੰਗ ਵਿੱਚ ਰੰਗ ਕੇ ਪੇਸ਼ ਕਰਵਾ ਜਾਂਦੀਆਂ ਹਨ। ਇਹ ਮਨੁੱਖੀ ਫ਼ਿਤਰਤ ਦੀ ਸੁਭਾਵਕ ਕਿਰਿਆ ਹੀ ਹੈ।

ਗੁਰ-ਇਤਿਹਾਸ

ਸੰਨ ੧੪੬੯ ਵਿੱਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਅਰੰਭ ਹੋ ਕੇ ਅਕਤੂਬਰ ੧੭੦੮ ਵਿੱਚ ਦਸਮੇਸ਼ ਜੀ ਦੇ ਜੋਤੀ-ਜੋਤਿ ਸਮਾਉਣ ਤੱਕ ਦੇ ਸਮੇਂ ਦਾ ਗੁਰ-ਇਤਿਹਾਸ (ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਘਟਨਾਵਾਂ) ਸਿੱਖ ਕੌਮ ਦੇ ਇਤਿਹਾਸ ਦਾ ਕੇਂਦਰੀ ਧੁਰਾ ਹੈ ਕਿਉਂਕਿ ਗੁਰੂ ਸਾਹਿਬਾਨ ਨੇ, ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਵੱਲੋਂ ਅੰਕਿਤ ਕਰਵਾਏ, ਆਲਮਗੀਰੀ ਗੁਰਮਤਿ ਫ਼ਲਸਫ਼ੇ ਨੂੰ, ਅਮਲੀ ਤੌਰ 'ਤੇ ਜਿਊਂ ਕੇ ਦਰਸਾਇਆ ਹੈ। ਇਹ ਗੁਰਮਤਿ ਫ਼ਲਸਫ਼ਾ ਕਾਦਰ ਦੀ ਕੁਦਰਤਿ ਦੇ ਅਟੱਲ

ਨਿਯਮਾਂ, ਅਸੂਲਾਂ ਤੇ ਕਾਇਦੇ-ਕਾਨੂੰਨਾਂ 'ਤੇ ਆਧਾਰਤ ਇੱਕ ਨਿਵੇਕਲੀ, ਨਿਰਮਲ ਤੇ ਅਦੁੱਤੀ ਜੀਵਨ-ਜਾਚ ਹੈ - 'ਹੁਕਮਿ ਰਜਾਈ ਚਲਣ' ਵਾਲਾ ਗੁਰਮਤਿ-ਗਾਡੀਰਾਹ ਹੈ।

ਇਤਿਹਾਸ ਵਿੱਚ ਮਿਲਾਵਟ

ਇਤਿਹਾਸ 'ਚ ਮਿਲਾਵਟ, ਮੋਟੇ ਤੌਰ 'ਤੇ, ਹੇਠ ਲਿਖੇ ਦੋ ਕਾਰਨਾਂ ਕਰ ਕੇ ਹੁੰਦੀ ਹੈ -

(ੳ) **ਅਣਜਾਣੇ ਵਿੱਚ**- ਜੇਕਰ ਇਤਿਹਾਸ ਦਾ ਲਿਖਾਰੀ ਸੰਬੰਧਤ ਕੌਮ ਦੇ ਫ਼ਲਸਫ਼ੇ ਦੀ ਸਪੱਸ਼ਟਤਾ ਨਾ ਰਖਦਾ ਹੋਵੇ ਤਾਂ ਉਸ ਪਾਸੋਂ, ਅਣਜਾਣੇ ਵਿੱਚ ਹੀ, ਇਤਿਹਾਸ ਲਿਖਣ ਵੇਲੇ ਗ਼ਲਤੀਆਂ ਹੋ ਜਾਂਦੀਆਂ ਹਨ।

(ਅ) **ਜਾਣ-ਬੁੱਝ ਕੇ** - ਕਈ ਇਤਿਹਾਸਕਾਰ ਕਿਸੇ ਲਾਲਚ-ਵੱਸ ਹੋ ਕੇ ਜਾਂ ਬੇਈਮਾਨੀ ਕਰ ਕੇ, ਜਾਣ-ਬੁੱਝ ਕੇ, ਇਤਿਹਾਸ ਨੂੰ ਵਿਗਾੜਨ ਦਾ ਅਪ੍ਰਾਧ ਵੀ ਕਰ ਦੇਂਦੇ ਹਨ।

ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ 'ਚ ਮਿਲਾਵਟ ਵੀ ਉੱਪਰ ਲਿਖੇ ਦੋਨਾਂ ਕਾਰਨਾਂ ਕਰ ਕੇ ਹੁੰਦੀ ਰਹੀ ਹੈ। ਅਣਜਾਣੇ ਵਿੱਚ ਹੋਈ ਮਿਲਾਵਟ ਬਹੁਤੀ ਖ਼ਤਰਨਾਕ ਨਹੀਂ ਹੁੰਦੀ ਅਤੇ ਇਸ ਨੂੰ ਸੋਧ ਕੇ ਦਰੁੱਸਤ ਕਰ ਲੈਣ ਨਾਲ ਗੱਲ ਮੁੱਕ ਜਾਂਦੀ ਹੈ। ਪਰ, ਜਾਣ-ਬੁੱਝ ਕੇ ਕੀਤੀ ਮਿਲਾਵਟ ਬਹੁਤ ਹੀ ਕਮੀਨੀ ਅਤੇ ਖ਼ਤਰਨਾਕ ਸ਼੍ਰੇਣੀ ਵਿੱਚ ਆਉਂਦੀ ਹੈ। ਇਸ ਨੂੰ ਸੋਧ ਕੇ ਦਰੁੱਸਤ ਕਰਨ ਨਾਲ ਹੀ ਗੱਲ ਨਹੀਂ ਮੁਕਦੀ। ਇਸ ਦੀ ਬਹੁਤ ਹੀ ਬਰੀਕੀ ਨਾਲ ਛਾਣ-ਬੀਣ ਕਰ ਕੇ ਇਹ ਪਤਾ ਲਗਾਉਣਾ ਬਹੁਤ ਹੀ ਜ਼ਰੂਰੀ ਹੁੰਦਾ ਹੈ ਕਿ ਅਜਿਹੀ ਮਿਲਾਵਟ ਕਿਸ ਨੇ ਅਤੇ ਕਿਉਂ ਕੀਤੀ ਅਤੇ ਭਵਿੱਖ ਵਿੱਚ, ਮਿਲਾਵਟ ਕਰਨ ਵਾਲੀ ਧਿਰ ਨਾਲ ਕਿਵੇਂ ਨਿਪਟਣਾ ਹੈ, ਤਾਂ ਕਿ ਉਹ ਦੁਬਾਰਾ ਅਜਿਹੀ ਕਰਤੂਤ ਕਰ ਕੇ ਕੌਮ ਨੂੰ ਅਤੇ ਮਨੁੱਖੀ ਸਮਾਜ ਨੂੰ ਗੁਮਰਾਹ ਨਾ ਕਰ ਸਕੇ। ਹਥਲੀ ਪੁਸਤਕ, ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ ਦੀ ਲਿਖਤ ਵਜੋਂ ਜਾਣੀ ਜਾਂਦੀ, ਕਾਵਿ-ਰੂਪ ਵਿੱਚ ਲਿਖੀ, 'ਸ਼੍ਰੀ ਗੁਰ ਨਾਨਕ ਪ੍ਰਕਾਸ਼' (ਭਾਗ-1 ਤੇ ਭਾਗ-2) ਨੂੰ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਲੋਅ ਵਿੱਚ ਪਰਖਣ ਦਾ ਇੱਕ ਨਿੱਕਾ ਜਿਹਾ ਯਤਨ ਹੈ, ਜਿਸ ਦਾ ਉਦੇਸ਼, 'ਗੁਰ ਨਾਨਕ ਪ੍ਰਕਾਸ਼' ਵਿੱਚ ਹੋ ਚੁੱਕੀ ਮਿਲਾਵਟ ਦੀ ਨਿਸ਼ਾਨਦੇਹੀ ਕਰ ਕੇ ਜਿੱਥੇ ਕੌਮ ਦੇ ਪ੍ਰਚਾਰਕਾਂ ਨੂੰ ਸੁਚੇਤ ਕਰਨਾ ਹੈ, ਉੱਥੇ ਸਮੁੱਚੀ ਕੌਮ ਨੂੰ ਵੀ ਸਾਵਧਾਨ ਹੋ ਕੇ ਆਪਣੇ ਸ਼ਾਨਾਂ-ਮੱਤੇ ਕੌਮੀ ਵਿਰਸੇ ਦੀ ਸੰਭਾਲ ਕਰਨ ਹਿਤ ਬਣਦਾ ਯੋਗਦਾਨ ਪਾਉਂਣ ਲਈ ਬੇਨਤੀ ਕਰਨਾ ਹੈ।

ਪੁਸਤਕ ਦੀ ਸਮੱਗਰੀ ਦਾ ਹਵਾਲਾ

ਇਸ ਪੁਸਤਕ ਦੀ ਵਿਸ਼ਾ-ਵਸਤੂ, ਸਿੱਖ ਕੌਮ ਦੇ ਪ੍ਰਸਿੱਧ ਬਜ਼ੁਰਗ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਤ ਅਤੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ. ਪ੍ਰ. ਕਮੇਟੀ) ਵੱਲੋਂ ਪ੍ਰਕਾਸ਼ਤ, ਪੁਸਤਕ 'ਸ਼੍ਰੀ ਗੁਰ ਨਾਨਕ ਪ੍ਰਕਾਸ਼' (ਕ੍ਰਿਤ: ਕਵਿ ਚੂੜਾਮਣਿ ਭਾਈ ਸੰਤੋਖ ਸਿੰਘ) 'ਤੇ ਆਧਾਰਤ ਹੈ। ਡਾ. ਕਿਰਪਾਲ ਸਿੰਘ ਇੱਕ ਉੱਘੇ ਇਤਿਹਾਸਕਾਰ ਹੋਣ ਦੇ ਨਾਲ-ਨਾਲ, ਬਹੁ-ਭਾਸ਼ਾਈ ਵਿਦਵਾਨ ਵੀ ਹਨ। ਬ੍ਰਿਜ-ਭਾਸ਼ਾ ਵਿੱਚ ਲਿਖੀ 'ਸ਼੍ਰੀ

ਗੁਰ ਨਾਨਕ ਪ੍ਰਕਾਸ਼' ਪੁਸਤਕ-ਲੜੀ ਦੇ ਅਰਥ ਵੀ ਉਹੀ ਲਏ ਗਏ ਹਨ ਜੋ ਡਾ. ਕਿਰਪਾਲ ਸਿੰਘ ਜੀ ਨੇ ਕੀਤੇ ਹਨ।

ਡਾ. ਕਿਰਪਾਲ ਸਿੰਘ ਜੀ ਨੇ ਬਹੁਤ ਮਿਹਨਤ ਕਰ ਕੇ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸੂਰਜ-ਪ੍ਰਕਾਸ਼ ਪੁਸਤਕ-ਲੜੀ ਦੀ ਸੰਪਾਦਨਾ ਕੀਤੀ ਹੈ ਅਤੇ ਜਿੱਥੇ-ਜਿੱਥੇ ਉਨ੍ਹਾਂ ਨੇ, ਲੋੜ ਮਹਿਸੂਸ ਕੀਤੀ, ਆਪਣੀਆਂ ਕੀਮਤੀ ਸੰਪਾਦਕੀ ਟਿੱਪਣੀਆਂ ਅਤੇ ਫੁੱਟ-ਨੋਟ ਦਰਜ ਕਰ ਕੇ, ਇਸ ਪੁਸਤਕ-ਲੜੀ ਵਿੱਚ ਅੰਕਿਤ ਹੋ ਚੁੱਕੀਆਂ ਗੁਰਮਤਿ-ਵਿਰੋਧੀ ਗੱਲਾਂ ਨੂੰ ਸਪੱਸ਼ਟ ਕਰਨ ਦੇ ਸ਼ਲਾਘਾਯੋਗ ਯਤਨ ਕੀਤੇ ਹਨ। ਪਰ, ਕੁੱਝ ਕੁ ਬਹੁਤ ਹੀ ਅਹਿਮ ਪੱਖ, ਅਜੇ ਵੀ ਸਪੱਸ਼ਟ ਹੋਣੋਂ ਰਹਿ ਗਏ ਹਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਅਟੱਲ ਗੁਰਮਤਿ ਸਿਧਾਂਤਾਂ ਦੀ ਲੋਅ ਵਿੱਚ ਪਰਖ ਕੇ, ਸਪੱਸ਼ਟ ਕਰਨਾ ਕੌਮ ਦੇ ਭਵਿੱਖ ਲਈ ਹੀ ਨਹੀਂ ਬਲਕਿ ਸਮੁੱਚੇ ਮਨੁੱਖੀ ਸਮਾਜ ਦੇ ਭਵਿੱਖ ਲਈ ਨਿਹਾਇਤ ਹੀ ਜ਼ਰੂਰੀ ਲਗਦਾ ਹੈ। ਇਸੇ ਦਿਸ਼ਾ ਵੱਲ ਹੀ ਦਾਸਰੇ ਨੇ ਵੀ, ਸਤਿਗੁਰਾਂ ਵੱਲੋਂ ਬਖ਼ਸ਼ਿਸ਼ ਕੀਤੀ ਸੋਝੀ ਅਨੁਸਾਰ, ਪਰਮੇਸ਼ਰ ਦੇ ਚਰਨ-ਕੰਵਲਾਂ ਦੇ ਓਟ-ਆਸਰੇ, ਨਿਗੁਣਾ ਜਿਹਾ ਯੋਗਦਾਨ ਪਾਉਣ ਦਾ ਉੱਦਮ ਕੀਤਾ ਹੈ। ਦਾਸਰੇ ਦੇ ਇਸ ਉਪਰਾਲੇ ਨੂੰ ਡਾ. ਕਿਰਪਾਲ ਸਿੰਘ ਜੀ ਦੇ ਵਡੇਰੇ ਯੋਗਦਾਨ ਦੇ ਇੱਕ ਨਿੱਕੇ ਜਿਹੇ ਪੂਰਕ-ਕਰਮ ਵਜੋਂ ਹੀ ਲਿਆ ਜਾਣਾ ਯੋਗ ਹੋਵੇਗਾ। ਸੱਚੇ ਦਿਲੋਂ ਅਰਜ਼ੋਈ ਹੈ ਕਿ ਗੁਰਮਤਿ ਫ਼ਲਸਫ਼ੇ ਦੀ ਵਧੇਰੇ ਸਪੱਸ਼ਟਤਾ ਰੱਖਣ ਵਾਲੇ ਪੰਥਕ ਵਿਦਵਾਨ ਇਸ ਕੌਮੀ ਕਾਰਜ ਨੂੰ ਹੋਰ ਵੀ ਨਿਖਾਰ ਕੇ ਪੇਸ਼ ਕਰਨ ਲਈ ਅੱਗੇ ਆਉਂਣ ਤਾ ਕਿ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦੀ ਅਸਲੀਅਤ ਦੇ ਨੇੜੇ ਤੱਕ ਪਹੁੰਚਿਆ ਜਾ ਸਕੇ ਅਤੇ ਗੁਰ-ਇਤਿਹਾਸ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕੀਤਾ ਜਾ ਸਕੇ। **ਗੁਰ-ਇਤਿਹਾਸ ਸਿੱਖ ਕੌਮ ਦਾ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦਾ ਹੀ ਇਕ ਅਮੋਲਕ ਵਿਰਸਾ ਹੈ। ਇਸ ਲਈ ਇਸ ਨੂੰ ਸ਼ੁੱਧ ਰੂਪ ਵਿੱਚ ਸੰਭਾਲ ਕੇ ਰੱਖਣਾ ਬਹੁਤ ਹੀ ਜ਼ਰੂਰੀ ਹੈ, ਤਾਕਿ ਸਮੁੱਚਾ ਸੰਸਾਰ ਇਸ ਤੋਂ ਪ੍ਰੇਰਣਾ ਲੈ ਕੇ ਵਿਸ਼ਵ-ਪੱਧਰੀ ਚੰਗੇ ਸਮਾਜ ਦੀ ਸਿਰਜਨਾ ਕਰਨ ਲਈ ਯਤਨਸ਼ੀਲ ਰਹੇ।** ਇਹ ਹਕੀਕਤ ਵੀ ਧਿਆਨ 'ਚ ਰੱਖਣ ਵਾਲੀ ਹੈ ਕਿ ਗੁਰੂ ਅਤੇ ਪਰਮੇਸ਼ਰ ਤੋਂ ਸਿਵਾਏ ਹੋਰ ਸਾਰੇ ਹੀ (ਪੈਗ਼ੰਬਰ, ਮਸੀਹੇ, ਆਲਮ-ਫ਼ਾਜ਼ਲ, ਰੱਬ ਦੇ ਅਖੌਤੀ ਅਵਤਾਰ, ਪਰਮ-ਸੰਤ, 'ਮਹਾਂ-ਪੁਰਖ', 'ਬ੍ਰਹਮ-ਗਿਆਨੀ', 'ਸੰਪੂਰਨ ਬ੍ਰਹਮ-ਗਿਆਨੀ', 'ਸ੍ਰੀਮਾਨ ੧੦੮', 'ਸ੍ਰੀਮਾਨ ੧੦੦੮', 'ਪਰਮ-ਹੰਸ', 'ਪਹੁੰਚੇ ਹੋਏ ਮਹਾਂ-ਪੁਰਖ', 'ਸਾਧੂ-ਮਹਾਤਮਾ' ਆਦਿ), ਭੁੱਲਣਹਾਰ ਹਨ-

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ (ਮ.੧, ੬੧)

ਭਾਵ: ਪ੍ਰਭੂ-ਪਿਤਾ ਦੀ ਸਾਜੀ ਕੁਦਰਤਿ (ਸ੍ਰਿਸ਼ਟੀ) ਵਿੱਚ, ਗੁਰੂ ਅਤੇ ਕਰਤਾਰ ਦੇ ਸਿਵਾਏ, ਸਭ ਕੋਈ ਹੀ ਭੁੱਲਣਹਾਰ ਹੈ। ਭਾਵ ਕਿ, ਸਭ ਕੋਈ ਗ਼ਲਤੀਆਂ ਕਰ ਸਕਦਾ ਹੈ।

ਭਾਈ ਸੰਤੋਖ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ

"ਕਵੀ ਸੰਤੋਖ ਸਿੰਘ ਦਾ ਜਨਮ 'ਨੂਰ ਦੀ ਸਰਾਂ' ਤਹਿਸੀਲ ਤਰਨ-ਤਾਰਨ, ਜ਼ਿਲ੍ਹਾ

ਅੰਮ੍ਰਿਤਸਰ ਵਿੱਚ, ੧੮੪੫ ਬਿਕਰਮੀ ਅਥਵਾ ੧੭੮੮ ਈਸਵੀ ਵਿੱਚ ਪਿਤਾ ਭਾਈ ਦੇਵਾ ਸਿੰਘ ਤੇ ਮਾਤਾ ਰਾਜ ਦੇਈ ਦੇ ਘਰ ਹੋਇਆ। **ਭਾਈ ਦੇਵਾ ਸਿੰਘ ਗੁਰਬਾਣੀ ਦੇ ਰਸੀਏ ਸਨ ਅਤੇ ਵੇਦਾਂਤ ਵਿੱਚ ਦਿਲਚਸਪੀ ਰਖਦੇ ਸਨ।** ਦੇਵਾ ਸਿੰਘ ਦੇ ਇੱਕ ਭਰਾ, ਭਾਈ ਰਾਮ ਸਿੰਘ ਅੰਮ੍ਰਿਤਸਰ ਦੇ 'ਕਟੜਾ ਨਿਹਾਲ ਸਿੰਘ' ਵਿੱਚ ਰਹਿੰਦੇ ਸਨ। ਇਥੇ ਸੰਤੋਖ ਸਿੰਘ ਪਹਿਲਾਂ ਰਿਹਾ ਕਰਦੇ ਸਨ। ਇਸ ਤੋਂ ਪਿੱਛੋਂ ਉਹ ਆਪਣੇ ਵਿਦਿਆ-ਦਾਤੇ, ਭਾਈ ਸੰਤ ਸਿੰਘ ਗਿਆਨੀ ਦੇ ਬੁੰਗੇ ਠਹਿਰਦੇ ਸਨ, ਜਿਸ ਦਾ ਨਾਂ 'ਬੁੰਗਾ ਗਿਆਨੀਆਂ' ਸੀ। ੧੯੬੪ ਤੋਂ ਪਿੱਛੋਂ ਇਹ ਬੁੰਗਾ ਢਾਹ ਦਿੱਤਾ ਗਿਆ ਹੈ। ਭਾਈ ਸੰਤੋਖ ਸਿੰਘ ਨੇ ਵਿੱਦਿਆ, ਗਿਆਨੀ ਸੰਤ ਸਿੰਘ ਕੋਲੋਂ ਪ੍ਰਾਪਤ ਕੀਤੀ, ਜਿਵੇਂ ਕਿ ਉਹ ਨਾਨਕ ਪ੍ਰਕਾਸ਼ ਦੇ ਅੰਤ ਵਿੱਚ ਲਿਖਦੇ ਹਨ -

ਸ੍ਰੀ ਮਤਿ ਸਿਮਰਨ ਗਤਿ ਗੁਰੂ ਸੰਤ ਸਿੰਘ ਸ਼ੁਭ ਨਾਮ।
ਬਿੱਦਿਆ ਜਿਨ ਤੇ ਮੈਂ ਪੜ੍ਹੀ ਤਿਨ ਪਦ ਕਰੌਂ ਪ੍ਰਨਾਮ।

(ਅੰਕ ੧੦੧, ਅਧਿਆਇ ੫੭, ਉਤਰਾਰਧ)

ਗਿਆਨੀ ਸੰਤ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਸੰਸਕ੍ਰਿਤ ਅਤੇ ਬ੍ਰਿਜ-ਭਾਸ਼ਾ ਵਿੱਚ ਨਿਪੁੰਨ ਕਰ ਦਿੱਤਾ। ਭਾਈ ਸੰਤੋਖ ਸਿੰਘ ਨੇ 'ਬਾਲਮੀਕੀ ਰਮਾਇਣ' ਅਤੇ 'ਆਤਮ ਪੁਰਾਣ' ਦਾ ਟੀਕਾ ਕੀਤਾ ਅਤੇ 'ਅਮਰ ਕੋਸ਼' ਲਿਖਿਆ।...... ਸਿੱਖਾਂ ਦਾ, ਸਰਹਿੰਦ 'ਤੇ ਆਖਰੀ ਹਮਲਾ ੧੭੬੪ ਈ. ਦੇ ਅਰੰਭ ਵਿੱਚ ਹੋਇਆ। ਇਸ ਹਮਲੇ ਵਿੱਚ ਅਹਿਮਦਸ਼ਾਹ ਅਬਦਾਲੀ ਦਾ ਨਿਯੁਕਤ ਕੀਤਾ ਗਵਰਨਰ, ਜੈਨ ਖ਼ਾਂ ਮਾਰਿਆ ਗਿਆ। ਸਰਹਿੰਦ ਸ਼ਹਿਰ ਉੱਜੜ ਗਿਆ। ਸਰਹਿੰਦ ਦੇ ਇਲਾਕੇ ਸਿੱਖ-ਮਿਸਲਦਾਰਾਂ ਨੇ ਆਪੋ-ਵਿੱਚ ਵੰਡ ਲਏ। ਇਨ੍ਹਾਂ ਸਮਿਆਂ ਵਿੱਚ ਹੀ, ਜਮਨਾ ਦੇ ਕੰਢੇ 'ਤੇ ਬੂੜੀਆ ਰਿਆਸਤ ਦਾ ਮੁੱਢ ਬੱਝਾ। ਬੂੜੀਆ ਨਗਰ ਜਗਾਧਰੀ ਰੇਲਵੇ-ਸਟੇਸ਼ਨ ਤੋਂ ਪੰਜ ਮੀਲ ਪੂਰਬ ਵੱਲ ਹੈ।.... ੧੭੬੪ ਈਸਵੀ ਵਿੱਚ ਸਰਹਿੰਦ ਜਿੱਤਣ ਤੋਂ ਪਿੱਛੋਂ ਝਬਾਲ (ਤਹਿਸੀਲ ਤਰਨ-ਤਾਰਨ, ਜ਼ਿਲ੍ਹਾ ਅੰਮ੍ਰਿਤਸਰ) ਦੇ ਸਰਦਾਰ ਨਾਨੂੰ ਸਿੰਘ ਨੇ ਬੂੜੀਏ ਰਿਆਸਤ ਦੀ ਨੀਂਹ ਰੱਖੀ। ਇਹ 'ਭੰਗੀ ਮਿਸਲ' ਵਿੱਚੋਂ ਸੀ। ਨਾਨੂੰ ਸਿੰਘ ਔਰੰਗਾਬਾਦ ਦੇ ਪਠਾਣਾਂ ਹੱਥੋਂ ਮਾਰਿਆ ਗਿਆ। ਉਸ ਤੋਂ ਪਿੱਛੋਂ ਭਾਗ ਸਿੰਘ ਨੇ ਪਠਾਣਾਂ ਨੂੰ ਹਰਾ ਕੇ ਉਨ੍ਹਾਂ ਦੇ ਪਿੰਡ ਜਿੱਤ ਲਏ। ੧੭੮੫ ਵਿੱਚ ਭਾਗ ਸਿੰਘ ਦੇ ਦਿਹਾਂਤ ਪਿੱਛੋਂ ਉਸ ਦਾ ਪੁੱਤਰ ਸ਼ੇਰ ਸਿੰਘ ਬੂੜੀਏ ਦਾ ਮਾਲਕ ਬਣਿਆ। ਸ਼ੇਰ ਸਿੰਘ ੧੮੦੪ ਵਿੱਚ ਮਾਰਿਆ ਗਿਆ। ਉਸ ਤੋਂ ਪਿੱਛੋਂ ਗੁਲਾਬ ਸਿੰਘ, ਬੂੜੀਏ ਦਾ ਸਰਦਾਰ ਬਣਿਆ। ਨਾਨੂੰ ਸਿੰਘ ਜੋ ਬੂੜੀਆ ਰਿਆਸਤ ਦਾ ਬਾਨੀ ਸੀ, ਦਾ ਇੱਕ ਸਾਥੀ, ਰਾਏ ਸਿੰਘ ਸੀ, ਜਿਸ ਦੇ ਹਿੱਸੇ ੮੪ ਪਿੰਡ ਦਇਆਲਗੜ੍ਹ ਅਤੇ ਜਗਾਧਰੀ ਸਣੇ ਆਏ। ਇਸ ਦੀ ਰਾਜਧਾਨੀ ਦਇਆਲਗੜ੍ਹ ਸੀ। ਰਾਏ ਸਿੰਘ ਪਿੱਛੋਂ ਉਸ ਦਾ ਪੁੱਤਰ ਭਗਵਾਨ ਸਿੰਘ ਦਇਆਲਗੜ੍ਹ ਦਾ ਸਰਦਾਰ ਬਣਿਆ। ਰਾਏ ਸਿੰਘ ਦਾ ਇੱਕ ਜੋਧਾ ਜਰਨੈਲ, ਦਇਆਲ ਸਿੰਘ ਸੀ, ਜੋ ਅੰਮ੍ਰਿਤ ਛਕਣ ਤੋਂ ਪਹਿਲਾਂ ਭਾਈ ਸੰਤੋਖ ਸਿੰਘ, ਕਰਤਾ ਨਾਨਕ ਪ੍ਰਕਾਸ਼, ਦੀ ਬਰਾਦਰੀ ਦਾ ਹੀ ਸੀ। ਭਾਈ ਦੇਵਾ ਸਿੰਘ, ਜੋ ਭਾਈ ਸੰਤੋਖ ਸਿੰਘ ਜੀ ਦੇ ਪਿਤਾ ਸਨ, ਨਾਲ ਇਸ ਦੇ ਚੰਗੇ

ਸੰਬੰਧ ਸਨ। ਸੋ, ਉਹ ਭਾਈ ਸੰਤੋਖ ਸਿੰਘ ਨੂੰ ਦਇਆਲਗੜ੍ਹ ਲੈ ਆਇਆ, ਜੋ ਬੂੜੀਆ ਦੇ ਨਾਲ ਹੀ ਲਗਦਾ ਹੈ। ਕੁੱਝ ਸਮਾਂ ਇਥੇ ਰਹਿ ਕੇ, ਭਾਈ ਸੰਤੋਖ ਸਿੰਘ ਬੂੜੀਆ ਆ ਗਏ। ਭਾਈ ਸੰਤੋਖ ਸਿੰਘ ਨੇ ਬੂੜੀਆ ਅਸਥਾਨ 'ਤੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਿਆ ਤੇ ਇਥੇ ਹੀ ਸਮਾਪਤ ਕੀਤਾ" (ਡਾ. ਕਿਰਪਾਲ ਸਿੰਘ:ਸ੍ਰੀ ਗੁਰ ਨਾਨਕ ਪ੍ਰਕਾਸ਼ ਸਫ਼ੇ ੧੪-੧੫)।

"ਦੇਵਾ ਸਿੰਘ ਦੇ ਬਜ਼ੁਰਗ ਛੀਂਬਾ ਜਾਤਿ ਤੋਂ ਖ਼ਾਲਸਾ ਧਰਮ ਵਿੱਚ ਆਏ ਸਨ। **ਭਾਈ ਦੇਵਾ ਸਿੰਘ ਬੂੜੀਆ (ਜ਼ਿਲ੍ਹਾ ਅੰਬਾਲਾ) ਨਿਵਾਸੀ, ਸਤਿਸੰਗੀ ਪੁਰਖ ਸਨ। ਇਹ ਸੰਤ ਕਰਮ ਸਿੰਘ ਨਿਰਮਲੇ ਦੀ ਸੰਗਤਿ ਕਰ ਕੇ ਵੇਦਾਂਤ ਅਤੇ ਗੁਰਬਾਣੀ ਦੇ ਗਯਾਤਾ ਹੋਏ।** ਵਿੱਦਿਆ ਦੀ ਰੁਚੀ ਇਨ੍ਹਾਂ ਨੂੰ ਪ੍ਰੇਰ ਕੇ ਸ੍ਰੀ ਅੰਮ੍ਰਿਤਸਰ ਜੀ ਲੈ ਆਈ। ਉਸੇ ਥਾਂ ਇਨ੍ਹਾਂ ਦੇ ਘਰ ਭਾਈ ਸੰਤੋਖ ਸਿੰਘ ਜੀ ਦਾ ਜਨਮ ਸੰਮਤ ੧੮੪੫ ਵਿੱਚ ਹੋਇਆ ।..... ਭਾਈ ਸੰਤੋਖ ਸਿੰਘ ਜੀ ਕਾਵਯ ਦੇ ਪੂਰਨ ਪੰਡਿਤ ਅਤੇ ਕਵਿਤਾ ਰਚਣ ਦੀ ਅਲੌਕਿਕ ਸ਼ਕਤਿ ਰਖਦੇ ਸਨ। ਆਪ ਨੇ ਬੂੜੀਏ ਵਿੱਚ ਰਹਿ ਕੇ 'ਅਮਰ ਕੋਸ਼' ਦਾ ਉਲਥਾ ਕੀਤਾ ਅਤੇ ਸੰਮਤ ੧੮੮੦ ਵਿੱਚ 'ਗੁਰ ਨਾਨਕ ਪ੍ਰਕਾਸ਼' ਪੁਸਤਕ ਰਚਿਆ। ਇਸ ਤੋਂ ਪਿੱਛੋਂ ਇਹ ਮਹਾਰਾਜਾ ਕਰਮ ਸਿੰਘ ਜੀ ਪਾਸ ਪਟਿਆਲੇ ਜਾ ਨੌਕਰ ਹੋਏ। ਸੰਮਤ ੧੮੮੨ ਵਿੱਚ ਕੈਥਲਪਤਿ ਭਾਈ ਉਦਯ ਸਿੰਘ ਜੀ ਨੇ ਇਨ੍ਹਾਂ ਨੂੰ ਮਹਾਰਾਜਾ ਪਟਿਆਲਾ ਤੋਂ ਮੰਗ ਕੇ ਲੈ ਲਿਆ ਅਤੇ ਬੜੇ ਸਨਮਾਨ ਨਾਲ ਅਪਣੇ ਪਾਸ ਰੱਖਿਆ। **ਕੈਥਲ ਵਿੱਚ ਰਹਿ ਕੇ ਭਾਈ ਸਾਹਿਬ ਨੇ ਸੰਮਤ ੧੮੮੬ ਵਿੱਚ ਜਪੁ ਜੀ ਦਾ ਟੀਕਾ 'ਗਰਬ-ਗੰਜਨੀ' ਰਚਿਆ ਅਤੇ ਭਾਈ ਉਦਯ ਸਿੰਘ ਜੀ ਦੇ ਨੌਕਰ ਪੰਡਿਤਾਂ ਦੀ ਸਹਾਇਤਾ ਨਾਲ ਕਵੀ ਜੀ ਨੇ ਬਹੁਤ ਪੁਸਤਕ ਹਿੰਦੀ ਰਲੀ-ਮਿਲੀ, ਪੰਜਾਬੀ ਭਾਸ਼ਾ ਵਿੱਚ ਬਣਾਏ ਅਤੇ ਨੌ ਸਤਿਗੁਰਾਂ ਦੀ ਪਵਿੱਤ੍ਰ ਜੀਵਨ ਕਥਾ 'ਗੁਰਪ੍ਰਤਾਪ ਸੂਰਯ" ਨਾਮਕ ਗ੍ਰੰਥ ਵਿੱਚ ਲਿਖੀ, ਜੋ ਸੰਮਤ ੧੯੦੦ ਦੇ ਅੰਤ ਵਿਚ ਸਮਾਪਤ ਹੋਇਆ। ਇਸੇ ਸਾਲ ਭਾਈ ਸੰਤੋਖ ਸਿੰਘ ਜੀ ਕੈਥਲ ਵਿੱਚ ਗੁਰਪੁਰਿ ਪਧਾਰੇ।**----- ਭਾਈ ਸਾਹਿਬ ਨੂੰ ਗੁਰਮਤਿ ਵਿੱਚ ਪੂਰੀ ਸ਼ਰਧਾ ਅਤੇ ਪ੍ਰੇਮ ਸੀ, ਪਰ **ਪੰਡਿਤਾਂ ਦੀ ਸੰਗਤਿ ਅਤੇ ਪ੍ਰੇਰਣਾ ਦੁਆਰਾ ਕਿ, "ਜੇ ਆਪ ਗੁਰੂਆਂ ਦੀ ਕਥਾ ਨੂੰ ਪੁਰਾਣ-ਰੀਤੀ ਅਨੁਸਾਰ ਅਵਤਾਰਾਂ ਜੇਹੀ ਲਿਖੋਗੇ ਅਤੇ ਸ਼ਾਸਤਰਾਂ (ਬ੍ਰਾਹਮਣੀ ਧਾਰਮਕ ਗ੍ਰੰਥਾਂ) ਤੋਂ ਵਿਰੁਧ ਆਪ ਦੇ ਪੁਸਤਕ ਨਹੀਂ ਹੋਣਗੇ, ਤਾਂ ਉਨ੍ਹਾਂ ਦਾ ਬਹੁਤ ਪ੍ਰਚਾਰ ਹੋਊ ਅਤੇ ਸਭ ਆਪ ਦੀ ਰਚਨਾ ਨੂੰ ਆਦਰ ਨਾਲ ਪੜ੍ਹਨਗੇ"**, ਕਈ ਥਾਂਈਂ ਟਪਲਾ ਖਾ ਗਏ ਹਨ। (ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ ੨੪੪)।

'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਗੁਰਮਤਿ-ਵਿਰੋਧੀ ਸਮੱਗਰੀ ਕਿਵੇਂ ਸ਼ਾਮਿਲ ਹੋ ਗਈ ?

ਇਸ ਸਵਾਲ ਦਾ ਅੰਸ਼ਕ ਉੱਤਰ, ਉੱਪਰ ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਹਵਾਲੇ ਵਿੱਚ ਆ ਚੁੱਕਾ ਹੈ ਯਾਨੀ ਕਿ, ਇਸ ਗੁਰਮਤਿ-ਵਿਰੋਧੀ ਕੁ-ਕਰਮ ਦੀ ਪ੍ਰੇਰਨਾ ਭਾਈ ਸੰਤੋਖ ਸਿੰਘ ਨੂੰ ਕੈਥਲਪਤਿ ਭਾਈ ਉਦਯ ਸਿੰਘ ਦੇ ਨੌਕਰ ਪੰਡਿਤਾਂ ਵੱਲੋਂ ਮਿਲੀ ਕਿਉਂਕਿ ਇਹ ਪੰਡਿਤ ਭਾਈ ਸੰਤੋਖ ਸਿੰਘ ਦੀ, ਲਿਖਾ-ਪੜ੍ਹੀ ਦੇ ਕੰਮ ਵਿੱਚ, ਨਿੱਜੀ ਤੌਰ

'ਤੇ ਸਹਾਇਤਾ ਕਰ ਰਹੇ ਸਨ। **ਦੂਜਾ ਕਾਰਨ** ਹੈ ਕਿ ਭਾਈ ਸੰਤੋਖ ਸਿੰਘ ਜੀ, ਖ਼ੁਦ ਵੀ, ਬਿੱਪਰਵਾਦੀ (ਨਿਰਮਲਾ) ਵਿਚਾਰਧਾਰਾ ਤੋਂ ਡੂੰਘੇ ਤੌਰ 'ਤੇ ਪ੍ਰਭਾਵਤ ਸਨ। **ਤੀਜਾ ਕਾਰਨ** ਇਹ ਨਜ਼ਰੀਂ ਪੈ ਰਿਹਾ ਹੈ ਕਿ ਭਾਈ ਸੰਤੋਖ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ੇ ਬਾਰੇ ਪੂਰਨ ਤੌਰ 'ਤੇ ਸਪੱਸ਼ਟਤਾ ਨਹੀਂ ਰਖਦੇ ਸਨ। **ਚੌਥਾ ਅਤੇ ਬਹੁਤ ਹੀ ਮਹੱਤਵ-ਪੂਰਨ** ਕਾਰਨ ਇਹ ਹੋ ਸਕਦਾ ਹੈ ਕਿ ਭਾਈ ਸੰਤੋਖ ਸਿੰਘ ਨੂੰ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਸੰਪੂਰਨ ਕਰ ਕੇ, ਇਸ ਦੀ ਪਰੂਫ਼-ਰੀਡਿੰਗ ਕਰ ਕੇ ਸੁਧਾਈ ਕਰਨ ਦਾ ਮੌਕਾ ਨਹੀਂ ਮਿਲਿਆ, ਕਿਉਂਕਿ ਇਹੰ ਮਹਾਂ-ਕਾਵਿ ਦੀ ਪੁਸਤਕ-ਲੜੀ ਮੁਕੰਮਲ ਕਰਨ ਤੋਂ ਕੁੱਝ ਅਰਸੇ ਬਾਅਦ ਹੀ ਉਹ ਅਕਾਲ ਚਲਾਣਾ ਕਰ ਗਏ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ, **ਉਨ੍ਹਾਂ ਦੇ ਸਹਾਇਕ ਗੁਰਮਤਿ-ਵਿਰੋਧੀ ਸ਼ਾਤਰ ਬ੍ਰਾਹਮਣਾਂ ਨੇ ਆਪਣੀ ਮਨ-ਮਰਜ਼ੀ ਕਰ ਕੇ, ਥਾਂ-ਪੁਰ-ਥਾਂ, ਗੁਰਮਤਿ-ਵਿਰੋਧੀ ਸਮੱਗਰੀ ਇਸ ਕਾਵਿ-ਲੜੀ ਵਿੱਚ ਦਰਜ ਕਰ ਦਿੱਤੀ।** ਇਥੇ ਸੁਭਾਵਕ ਹੀ ਸਵਾਲ ਪੈਦਾ ਹੁੰਦਾ ਹੈ ਕਿ ਆਖ਼ਿਰ ਉਨ੍ਹਾਂ ਬ੍ਰਾਹਮਣਾਂ ਨੂੰ ਅਜਿਹਾ ਕੁ-ਕਰਮ ਕਰਨ ਦੀ ਕੀ ਲੋੜ ਸੀ? ਇਸ ਸਵਾਲ ਦਾ 'ਜੁਆਬ' ਇਹ ਹੈ ਕਿ 'ਆਪੂੰ ਹੀ ਦੇਵਤਾ ਬਣਿਆ ਬ੍ਰਾਹਮਣ' ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਸਰਬੱਤ ਦੇ ਭਲੇ ਦੇ ਜ਼ਾਮਨ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੀ ਗੱਲ ਕਰਨ ਵਾਲੇ, ਊਚ-ਨੀਚ, ਜਾਤ-ਪਾਤ, ਕਰਮ-ਕਾਂਡਾਂ, ਮੂਰਤੀ-ਪੂਜਾ, ਵਹਿਮ-ਭਰਮ, ਸੁੱਚ-ਭਿੱਟ ਅਤੇ ਅਵਤਾਰਵਾਦ ਆਦਿ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਕੱਟ ਦਲੀਲਾਂ ਦੇ ਆਧਾਰ 'ਤੇ ਰੱਦ ਕਰਨ ਵਾਲੇ ਆਲਮਗੀਰੀ ਗੁਰਮਤਿ ਫ਼ਲਸਫ਼ੇ ਦਾ ਸਭ ਤੋਂ ਵੱਡਾ ਦੁਸ਼ਮਣ ਬਣਿਆ ਆ ਰਿਹਾ ਹੈ, ਕਿਉਂਕਿ **ਇਸ ਫ਼ਲਸਫ਼ੇ ਨੇ 'ਬ੍ਰਾਹਮਣ ਦੇਵਤਾ' ਦੀ 'ਜਗਤ-ਗੁਰੂ' ਦੀ ਨਕਲੀ ਪਦਵੀ, ਸਮਾਜਕ ਸਰਬ-ਉੱਚਤਾ ਤੇ ਰੁਹਬ ਨੂੰ ਚਣੌਤੀ ਦੇ ਕੇ ਇਸ ਪ੍ਰਜੀਵੀ-ਸ਼੍ਰੇਣੀ ਦੇ ਰੋਜ਼ੀ-ਰੋਟੀ ਦੇ ਸਾਧਨਾਂ ਅਤੇ ਵਕਾਰ 'ਤੇ ਕਰਾਰੀ ਸੱਟ ਮਾਰੀ ਸੀ।**

ਬ੍ਰਾਹਮਣ ਗੁਰੂ ?

ਮਨੂੰ ਸਿਮ੍ਰਤੀ ਅਨੁਸਾਰ ਬ੍ਰਾਹਮਣ ਵੱਡਾ ਦੇਵਤਾ ਹੁੰਦਾ ਹੈ। ਮਨੂੰਵਾਦੀ ਜਨੇਊ ਧਾਰਨ ਕਰਨ ਦੀ ਰਸਮ ਅਨੁਸਾਰ ਬ੍ਰਾਹਮਣ ਜਨੇਊ ਧਾਰਨ ਵਾਲੇ ਵਿਅਕਤੀ ਦਾ 'ਗੁਰੂ' ਬਣ ਜਾਂਦਾ ਹੈ, ਜਿਸ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿੱਚ ਇੰਜ ਕੀਤਾ ਹੈ :

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥(ਮ:੧, ੪੭੧)

ਭਾਵ : ਹੇ ਪੰਡਿਤ! ਇਹ ਜਨੇਊ ਜੋ ਤੂੰ ਪਾਂਦਾ ਫਿਰਦਾ ਹੈਂ, ਇਹ ਤਾਂ ਚਾਰ ਕੌਡਾਂ ਮੁੱਲ ਦੇ ਕੇ ਮੰਗਵਾ ਲਿਆ (ਆਪਣੇ ਜਜਮਾਨ ਦੇ) ਚੌਕੇ ਵਿੱਚ ਬੈਠ ਕੇ (ਉਸ ਦੇ ਗੱਲ) ਪਾ ਦਿੱਤਾ, (ਫੇਰ ਤੂੰ ਉਸ ਦੇ) ਕੰਨ ਵਿੱਚ ਉਪਦੇਸ਼ ਦਿੱਤਾ (ਕਿ ਅੱਜ ਤੋਂ) ਤੇਰਾ ਗੁਰੂ ਬ੍ਰਾਹਮਣ ਹੋ ਗਿਆ।

ਭਾਈ ਸੰਤੋਖ ਸਿੰਘ ਅਤੇ ਭਾਈ ਬਾਲੇ ਦੀ ਜਨਮ-ਸਾਖੀ

"ਭਾਈ ਬਾਲੇ ਵਾਲੀ ਜਨਮ-ਸਾਖੀ ਦੇ ਅਰੰਭ ਵਿੱਚ ਲਿਖਿਆ ਹੈ ਕਿ ਭਾਈ ਬਾਲੇ ਵਾਲੀ ਜਨਮ-ਸਾਖੀ ਗੁਰੂ ਅੰਗਦ ਸਾਹਿਬ ਨੇ ਲਿਖਵਾਈ। ਭਾਈ ਬਾਲਾ, ਜਿਸ ਨੂੰ ਗੁਰੂ ਨਾਨਕ ਸਾਹਿਬ ਦੇ ਮਹਾਨ ਸਫ਼ਰਾਂ ਵਿੱਚ, ਸਾਥੀ ਦੱਸਿਆ ਹੈ, ਉਹ ਹਾਲ ਦਸਦਾ ਗਿਆ ਤੇ ਸੁਲਤਾਨਪੁਰ ਦਾ 'ਪੈੜਾ' ਜਾਤ ਦਾ ਮੋਖਾ ਖੱਤਰੀ ਲਿਖਦਾ ਗਿਆ। ਜੇਕਰ ਇਸ ਜਾਣਕਾਰੀ ਨੂੰ ਸੱਚ ਮੰਨ ਲਈਏ ਤਾਂ ਇਹ ਜਨਮ-ਸਾਖੀ ਸੱਭ ਤੋਂ ਵੱਧ ਪ੍ਰਮਾਣਿਕ ਅਤੇ ਗੁਰੂ ਸਾਹਿਬ ਸਬੰਧੀ ਪੁਰਾਣੀ ਪਰੰਪਰਾ ਦੀ ਪਰਤੀਕ ਹੋਣੀ ਚਾਹੀਦੀ ਸੀ, ਪਰ ਇਸ ਦੇ ਉਲਟ, ਇਸ ਦੇ ਅਧਿਐਨ ਤੋਂ ਇਹ ਗੱਲ ਸਿੱਧ ਨਹੀਂ ਹੁੰਦੀ। ਮੌਜੂਦਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਏਮਨਾਬਾਦ ਅਸਥਾਨ ਦਾ ਨਾਂ ਡਿਸਟ੍ਰਿਕਟ ਗੁਜਰਾਂਵਾਲਾ ਗਜ਼ੇਟੀਅਰ ਅਨੁਸਾਰ, ਅਕਬਰ ਬਾਦਸ਼ਾਹ ਦੇ ਸਮੇਂ, ਅਮੀਨ ਬੇਗ ਨੇ ਆਪਣੇ ਨਾਂ ਤੇ ਰੱਖਿਆ (ਗੁਜਰਾਂਵਾਲਾ ਡਿਸਟ੍ਰਿਕਟ ਗਜ਼ੇਟੀਅਰ ੧੯੩੫ ਪੰਨਾ ੩੪੫)।

ਭਾਈ ਬਾਲੇ ਵਾਲੀ ਜਨਮ-ਸਾਖੀ ਨੇ ਇਸ ਨੂੰ ਏਮਨਾਬਾਦ ਲਿਖਿਆ ਹੈ, ਪਰ, ਵਲਾਇਤ ਵਾਲੀ ਜਨਮ-ਸਾਖੀ ਨੇ ਇਸੇ ਨਗਰ ਨੂੰ 'ਸੈਦਪੁਰ' ਲਿਖਿਆ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਇਸ ਨਗਰ ਦਾ ਨਾਂ 'ਤੋਜ਼ਕੇ-ਬਾਬਰੀ' ਵਿੱਚ 'ਸੱਯਦਪੁਰ' ਲਿਖਿਆ ਹੈ। ਸੋ, ਸੈਦਪੁਰ ਜਾਂ ਸਯੱਦਪੁਰ ਜ਼ਿਆਦਾ ਠੀਕ ਹੈ। ਇਸ ਤੋਂ ਸਿਵਾਏ, ਸ਼ਬਦਾਂ ਦੀ ਬਣਤਰ ਅਤੇ ਬੋਲੀ ਤੋਂ ਵੀ ਭਾਈ ਬਾਲੇ ਦੀ ਜਨਮ-ਸਾਖੀ ਵਲਾਇਤ ਵਾਲੀ ਅਤੇ ਮਿਹਰਬਾਨ ਵਾਲੀ ਜਨਮ-ਸਾਖੀ ਤੋਂ ਪਿੱਛੋਂ ਲਿਖੀ ਪਰਤੀਤ ਹੁੰਦੀ ਹੈ। **ਇਹ ਗੱਲ ਸੋਚਣ ਵਾਲੀ ਹੈ ਕਿ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਜੀ ਦੀ ਬਾਣੀ ਦੀ ਸੰਭਾਲ ਕੀਤੀ ਕਿਉਂਕਿ ਪੁਰਾਤਨ ਜਨਮ-ਸਾਖੀ ਵਿੱਚ ਲਿਖਿਆ ਹੈ -**

"ਤਿਤੁ ਮਹਿਲ ਜੋ ਸਬਦ ਹੋਆ ਸੋ ਪੋਥੀ ਜ਼ਬਾਨਿ ਗੁਰੂ ਅੰਗਦ ਜੋਗ ਮਿਲੀ" (ਪਰਾਤਨ ਜਨਮ-ਸਾਖੀ, ਦਿੱਲੀ ੧੯੯੯ , ਸਾਖੀ ਨੰਬਰ ੫੭, ਪੰਨਾ ੨੦੭)। ਉਨ੍ਹਾਂ ਗੁਰੂ ਨਾਨਕ ਸਾਹਿਬ ਜੀ ਦੀਆਂ ਰਵਾਇਤਾਂ ਨੂੰ ਵੀ ਇਕੱਤਰ ਕੀਤਾ ਹੋਵੇਗਾ।

ਸਾਡਾ ਨਿਸਚਾ ਹੈ ਕਿ ਉਨ੍ਹਾਂ ਨੇ ਇਸ ਪਾਸੇ ਵੀ ਉਪਰਾਲੇ ਕੀਤੇ ਹੋਣਗੇ। ਜਿਸ ਕਰ ਕੇ ਗੁਰੂ ਅੰਗਦ ਸਾਹਿਬ ਦੀ ਜਨਮ-ਸਾਖੀ ਲਿਖਵਾਉਣ ਦੀ ਰਵਾਇਤ ਪ੍ਰਚੱਲਤ ਹੋਈ। ਸ਼ਾਇਦ ਉਸੇ ਪੋਥੀ ਦੇ ਆਧਾਰ 'ਤੇ ਹੀ ਭਾਈ ਗੁਰਦਾਸ ਦੀ 'ਵਾਰ ਪਹਿਲੀ' ਦੀ ਰਚਨਾ ਹੋਈ। ਸਾਡੀ ਬਦਕਿਸਮਤੀ ਹੈ ਕਿ ਉਹ ਪੋਥੀ ਸਾਡੇ ਤੱਕ ਨਹੀਂ ਪੁੱਜੀ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ, ਉਸ ਨੂੰ ਨਸ਼ਟ ਕਰ ਕੇ ਹਿੰਦਾਲੀਆਂ ਨੇ ਹੋਰ ਜਨਮ-ਸਾਖੀ ਨੂੰ ਪ੍ਰਚੱਲਤ ਕੀਤਾ। ਇਸ ਗੱਲ ਦਾ ਭਾਈ ਸੰਤੋਖ ਸਿੰਘ ਜੀ ਨੂੰ ਪਤਾ ਸੀ, ਉਹ ਆਪ ਲਿਖਦੇ ਹਨ -

ਭਯੋ ਰਾਹੁ ਹਿੰਦਾਲੇ ਜਾਯਾ। ਜਿਨ ਪੁਸਤਕ ਬਿਪਰੀਤ ਬਨਾਯਾ।

ਜਸ ਰਾਕਸ਼ਿਸ਼ ਗ੍ਰਸਨਹਿ ਕੀਨਾ।
ਮੂਰਖ ਮਤਿ ਕਲਿ ਮਲਨ ਮਲੀਨਾ। (ਅੰਕ ੪, ਅਧਿਆਏ ੩੭, ਪੂਰਬਾਰਧ)

ਭਾਵ: ਹਿੰਦਾਲ ਦੇ ਇੱਕ ਸਿੱਖ ਨੇ 'ਰਾਹੂ ' ਦਾ ਰੂਪ ਹੀ ਧਾਰਿਆ, ਜਿਸ ਨੇ ਜਨਮ-ਸਾਖੀ ਦੀ ਬਿਲਕੁਲ ਉਲਟ ਪੋਥੀ ਤਿਆਰ ਕੀਤੀ ਅਤੇ ਗੁਰੂ ਜੀ ਦੇ ਜਸ-ਰੂਪੀ ਪੂਰਨਮਾਸ਼ੀ ਦੇ ਚੰਨ ਨੂੰ ਗ੍ਰਹਿਣ ਲਾ ਕੇ ਮਲੀਨ ਕੀਤਾ।

ਭਾਈ ਸੰਤੋਖ ਸਿੰਘ, ਭਾਈ ਬਾਲੇ ਵਾਲੀ ਜਨਮ-ਸਾਖੀ ਤੋਂ ਭਲੀ-ਭਾਂਤ ਜਾਣੂ ਸਨ ਤੇ ਉਹ ਅੱਗੇ ਜਾ ਕੇ ਲਿਖਦੇ ਹਨ -

'ਗੁਰ ਅੰਗਦ ਜੀ ਜੋ ਲਿਖਵਾਈ। ਬਹੁ ਨਹਿ ਲਿਖੀ ਰਹੀ ਇਕ ਥਾਈ।
ਇਕ ਕਬੀਰ ਬੰਸੀ ਮਿਲਿ ਤਾਹੀ। ਸੋ ਪੋਥੀ ਪਢਿ ਗੁਨ ਮਨ ਮਾਹੀ।੨੨।

ਕਰਿ ਕੁਕਰਮ ਕਰ ਅਨਸੋਧ ਬਨਾਈ। ਆਪਨ ਬਡਨ ਕੀ ਕੀਰਤ ਪਾਈ।
ਬਚਨ ਅਨੁਚਿਤ ਲਿਖੇ ਸਮਦਾਏ। ਜਿਨ ਕੇ ਪਢਨ ਸੁਨਨਿ ਅਘ ਪਾਏ।੨੩।

ਆਪਨਾ ਵਡਾ ਜਾਨ ਹਿੰਦਾਲੂ। ਤਿਹ ਕੀ ਕੀਰਤ ਲਿਖੀ ਬਿਸਾਲੂ।
ਸ੍ਰੀ ਨਾਨਕ ਤੇ ਵਡੀ ਬਨਾਇ। ਮਹਿਮਾ ਲਿਖਤ ਭਯੋ ਬਹੁ ਭਾਇ।੨੪।'

(ਅਧਿਆਏ ੩੭, ਪੂਰਬਾਰਧ)

ਭਾਈ ਸੰਤੋਖ ਸਿੰਘ, ਭਾਈ ਬਾਲੇ ਵਾਲੀ ਜਨਮ-ਸਾਖੀ ਦੀ ਬਣਤਰ ਤੋਂ ਜਾਣੂ ਸਨ ਤੇ ਉਹ ਲਿਖਦੇ ਹਨ, 'ਜੋ ਅਸਲ ਪੋਥੀ ਗੁਰੂ ਅੰਗਦ ਸਾਹਿਬ ਨੇ ਲਿਖਵਾਈ ਸੀ, ਉਹ ਬਿਆਸ ਦਰਿਆ ਵਿੱਚ ਸੁੱਟ ਦਿੱਤੀ'-

ਪੂਰਬ ਪੋਥੀ ਹੁਤੀ ਜੁ ਸੋਈ। ਦਈ ਬਿਪਾਸ ਬੀਚ ਡਬੋਈ।੨੭।
ਪੰਨੇ ਛਦੇ ਦਏ ਬਹਾਈ। ਜੋ ਸ੍ਰੀ ਗੁਰ ਅੰਗਦ ਲਿਖਵਾਈ।

ਤਿਹ ਕੋ ਤਾਤਪਰਜ ਸਭ ਚੀਨੇ। ਅਧਿਕ ਬਚਨ ਅਪਨੇ ਲਿਖ ਦੀਨੇ।੨੮।

(ਅਧਿਆਏ ੩੭, ਪੂਰਬਾਰਧ)

ਭਾਈ ਸੰਤੋਖ ਸਿੰਘ, ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਨੂੰ ਜਾਣਦੇ ਸਨ ਜਿਸ ਵਿੱਚ ਗੁਰੂ ਨਾਨਕ ਸਾਹਿਬ ਦਾ ਹਾਲ ਹੈ। ਆਪ ਲਿਖਦੇ ਹਨ -

'ਪੁਨ ਗੁਰਦਾਸ ਭਯੋ ਜੋ ਭਾਈ। ਕਛੁਅਕ ਕੀਨ ਜਿ ਗੁਰ ਵਡਾਈ।'

(ਅੰਕ ੬੮, ਅਧਿਆਏ ੩੭, ਪੂਰਬਾਰਧ)

ਭਾਈ ਸੰਤੋਖ ਸਿੰਘ ਜੀ ਨੇ ਭਾਈ ਬਾਲੇ ਜੀ ਦੀ ਜਨਮ-ਸਾਖੀ ਨੂੰ ਕਿਉਂ ਅਪਣਾਇਆ ?

"ਇਹ ਗੱਲ ਮੰਨੀ ਜਾਂਦੀ ਹੈ ਕਿ ਭਾਈ ਗੁਰਦਾਸ ਜੀ ਨੇ ਬਹੁਤ ਹੀ ਥੋੜਾ ਹਾਲ ਗੁਰੂ

ਨਾਨਕ ਸਾਹਿਬ ਦਾ ਲਿਖਿਆ ਹੈ। ਸਿੱਖਾਂ ਦੀ ਸਦਾ ਹੀ ਲਾਲਸਾ ਰਹੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਹਾਲ ਵਧੇਰੇ ਵਿਸਥਾਰ ਨਾਲ ਜਾਣਿਆ ਜਾਏ। ਵਲਾਇਤ ਵਾਲੀ ਜਨਮ-ਸਾਖੀ ਦਾ ਆਕਾਰ ਵੀ ਛੋਟਾ ਸੀ। ਇਸ ਦੇ ਬਹੁਤ ਥੋੜ੍ਹੇ ਉਤਾਰੇ ਮਿਲਦੇ ਹਨ। **ਭਾਈ ਬਾਲੇ ਦੀ ਜਨਮ-ਸਾਖੀ ਦਾ ਆਕਾਰ ਬਹੁਤ ਵਡੇਰਾ ਸੀ। ਇਸ ਲਈ ਸਿੱਖਾਂ ਵਿੱਚ ਇਹ ਜ਼ਿਆਦਾ ਪ੍ਰਚੱਲਤ ਹੋਈ।** ਇਸ ਦੇ ਵੱਧ ਤੋਂ ਵੱਧ ਉਤਾਰੇ ਮਿਲਦੇ ਹਨ। ਹਰ ਉਤਾਰੇ ਵਿੱਚ ਵਾਧਾ ਹੁੰਦਾ ਗਿਆ। ੧੬੫੮ ਈਸਵੀ ਦੇ ਉਤਾਰੇ ਵਿੱਚ, ਜੋ ਕਿ ਸਭ ਤੋਂ ਪੁਰਾਣਾ ਹੈ, ੭੫ ਸਾਖੀਆਂ ਹਨ। ਪਰ ਜਦੋਂ ੧੮੨੦ ਈ. ਵਿੱਚ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦਾ ਜੀਵਨ ਅੰਕਿਤ ਕੀਤਾ, ਉਸ ਸਮੇਂ ਭਾਈ ਬਾਲੇ ਦੀ ਜਨਮ ਸਾਖੀ ਵਿੱਚ ੧੩੦ ਸਾਖੀਆਂ ਸਨ (ਜਨਮ-ਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣੀਕਰਨ ਅਤੇ ਅਲੋਚਨਾਤਮਕ ਅਧਿਐਨ: ਡਾ. ਗੁਰਚਰਨ ਕੌਰ, ਭਾਸ਼ਾ ਵਿਭਾਗ, ੧੯੮੭, ਪੰਨਾ ੧੧੧)।

ਭਾਈ ਬਾਲੇ ਦੀ ਜਨਮ-ਸਾਖੀ ਵਿੱਚ ਵਾਧਾ ਹੁੰਦਾ ਗਿਆ। ਇਸ ਵਿੱਚ ਸਾਖੀਆਂ ਪੁਰਾਤਨ ਜਾਂ ਵਲਾਇਤ ਵਾਲੀ ਜਨਮ-ਸਾਖੀ 'ਚੋਂ ਮਿਲਦੀਆਂ ਗਈਆਂ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਸਾਖੀਆਂ ਵਿੱਚ ਵਾਧਾ ਕਿਵੇਂ ਹੋ ਰਿਹਾ ਹੈ। ਇਉਂ ਜਾਪਦਾ ਹੈ ਕਿ ਲਿਖਾਰੀਆਂ ਵਿੱਚ ਵੱਡੀ ਜਨਮ-ਸਾਖੀ ਬਣਾਉਣ ਦਾ ਉਤਸ਼ਾਹ ਵਧ ਰਿਹਾ ਹੈ। ਹਰ ਕੋਈ ਭਾਈ ਬਾਲੇ ਵਾਲੀ ਜਨਮ-ਸਾਖੀ ਨੂੰ ਨਕਲ ਕਰ ਕੇ ਕੁੱਝ ਨਾ ਕੁੱਝ ਵਾਧਾ ਜ਼ਰੂਰ ਕਰਦਾ, ਭਾਵੇਂ ਇਹ ਵਾਧਾ ਪੁਰਾਤਨ ਜਨਮ-ਸਾਖੀ ਵਿੱਚੋਂ ਹੋਵੇ, ਭਾਵੇਂ ਭਾਈ ਮਨੀ ਸਿੰਘ ਜੀ ਦੀ ਜਨਮ-ਸਾਖੀ 'ਚੋਂ ਜਾਂ 'ਮਹਿਮਾ ਪ੍ਰਕਾਸ਼' ਵਿੱਚੋਂ ਹੋਵੇ। **ਵਡੇਰੀ ਜਨਮ-ਸਾਖੀ ਨੂੰ ਪ੍ਰਮੁੱਖ ਮੰਨਿਆ ਜਾਂਦਾ ਸੀ। ਇਸ ਵਾਤਾਵਰਣ ਵਿੱਚ ਭਾਈ ਸੰਤੋਖ ਸਿੰਘ ਜੀ ਨੇ, ਭਾਈ ਬਾਲਾ ਜੀ ਦੀ ਜਨਮ-ਸਾਖੀ ਨੂੰ ਆਪਣਾ ਵਿਰਤਾਂਤ ਲਿਖਣ ਲਈ ਅਪਣਾਇਆ।**

ਭਾਈ ਬਾਲੇ ਦੀ ਜਨਮ-ਸਾਖੀ ਵਿੱਚ, ਭਾਈ ਸੰਤੋਖ ਸਿੰਘ ਗੁਰ-ਨਿੰਦਾ ਨੂੰ ਦੁੱਧ ਵਿੱਚ ਮੱਖੀ ਸਮਝਦੇ ਸਨ। ਜਿੱਥੇ ਅਸੀਂ ਪਹਿਲਾਂ ਦੱਸ ਆਏ ਹਾਂ ਕਿ, ਉਨ੍ਹਾਂ ਨੇ ਬਾਲੇ ਦੀ ਜਨਮ-ਸਾਖੀ ਵਿੱਚੋਂ ਗੁਰੂ-ਨਿੰਦਾ ਕੱਢ ਕੇ ਗੁਰ-ਮਹਿਮਾ ਪਾਈ ਤੇ ਗੁਰ ਨਾਨਕ ਪ੍ਰਕਾਸ਼ ਨੂੰ ਗੁਰ-ਮਹਿਮਾ ਨਾਲ ਅਮਰ ਕਰ ਦਿੱਤਾ। ਭਾਈ ਬਾਲੇ ਸਬੰਧੀ ਲਿਖਿਆ ਹੈ ਕਿ ਇਹ ਸੰਧੂ ਜਾਤ ਦਾ ਜੱਟ, ਗੁਰੂ ਨਾਨਕ ਜੀ ਦਾ ਬਚਪਨ ਦਾ ਸਾਥੀ ਸੀ। **ਭਾਈ ਗੁਰਦਾਸ ਜੀ ਦੀ 'ਵਾਰ ਪਹਿਲੀ' ਵਿੱਚ, ਗੁਰੂ ਨਾਨਕ ਸਾਹਿਬ ਦੇ ਸਾਥੀ ਮਰਦਾਨੇ ਦਾ ਕਥਨ ਤਾਂ ਹੈ ਪਰ ਬਾਲੇ ਦਾ ਨਹੀਂ। ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਵਿੱਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਪ੍ਰਸਿੱਧ ਸਿੱਖਾਂ ਦੇ ਨਾਂ ਦੱਸੇ ਹਨ, ਉਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੇ ਨਾਵਾਂ ਵਿੱਚ ਭਾਈ ਬਾਲੇ ਦਾ ਨਾਂ ਨਹੀਂ। ਵਲਾਇਤ ਵਾਲੀ ਜਨਮ-ਸਾਖੀ ਤੇ ਭਾਈ ਮਿਹਰਬਾਨ ਵਾਲੀ ਜਨਮ-ਸਾਖੀ ਵਿੱਚ ਵੀ ਭਾਈ ਬਾਲੇ ਦਾ ਕਥਨ ਨਹੀਂ ਆਉਂਦਾ। ਇਹ ਸਭ ਮੰਨਦੇ ਹਨ ਕਿ ਗੁਰੂ ਨਾਨਕ ਸਾਹਿਬ ਕੋਲ ਭਾਈ ਲਹਿਣਾ ਘੱਟੋ-ਘੱਟ ਤਿੰਨ ਸਾਲ ਤੇ ਵੱਧ ਤੋਂ ਵੱਧ ਸੱਤ-ਅੱਠ ਸਾਲ ਰਹੇ। ਇਸ ਲਈ ਉਹ ਗੁਰੂ**

ਨਾਨਕ ਸਾਹਿਬ ਦੇ ਸਭ ਪਰਸਿੱਧ ਸਿੱਖਾਂ ਨੂੰ ਜਾਣਦੇ ਹੋਣਗੇ। ਪਰ, ਇਹ ਹੈਰਾਨੀ ਦੀ ਗੱਲ ਹੈ ਕਿ ਉਹ ਭਾਈ ਬਾਲੇ ਨੂੰ ਨਹੀਂ ਜਾਣਦੇ ਸਨ ਅਤੇ ਭਾਈ ਬਾਲਾ ਗੁਰੂ ਸਾਹਿਬ ਨੂੰ ਨਹੀਂ ਜਾਣਦਾ ਸੀ। ਭਾਈ ਬਾਲੇ ਦੀ ਜਨਮ-ਸਾਖੀ ਦੇ ਅਰੰਭਕ ਸ਼ਬਦ ਇਹ ਸਪੱਸ਼ਟ ਕਰ ਦਿੰਦੇ ਹਨ -

'ਬਾਲੇ ਸੰਧੂ ਨੂੰ ਇਹ ਚਾਹ ਸੀ ਕਿ ਜੇ ਗੁਰੂ ਪਰਗਟ ਹੋਵੈ ਤਾਂ ਦਰਸਨਿ ਜਾਈਐ। ਬਾਲੇ ਸੰਧੂ ਸੁਣਿਆ ਜੋ ਗੁਰੂ ਨਾਨਕ, ਇੱਕ ਖਤਰੇਟਾ ਅੰਗਦ ਹੈ, ਉਸ ਨੋ ਥਾਪਿ ਚੱਲਿਆ ਹੈ। ਜਾਤ ਤਿਰੁਹਨ ਹੈ। ਪਰ ਜਾਣੀਦਾ ਨਾਹੀ ਕੇਹੜੇ ਥਾਉਂ ਛਪਿ ਬੈਠਾ ਹੈ। ਖ਼ਬਰ ਸੁਣੀ ਖਡੂਰ ਖਹਿਰਿਆਂ ਦੀ ਵਿਚਿ ਬੈਠਾ ਹੈ। ਏਹੁ ਸੁਣ ਕੈ ਬਾਲਾ ਸੰਧੂ ਗੁਰੂ ਅੰਗਦ ਦੈ ਦਰਸਨਿ ਆਇਆ। ਜੋ ਕਿਛੁ ਸਕਤਿ ਆਹੀ, ਸੋ ਭੇਟ ਲੈ ਆਇਆ, ਢੂੰਢ ਲਧੋਸੁ। ਅਗੈ ਦੇਖੈ ਤਾਂ ਗੁਰੂ ਅੰਗਦ ਬੈਠਾ ਬਾਨੁ ਵਟਦਾ ਹੈ। ਬਾਲੇ ਸੰਧੂ ਜਾਇ ਮੱਥਾ ਟੇਕਿਆ। ਅਗੋਂ ਗੁਰੂ ਅੰਗਦ ਬੋਲਿਆ, ਆਉ ਭਾਈ ਸਤਿ ਕਰਤਾਰ, ਬੈਠੋ ਜੀ। ਗੁਰੂ ਅੰਗਦ ਵਾਨੁ ਵੱਟਣੇ ਰਹਿ ਗਇਆ। ਗੁਰੂ ਅੰਗਦ ਬਾਲੇ ਨੂੰ ਪੁਛਣਾ ਕੀਤਾ, ਭਾਈ ਸਿੱਖ ਕਿੱਥੋਂ ਆਇਓ। ਕਿਉਂ ਕਰਿ ਆਵਣ ਹੋਇਆ ਹੈ। ਕਉਣ ਹੋਂਦੇ ਹੋ। ਤਾਂ ਬਾਲੇ ਸੰਧੂ ਹਥਿ ਜੋੜੇ ਗੁਰੂ ਜੀ ਹੋਂਦਾ ਹਾਂ ਜਟੇਟਾ, ਨਾਉਂ ਹੈ ਬਾਲਾ, ਗੋਤ ਸੰਧੂ, ਵਤਨ ਰਾਇ ਭੋਇ ਦੀ ਤਲਵੰਡੀ ਹੈ। [(ਪਿਆਰੇ ਲਾਲ ਕਪੂਰ ਵਾਲੀ ਜਨਮ-ਸਾਖੀ, ੧੬੫੮ ਈ., ਪੱਤਰਾ ੨) ਅੰਤਕਾ, ਜਨਮ-ਸਾਖੀ ਪਰੰਪਰਾ, ਡਾ.ਕਿਰਪਾਲ ਸਿੰਘ, ਪਟਿਆਲਾ ਦੂਜੀ ਛਾਪ ੧੯੯੦, ਪੰਨਾ ੨੨੧'।]

ਡਾ. ਟਰੰਪ ਨੇ ਜਦੋਂ ਇੰਡੀਆ ਆਫ਼ਿਸ, ਲੰਡਨ ਵਿੱਚ ੧੮੭੨ ਈ. ਵਿੱਚ ਭਾਈ ਬਾਲੇ ਵਾਲੀ ਜਨਮ-ਸਾਖੀ ਦਾ ਪੁਰਾਤਨ ਜਾਂ ਵਲਾਇਤ ਵਾਲੀ ਜਨਮ-ਸਾਖੀ ਨਾਲ ਟਾਕਰਾ ਕੀਤਾ ਤਾਂ ਉਸ ਨੇ ਲਿਖਿਆ -

'ਪਿਛਲੇਰੀਆਂ ਰਵਾਇਤਾਂ ਜਿਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਸਬੰਧੀ ਸਭ ਵਿਸਥਾਰ ਦਾ ਪਤਾ ਹੋਣ ਦਾ ਦਾਅਵਾ ਹੈ, ਇਸ ਗੱਲ ਲਈ ਮਜ਼ਬੂਰ ਹੋਈਆਂ ਕਿ ਆਪਣੀਆਂ ਕਹਾਣੀਆਂ ਤੇ ਕਥਾਵਾਂ ਦੀ ਪ੍ਰੋੜਤਾ ਲਈ, ਕਿਸੇ ਵਿਅਕਤੀ ਨੂੰ ਸਾਹਮਣੇ ਲਿਆਉਣ। ਇਹ ਭਾਈ ਬਾਲਾ ਸੀ ਜਿਸ ਨੂੰ ਗੁਰੂ ਨਾਨਕ ਸਾਹਿਬ ਦੇ ਬਚਪਨ ਦੇ ਸਾਥੀ ਦੱਸਿਆ ਗਿਆ। ਜੇਕਰ ਭਾਈ ਬਾਲਾ ਸ੍ਰੀ ਗੁਰੂ ਨਾਨਕ ਸਾਹਿਬ ਦਾ, ਸਦਾ ਨਾਲ ਰਹਿਣ ਵਾਲਾ ਸਾਥੀ ਤੇ ਸਲਾਹਕਾਰ ਹੁੰਦਾ, ਤਾਂ ਇਹ ਗੱਲ ਬਿਲਕੁਲ ਸਮਝ ਨਹੀਂ ਆਉਂਦੀ ਕਿ ਪੁਰਾਤਨ ਪਰੰਪਰਾ 'ਤੇ ਆਧਾਰਤ ਜਨਮ-ਸਾਖੀਆਂ ਵਿੱਚ ਉਸ ਸਬੰਧੀ ਇੱਕ ਵਾਰੀ ਵੀ ਸੰਕੇਤ ਨਹੀਂ ਆਉਂਦਾ।' (ਜਨਮ-ਸਾਖੀ ਪਰੰਪਰਾ, ਡਾ. ਕਿਰਪਾਲ ਸਿੰਘ, ਪੰਨਾ ੧੯, ਆਦਿ ਗ੍ਰੰਥ, ਡਾ. ਟਰੰਪ ੧੮੭੭, ਭੂਮਿਕਾ ਪੰਨਾ ੫)।

ਬੜੀ ਖ਼ੁਸ਼ਕਿਸਮਤੀ ਦੀ ਗੱਲ ਹੈ ਕਿ ਭਾਈ ਬਾਲੇ ਜੀ ਦੀ ਜਨਮ-ਸਾਖੀ ਨੂੰ ਸਮਝਣ ਲਈ ਸਾਨੂੰ ਇੱਕ ਸਤਾਰਵੀਂ ਸ਼ਤਾਬਦੀ ਈਸਵੀ ਵਿੱਚ ਗੁਰੂ ਹਰਿ ਰਾਏ ਸਾਹਿਬ ਦੇ ਸਮੇਂ ਦਾ ਲਿਖਿਆ ਭਾਈ ਬਾਲੇ ਦੀ ਜਨਮ-ਸਾਖੀ ਦਾ ਖਰੜਾ ਮਿਲ ਗਿਆ ਹੈ। ਇਸ ਖਰੜੇ

ਨੂੰ ਸੰਮਤ ੧੭੧੫ ਬਿਕਰਮੀ ਭਾਵ ੧੬੫੮ ਈ. ਗੋਰਖ ਨਾਥ ਨੇ ਨਕਲ ਕੀਤਾ। ਇਹ ਖਰੜਾ ਦਿੱਲੀ ਵਿੱਚ, ਸ੍ਰੀ ਪਿਆਰੇ ਲਾਲ ਕਪੂਰ ਕੋਲ ਪਿਆ ਹੈ ਅਤੇ ਇਸ ਦੀ ਫ਼ੋਟੋ-ਕਾਪੀ ਪੰਜਾਬੀ ਯੂਨੀਵਰਸਿਟੀ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਪਾਸ ਪ੍ਰਾਪਤ ਹੈ। ਸ੍ਰੀ ਪਿਆਰੇ ਲਾਲ ਕਪੂਰ ਦੇ ਵੱਡ-ਵਡੇਰੇ ਲਾਹੌਰ ਦੇ ਪੁਰਾਣੇ ਵਸਨੀਕਾਂ ਵਿੱਚੋਂ ਸਨ ਜੋ ਅਠ੍ਹਾਰਵੀਂ ਸਦੀ ਦੇ ਅਖ਼ੀਰ ਵਿੱਚ ਦਿੱਲੀ ਜਾ ਕੇ ਆਬਾਦ ਹੋਏ। ...... ਇਸ ਜਨਮ-ਸਾਖੀ ਦੀ ਹੋਂਦ ਨੇ ਸਾਬਤ ਕਰ ਦਿੱਤਾ ਹੈ ਕਿ ੧੬੫੮ ਈ. ਵਿੱਚ ਭਾਈ ਬਾਲੇ ਦੀ ਜਨਮ-ਸਾਖੀ ਮੌਜੂਦ ਸੀ। ਪਰ, ਇਹ ਗੱਲ ਇਥੇ ਮੁਕਦੀ ਨਹੀਂ, ਕਿਉਂਕਿ ਅਸੀਂ ਵੇਖਣਾ ਹੈ ਕਿ ਭਾਈ ਬਾਲੇ ਦੀ ਜਨਮ-ਸਾਖੀ 'ਬਾਬਾ ਹੰਦਾਲ ਦੀ ਪਰਚੀ' ਦੇ ਪਿੱਛੋਂ ਲਿਖੀ ਗਈ। 'ਗੁਰੂ ਹੰਦਾਲ ਪ੍ਰਕਾਸ਼' ਅਨੁਸਾਰ, ਬਾਬੇ ਹੰਦਾਲ ਦਾ ਜਨਮ ੧੫੭੩ ਈ. ਵਿੱਚ ਤੇ ਦਿਹਾਂਤ ੧੬੪੮ ਈ. ਵਿੱਚ ਹੋਇਆ (ਗੁਰੂ ਹੰਦਾਲ ਪ੍ਰਕਾਸ਼, ਮਸੰਦ ਮਾਈ ਦਾਸ ਉਰਫ਼ ਸੁੰਦਰ ਸਿੰਘ, ਅੰਮ੍ਰਿਤਸਰ ੧੯੫੪, ਪੰਨਾ ੧੬੧)। ਹੰਦਾਲ ਦੇ ਪੁੱਤਰ ਬਿਧੀ ਚੰਦ ਦਾ ਦਿਹਾਂਤ ੧੬੫੮ ਈ. ਵਿੱਚ ਹੋਇਆ ਤੇ ਇਸੇ ਸਾਲ ਹੀ ਭਾਈ ਬਾਲੇ ਵਾਲੀ ਜਨਮ-ਸਾਖੀ ਦੀ ਕਾਪੀ ਲਿਖੀ ਗਈ। ਕਰਮ ਸਿੰਘ (ਹਿਸਟੋਰੀਅਨ) ਦੇ ਕਥਨ ਅਨੁਸਾਰ, ਜਿਸ ਲਿਖਤ ਤੋਂ ਇਹ ਜਨਮ-ਸਾਖੀ ਪ੍ਰਭਾਵਤ ਹੋਈ ਹੈ, ਉਹ 'ਪਰਚੀ ਬਾਬਾ ਹੰਦਾਲ' ਹੈ। 'ਪਰਚੀ ਬਾਬਾ ਹੰਦਾਲ' ਵਿੱਚ, ਹੰਦਾਲ ਦਾ ਜੀਵਨ ਹੈ। ਇਹ ਪਰਚੀ ੧੬੫੫ ਈ. ਵਿੱਚ ਲਿਖੀ ਗਈ। (ਕਤੱਕ ਕਿ ਵਿਸਾਖ : ਕਰਮ ਸਿੰਘ, ਪੰਨਾ ੨੪੦)।

ਇਸ ਤਰ੍ਹਾਂ, ਇਹ ੧੬੫੮ ਈ. ਵਾਲੀ ਜਨਮ-ਸਾਖੀ, ਬਾਲੇ ਦੀ ਜਨਮ-ਸਾਖੀ ਦਾ ਪਹਿਲਾ ਜਾਂ ਦੂਜਾ ਉਤਾਰਾ ਜਾਪਦੀ ਹੈ। ਇੱਕ ਸਿਧਾਂਤ, ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਹ ਜਨਮ-ਸਾਖੀ ਹੰਦਾਲੀਆਂ ਨੇ ਲਿਖਵਾਈ ਹੈ, ਇਹ ਹੈ ਕਿ ਇਸ ਵਿੱਚ ਪੰਜਾਂ ਸਾਖੀਆਂ ਵਿੱਚ ਹੰਦਾਲ ਦਾ ਜਨਮ ਹੋਣਾ, ਗੁਰੂ ਨਾਨਕ ਸਾਹਿਬ ਦੇ ਮੂਹੋਂ ਦੱਸਿਆ ਗਿਆ ਹੈ। ਇਹ ਪੰਜ ਸਾਖੀਆਂ ਇਹ ਹਨ –

1. ਪ੍ਰਹਿਲਾਦ ਭਗਤ ਵਾਲੀ ਸਾਖੀ।
2. ਧ੍ਰੂ ਭਗਤ ਵਾਲੀ ਸਾਖੀ।
3. ਸਿੱਧਾਂ ਵਾਲੀ ਸਾਖੀ।
4. ਪੰਡਤ ਦੀਨਾ ਨਾਥ ਵਾਲੀ ਸਾਖੀ।
5. ਘੋਹੇ ਜੱਟ ਵਾਲੀ ਸਾਖੀ।

ਇਨ੍ਹਾਂ ਪੰਜਾਂ ਸਾਖੀਆਂ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਹੰਦਾਲ ਪੈਦਾ ਹੋਵੇਗਾ, ਜੋ ਗੁਰੂ ਨਾਨਕ ਸਾਹਿਬ ਤੋਂ ਵੱਧ ਪ੍ਰਤਾਪ ਵਾਲਾ ਹੋਵੇਗਾ। ਇਸ ਤੋਂ ਪਤਾ ਲਗਦਾ ਹੈ ਕਿ ਲਿਖਣ ਵਾਲਾ, ਕੋਈ ਹੰਦਾਲ ਦਾ ਚੇਲਾ ਹੈ ਜੋ ਕਈ ਵਾਰ ਇੱਕੋ ਗੱਲ ਨੂੰ ਲਿਖ ਕੇ ਦ੍ਰਿੜ ਕਰਵਾਉਣਾ ਚਾਹੁੰਦਾ ਹੈ ਕਿ ਹੰਦਾਲ ਦੀ ਮਹਾਨਤਾ ਗੁਰੂ ਨਾਨਕ ਸਾਹਿਬ ਤੋਂ ਜ਼ਿਆਦਾ ਹੈ। ਕਿਸੇ, ਹੰਦਾਲ ਦੇ

ਚੇਲੇ ਦਾ ਇਸ ਜਨਮ-ਸਾਖੀ ਨੂੰ ਲਿਖਣਾ, ਇਸੇ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ। ੧੬੫੮ ਈ. ਦੀ ਭਾਈ ਬਾਲੇ ਦੀ ਜਨਮ-ਸਾਖੀ ਭਾਈ ਬਾਲੇ ਤੋਂ ਅਰੰਭ ਹੁੰਦੀ ਹੈ ਅਤੇ ਭਾਈ ਬਾਲੇ 'ਤੇ ਹੀ ਸਮਾਪਤ ਹੁੰਦੀ ਹੈ, ਜਿਵੇਂ ਕਿ ਨਿਮਨ-ਲਿਖਤ ਤੁਕਾਂ ਤੋਂ ਸਪੱਸ਼ਟ ਹੈ-

'੧ਓ ਸਤਿਗੁਰ ਪ੍ਰਸਾਦਿ। ਜਨਮ-ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਦੀ॥ ਸੰਮਤ ੧੫੮੨ ਪੰਦ੍ਰਹ ਸੈ ਬਿਆਸੀਆ ਮਿਤੀ ਵੈਸਾਖ ਸੁਦੀ ਪੰਚਮੀ "ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦਿ ਲਿਖਵਾਈ। ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲ ਰਾਇ ਭੋਏਂ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੋ ਢੂਢਿ ਕੈ ਲੱਧਾ ਆਹਾ। ਦੁਇ ਮਹੀਨੇ ਸਤਾਰਹ ਦਿਨ ਲਿਖਦਿਆਂ ਲੱਗੇ ਆਹੇ। ਜੋ ਹਕੀਕਤ ਆਹੀ ਜਿਥੇ ਜਿਥੇ ਫਿਰੇ ਆਹੇ ਤਿਥੋਂ ਤਿਥੋਂ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਿਖਾਈ। ਬਾਲੇ ਉਪਰਿ ਗੁਰੂ ਅੰਗਦੁ ਬੁਹਤੁ ਖੁਸੀ ਹੋਇਆ। ਭਾਈ ਬਾਲੇ ਅਤੇ ਮਰਦਾਨਾ ਰਬਾਬੀ ਨਾਲਿ ਫਿਰੇ ਆਹਾ ਮੋਦੀਖਾਨੇ ਦੇ ਵਖਤ, ਬਾਲਾ ਨਾਲੇ ਆਹਾ"।

ਇਹ ਭਾਈ ਬਾਲੇ ਵਾਲੀ ਸਾਖੀ ਦਾ ਅਰੰਭ ਹੈ। ਇਸ ਜਨਮ-ਸਾਖੀ ਦਾ ਅੰਤ ਭਾਈ ਬਾਲੇ ਦੇ ਦਿਹਾਂਤ ਨਾਲ ਹੁੰਦਾ ਹੈ:-

"ਤਾਂ ਬਾਲੇ ਆਖਿਆ, ਜੀ ਹੁਣਿ ਦੇਹ ਛੁਟੇ ਵਡੀ ਹੋਈ ਹੈ ਤਾਂ ਗੁਰੂ ਅੰਗਦ ਆਖਿਆ, ਭਾਈ ਬਾਲਾ ਦੁਇ ਮਹੀਨੇ ਤੁਸਾਡੇ ਦੇਹ ਛੁਟਣ ਵਿਚਿ ਰਹੰਦੇ ਹੈਨਿ ਪਰ ਦੁਇ ਮਹੀਨੇ ਤੁਸੀਂ ਅਸਾਂ ਥੇ ਰਹੋ ਤਾਂ ਬਾਲੇ ਆਖਿਆ, ਭਲਾ ਜੀ। ਤਾਂ ਬਾਲਾ ਗੁਰੂ ਅੰਗਦ ਪਾਸਿ ਰਹਿਆ। ਜਾਂ ਦੁਇ ਮਹੀਨੇ ਪੂਰੇ ਹੋਏ ਤਾਂ ਬਾਲੇ ਦੀ ਦੇਹ ਛੁਟੀ ਤਾਂ ਆਪਣੇ ਹਥ ਗੁਰੂ ਅੰਗਦ ਜੀ ਲੰਬੂ ਦਿੱਤਾ ਹੋਰ ਸਿਖ ਹਥ ਪਕੜਿ ਰਹੇ। ਤਾਂ ਗੁਰੂ ਅੰਗਦ ਆਖੇ ਭਾਈ ਸਿਖੋ ਭਾਈ ਬਾਲੇ ਅਤੇ ਗੁਰੂ ਨਾਨਕ ਵਿਚਿ ਭੇਦ ਕੋਈ ਨਾ ਆਹਾ। ਇਹੋ ਗੁਰੂ ਅਤੇ ਸਿਖ ਦਾ ਭੇਦ ਆਹਾ। ਬੋਲਹੁ ਸਤਿ ਕਰਤਾਰ। ਬੋਲਹੁ ਸਤਿ ਕਰਤਾਰ"। (ਅੰਤਕਾ ਜਨਮ-ਸਾਖੀ ਪਰੰਪਰਾ, ਡਾ. ਕਿਰਪਾਲ ਸਿੰਘ, ਪੰਨਾ ੨੨੧ ਅਤੇ ੩੨੮)।

ਹਿੰਦਾਲੀਆਂ ਦੀ ਪਰਪਾਟੀ ਤੋਂ ਸਿਵਾ, ਭਾਈ ਬਾਲੇ ਦੀ ਜਨਮ-ਸਾਖੀ ਦਾ ਉਤਾਰਾ ਕਰਨ ਵਾਲਿਆਂ ਦੀ ਇੱਕ ਹੋਰ ਪਰਪਾਟੀ ਚੱਲੀ। ਉਸ ਪਰਪਾਟੀ ਦੇ ਲਿਖਾਰੀਆਂ ਨੇ ਭਾਈ ਬਾਲੇ ਦੀ ਜਨਮ-ਸਾਖੀ ਨੂੰ ਗੁਰੂ ਅੰਗਦ ਦੀ ਲਿਖਵਾਈ ਸਮਝ ਕੇ, ਉਸ ਵਿੱਚੋਂ ਗੁਰੂ-ਨਿੰਦਾ ਵਾਲੀਆਂ ਸਾਖੀਆਂ ਕੱਢ ਦਿੱਤੀਆਂ ਅਤੇ ਇਸ ਜਨਮ-ਸਾਖੀ ਨੂੰ ਸੰਵਾਰਨ ਦਾ ਯਤਨ ਕੀਤਾ। ਇਸ ਪਰਪਾਟੀ ਦੇ ਸ਼੍ਰੋਮਣੀ ਲਿਖਾਰੀ, ਭਾਈ ਸੰਤੋਖ ਸਿੰਘ ਜੀ ਹਨ।

ਭਾਸ਼ਾ ਵਿਭਾਗ ਵਿੱਚ ਭਾਈ ਬਾਲੇ ਦੀ ਇੱਕ ਜਨਮ-ਸਾਖੀ ਸੁਰੱਖਿਅਤ ਹੈ, ਜਿਸ ਦੇ ਲਿਖੇ ਜਾਣ ਦੀ ਮਿਤੀ ੧੭੮੮ ਈ. ਹੈ (ਪੰਜਾਬੀ ਹੱਥ-ਲਿਖਤ ਨੰਬਰ ੪੨੦, ਭਾਸ਼ਾ ਵਿਭਾਗ ਲਾਇਬ੍ਰੇਰੀ, ਪਟਿਆਲਾ)। ਇਸ ਦੀਆਂ ਅੰਤਲੀਆ ਸਾਖੀਆਂ ਵਿੱਚ ਗੁਰੂ ਨਾਨਕ ਤੇ ਭਾਈ ਬਾਲੇ ਨੂੰ, ਅਖ਼ੀਰ ਉਮਰ ਵਿੱਚ, ਤਲਵੰਡੀ ਲੈ ਜਾਇਆ ਗਿਆ ਹੈ, ਜਿੱਥੇ ਭਾਈ

ਬਾਲਾ ਗੁਰੂ ਨਾਨਕ ਜੀ ਤੋਂ ਵਿਦਾ ਹੋ ਗਿਆ। ਜੇਕਰ ਅਸੀਂ ਇਸ ਸਾਰੀ ਗੱਲ ਨੂੰ ਠੀਕ ਮੰਨ ਲਈਏ ਤਾਂ ਭਾਈ ਲਹਿਣਾ ਜੀ ਦਾ, ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ ਥੋੜਾ ਸਮਾਂ ਮਿਲਣਾ ਨਿਸਚਤ ਹੁੰਦਾ ਹੈ, ਜੋ ਠੀਕ ਨਹੀਂ। ਕਿਉਂਕਿ ਮਿਹਰਬਾਨ ਰਚਿਤ ਜਨਮ-ਸਾਖੀ ਅਨੁਸਾਰ, ਭਾਈ ਲਹਿਣਾ ਜੀ ਕਾਫ਼ੀ ਸਮਾਂ ਗੁਰੂ ਜੀ ਕੋਲ, ਕਰਤਾਰਪੁਰ ਰਹੇ, ਜੋ ਠੀਕ ਜਾਪਦਾ ਹੈ"। (ਡਾ. ਕਿਰਪਾਲ ਸਿੰਘ ਸੰਪਾਦਤ ਸ਼੍ਰੀ ਗੁਰ ਨਾਨਕ ਪ੍ਰਕਾਸ਼ ਸਫ਼ੇ ੨੦-੨੬

ਨੋਟ : ਉਪਰੋਕਤ ਸਾਰੇ ਹਵਾਲੇ, ਹੂ-ਬ-ਹੂ, ਡਾ.ਕਿਰਪਾਲ ਸਿੰਘ ਸੰਪਾਦਤ 'ਸ਼੍ਰੀ ਗੁਰ ਨਾਨਕ ਪ੍ਰਕਾਸ਼' ਦੇ ਸਫ਼ੇ ੨੦-੨੬ ਤੋਂ ਲਏ ਗਏ ਹਨ।

ਡਾ. ਕਿਰਪਾਲ ਸਿੰਘ ਜੀ ਵੱਲੋਂ ਕੀਤੀ (ਉੱਪਰ ਵਰਣਨ ਕੀਤੀ) ਖ਼ੋਜ 'ਚੋਂ ਇਹ ਤੱਥ ਭਲੀ ਪ੍ਰਕਾਰ ਸਾਫ਼ ਹੋ ਰਿਹਾ ਨਜ਼ਰ ਆਉਂਦਾ ਹੈ ਕਿ ਅਸਲ ਵਿੱਚ **ਭਾਈ ਬਾਲਾ (ਸੰਧੂ ਜੱਟ) ਇੱਕ ਮਨੋ-ਕਲਪਤ (ਨਕਲੀ) ਪਾਤਰ ਹੈ ਜਿਸ ਨੂੰ ਹੰਦਾਲੀਆਂ ਨੇ ਗੁਰੂ ਨਾਨਕ ਸਾਹਿਬ ਦਾ ਚ੍ਰਿੱਤਰਘਾਤ ਕਰ ਕੇ, ਆਪਣੇ ਵੱਡੇ-ਵਡੇਰੇ 'ਬਾਬਾ ਹੰਦਾਲ' ਨੂੰ** ਗੁਰੂ ਨਾਨਕ ਸਾਹਿਬ ਤੋਂ ਵੀ ਵੱਧ ਪਰਤਾਪ ਵਾਲਾ ਸਿੱਧ ਕਰਨ ਲਈ ਪੈਦਾ ਕੀਤਾ ਹੈ। ਅਸਲੀਅਤ ਇਹ ਜਾਪਦੀ ਹੈ ਕਿ ਅਜੇ ਤੱਕ ਕਿਸੇ ਮਾਤਾ ਨੇ 'ਬਾਲਾ ਸੰਧੂ' ਨੂੰ ਜਨਮ ਹੀ ਨਹੀਂ ਦਿੱਤਾ। **ਗੁਰੂ ਨਾਨਕ ਜੋਤਿ ਅਤੇ ਗੁਰਮਤਿ ਫ਼ਲਸਫ਼ੇ ਨਾਲ ਦੁਸ਼ਮਣੀ ਦੀ ਖ਼ਤਰਨਾਕ ਹੱਦ ਤੱਕ ਈਰਖਾ ਕਰਨ ਵਾਲੀਆਂ ਧਿਰਾਂ ਨੇ ਗੁਰ-ਇਤਿਹਾਸ ਵਿੱਚ, ਇੱਕ ਸੋਚੀ ਸਮਝੀ ਤੇ ਅਤਿ ਕੋਝੀ ਸਾਜਿਸ਼ ਅਧੀਨ, ਬਹੁਤ ਸਾਰੀ ਖ਼ੋਟ (ਮੁਲੰਮਾ) ਨੂੰ ਦਾਖਲ ਕਰ ਦਿੱਤਾ ਹੈ ਤਾਕਿ ਗੁਰੂ ਸਾਹਿਬਾਨ ਦਾ ਚ੍ਰਿੱਤਰਘਾਤ ਅਤੇ ਗੁਰਮਤਿ ਸਿਧਾਂਤਾਂ ਦਾ ਘਾਣ ਕਰਨ ਵਾਲੀਆਂ ਰਚਨਾਵਾਂ ਲਿਖ-ਲਿਖਾ ਕੇ, ਗੁਰਮਤਿ ਸਿਧਾਂਤ, ਗੁਰਮਤਿ ਸਭਿਆਚਾਰ ਅਤੇ ਗੁਰਮਤਿ-ਰਾਜਨੀਤਕ ਸੁਨੇਹੇ ਨੂੰ ਗੰਧਲਾ ਕਰ ਕੇ ਸਿੱਖ ਕੌਮ ਨੂੰ ਭੰਬਲਭੂਸਿਆਂ ਵਿੱਚ ਪਾ ਕੇ, ਗੁਰਮਤਿ-ਗਾਡੀਰਾਹ ਤੋਂ ਭਟਕਾ ਕੇ, ਦਿਸ਼ਾ-ਹੀਣ ਕਰ ਕੇ, ਨਸ਼ੇੜੀ ਵਿਹਲੜ ਤੇ ਆਚਰਣ-ਹੀਣ ਬਣਾ ਕੇ, ਸਿਹਤ ਤੇ ਸਿਖਿਆ ਦੇ ਪੱਖਾਂ ਤੋਂ ਕਮਜ਼ੋਰ ਕਰ ਕੇ, ਅੰਤ ਨੂੰ ਖ਼ਤਮ ਕੀਤਾ ਜਾ ਸਕੇ। ਇਸ ਦੇ ਨਾਲ ਹੀ ਮਨੁੱਖੀ ਬਰਾਬਰਤਾ ਦੇ ਆਧਾਰ 'ਤੇ ਸਰਬੱਤ ਦੇ ਭਲੇ ਦੇ ਜਾਮਨ ਲਾਸਾਨੀ ਗੁਰਮਤਿ ਫ਼ਲਸਫ਼ੇ ਨੂੰ ਸ਼ੁੱਧ ਰੂਪ ਵਿੱਚ ਸੰਸਾਰ 'ਚ ਫੈਲਣ ਤੋਂ ਰੋਕਣਾ ਵੀ ਇਸ ਅਤਿ ਖ਼ਤਰਨਾਕ ਸਾਜਿਸ਼ ਦਾ ਉਦੇਸ਼ ਨਜ਼ਰੀਂ ਪੈ ਰਿਹਾ ਹੈ। ਇਨ੍ਹਾਂ ਤੱਥਾਂ ਦੀ ਪੁਸ਼ਟੀ ਗੁਰ ਨਾਨਕ ਪ੍ਰਕਾਸ਼ (ਭਾਗ 1 ਤੇ ਭਾਗ 2) ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖਣ ਨਾਲ ਭਲੀ-ਭਾਂਤ ਹੋ ਜਾਵੇਗੀ - ਆਓ ਵਿਚਾਰਨ ਦਾ ਯਤਨ ਕਰੀਏ।**

✡✡✡

੨. ਪ੍ਰਚਾਰ ਫੇਰੀਆਂ (ਉਦਾਸੀਆਂ) ਤੋਂ ਪਹਿਲਾਂ ਦੇ ਜੀਵਨ ਬਿਰਤਾਂਤ (੧੪੬੯ ਤੋਂ ੧੫੦੭)

ਅਧਿਆਏ ੩ - ਗੁਰੂ ਨਾਨਕ ਸਾਹਿਬ ਜੀ ਦਾ 'ਅਵਤਾਰ' ਧਾਰਨਾ ਅਥਵਾ ਰੱਬ ਦਾ ਗੁਰੂ ਨਾਨਕ ਸਾਹਿਬ ਦੇ ਰੂਪ ਵਿੱਚ ਆਗਮਨ

(ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰੁ ਨਾਨਕ ਪ੍ਰਕਾਸ਼ ਪੂਰਬਾਰਧ (ਭਾਗ ਪਹਿਲਾ) ਦੇ ਤੀਸਰੇ ਅਧਿਆਏ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ 'ਅਵਤਾਰ' ਧਾਰਨ ਬਾਰੇ ਜ਼ਿਕਰ ਕੀਤਾ ਹੈ - ਅਰਥਾਤ ਰੱਬ ਜੀ ਫ਼ੁਰਮਾ ਰਹੇ ਹਨ ਕਿ -

'ਕਿਨਹੁਂ ਨਾ ਮਹਿਮਾ ਨਾਮ ਬਿਥਾਰੀ। ਭਾਉ ਭਗਤਿ ਕੀ ਗੀਤਿ ਨਾ ਡਾਰੀ।
ਜਿਉਂ ਹੋਵਤਿ ਅਵਿਲੰਬਤਿ ਛੋਨੀ। ਇਉਂ ਬਿਚਾਰ ਬੋਲੇ ਜਗ ਜੋਨੀ ॥੨੩॥'

ਭਾਵ: (ਪ੍ਰਭੂ ਦੇ) ਨਾਮ ਦੀ ਮਹਿਮਾ ਦਾ ਵਿਸਥਾਰ, (ਉਨ੍ਹਾਂ ਵਿੱਚੋਂ, ਭਾਵ ਪਹਿਲਾਂ ਭੇਜੇ ਪੈਗੰਬਰ/ਅਵਤਾਰਾਂ 'ਚੋਂ) ਕਿਸੇ ਨੇ ਵੀ ਨਹੀਂ ਕੀਤਾ,ਨਾ ਹੀ ਪ੍ਰੇਮਾ-ਭਗਤੀ ਦੀ ਗੀਤ ਕਿਸੇ ਨੇ ਅਗਾਂਹ ਤੋਰੀ, "ਜਿਸ ਨਾਲ ਪ੍ਰਿਥਵੀ ਆਸਰੇ ਵਾਲੀ ਬਣ ਸਕਦੀ"। ਤੇ ਫਿਰ ਪ੍ਰਭੂ (ਜਗਤ ਦੇ ਕਾਰਨ) ਇਹ ਵਿਚਾਰ ਕਰਦੇ ਹੋਏ ਬੋਲੇ।

'ਨਾਮ ਕੀਰਤਨ ਬਿਥਰਹੁਂ ਜਬ ਹੀ। ਤੁਝ ਅਵਲੰਬ ਹੋਇ ਹੈ ਤਬ ਹੀ।
ਯਾ ਤੇ ਪ੍ਰਗਟਾਵੌਂ ਜਗ ਆਇ। ਮੋ ਬਿਨ ਹੋਤਿ ਨ ਆਨ ਉਪਾਇ' ॥੨੪॥

ਭਾਵ: "ਜਦੋਂ ਹੀ (ਪ੍ਰਭੂ ਦੇ) ਨਾਮ ਦੇ ਗੁਣ ਗਾਉਣ ਬਾਰੇ ਪਰਸਾਰ ਹੋਵੇਗਾ ਤਾਂ ਹੀ ਤੇ ਤੈਨੂੰ ਸਹਾਰਾ ਪ੍ਰਾਪਤ ਹੋਵੇਗਾ। ਇਸ ਲਈ ਮੈਂ ਖ਼ੁਦ (ਆਪ) ਹੀ ਜਗ (ਮਾਤ-ਲੋਕ) ਵਿੱਚ ਆਣ ਕੇ (ਇਹ ਗੱਲ) ਪਰਗਟ ਕਰਾਂਗਾ। ਮੇਰੇ ਆਉਣ ਤੋਂ ਬਗ਼ੈਰ, ਹੋਰ ਕੋਈ ਉਪਾਅ ਨਹੀਂ ਹੋ ਸਕਣਾ।

ਗੁਰਮਤਿ

ਆਲਮਗੀਰੀ ਗੁਰਮਤਿ ਫ਼ਲਸਫ਼ਾ ਸਾਨੂੰ ਇਹ ਦਸਦਾ ਹੈ ਕਿ **ਰੱਬ ਅਵਤਾਰ ਧਾਰ ਕੇ ਜੂਨਾਂ ਵਿੱਚ ਨਹੀਂ ਆਉਂਦਾ।** ਯਥਾ:

*"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ **ਅਜੂਨੀ** ਸੈਭੰ ਗੁਰਪ੍ਰਸਾਦਿ ॥"*

*ਸਗਲ ਪਰਾਧ, ਦੇਹਿ ਲੋਰੋਨੀ ॥ **ਸੋ ਮੁਖੁ ਜਲਉ, ਜਿਤੁ ਕਹਹਿ ਠਾਕੁਰੁ ਜੋਨੀ ॥੩ ॥***
(ਮ.੫, ੧੧੩੬)

ਭਾਵ: ਹੇ ਭਾਈ! ਤੂੰ (ਕ੍ਰਿਸ਼ਨ ਮੂਰਤੀ ਨੂੰ) ਲੋਰੀ ਦੇਂਦਾ ਹੈਂ (ਅਪਣੇ ਵੱਲੋਂ ਤੂੰ ਪਰਮਾਤਮਾ ਨੂੰ ਲੋਰੀ ਦੇਂਦਾ ਹੈਂ, ਤੇਰਾ ਇਹ ਕੰਮ, ਸਾਰੇ ਅਪ੍ਰਾਧਾਂ (ਦਾ ਮੂਲ ਹੈ)। ਸੜ ਜਾਏ (ਤੇਰਾ) ਉਹ ਮੂੰਹ ਜਿਸ ਦੀ ਰਾਹੀਂ ਤੂੰ ਆਖਦਾ ਹੈਂ ਕਿ ਮਾਲਿਕ-ਪ੍ਰਭੂ ਜੂਨਾਂ ਵਿੱਚ (ਅਵਤਾਰ ਧਾਰ ਕੇ) ਆਉਂਦਾ ਹੈ।

***ਸੂਦ੍ਰ ਸਭਿਨਿ ਕੀ ਸੇਵ ਕਰੇਈ।** ਨਿਪੁਨ ਕਾਰ ਨਿਜ ਨਿਜ ਮਹਿਂ ਤੇਈ।*
*ਨਰ ਅਰੋਗਤਾ ਯੁਤਿ ਕੁਸ਼ਲਾਤਾ। **ਵੈਦਕ ਪਠਹਿ ਹੇਤੁ ਸਭਿ ਗਯਾਤਾ ॥ ੪੫ ॥***

ਭਾਵ: (ਇਥੋਂ ਦੇ) ਸ਼ੂਦਰ ਸਾਰਿਆਂ ਦੀ ਸੇਵਾ ਕਰਨ ਵਾਲੇ ਅਤੇ ਆਪੋ-ਆਪਣੇ ਕਾਰਜ (ਕਿੱਤਿਆਂ) ਵਿੱਚ ਨਿਪੁੰਨ ਸਨ (ਇੱਥੋਂ ਦੇ) ਮਨੁੱਖ ਅਰੋਗ ਅਤੇ ਪ੍ਰਸੰਨ-ਚਿੱਤ ਸਨ। ਵੇਦਾਂ ਦਾ ਗਿਆਨ ਪ੍ਰਾਪਤ ਕਰਨ ਲਈ ਪਾਠ ਪੜ੍ਹਦੇ ਸਨ।

ਗੁਰਮਤਿ

ਗੁਰਮਤਿ ਫ਼ਲਸਫ਼ਾ ਜਾਤ-ਪਾਤ (ਜੋ ਕਿ ਮਨੁੱਖਤਾ ਵਿੱਚ ਗ਼ੈਰ-ਕੁਦਰਤੀ ਵੰਡੀਆਂ ਪਾ ਕੇ ਊਚ-ਨੀਚ ਦੇ ਭੇਦ-ਭਾਵ ਪੈਦਾ ਕਰਨ ਅਤੇ ਜ਼ੁਲਮ ਕਰਨ ਦਾ ਕਾਰਨ ਬਣਦੀ ਹੈ) ਦੇ ਗ਼ੈਰ-ਕੁਦਰਤੀ ਅਸੂਲ ਦਾ ਸਖਤੀ ਨਾਲ ਖੰਡਨ ਕਰਦਾ ਹੈ-

***ਜਾਣਹੁ ਜੋਤਿ ਨ ਪੂਛਹੁ ਜਾਤੀ** ਆਗੈ ਜਾਤਿ ਨ ਹੇ ॥ਰਹਾਉ ॥ (ਮ:੧, ੩੪੯)*

ਭਾਵ : (ਹੇ ਭਾਈ ਹਰੀ ਦੀ) ਜੋਤਿ ਨੂੰ ਪਛਾਣੋ (ਕਿਸੇ ਦੀ) ਜਾਤਿ (ਪਾਤਿ) ਨਾ ਪੁੱਛੋ (ਕਿਉਂਕਿ) ਅੱਗੇ (ਪਰਲੋਕ ਵਿੱਚ ਕੋਈ) ਜਾਤ (ਪਾਤ) ਨਹੀਂ ਹੈ।

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧ ॥ ਰਹਾਉ ॥ (ਮ.੩,੧੧੨੮)

ਭਾਵ: ਹੇ ਮੂਰਖ ਗੰਵਾਰ! ਉੱਚੀ ਜਾਤਿ ਦਾ ਮਾਣ ਨਾਹ ਕਰ। ਇਸ ਮਾਣ-(ਅਹੰਕਾਰ) ਤੋਂ ਸਮਾਜਕ ਭਾਈਚਾਰੇ ਵਿੱਚ) ਕਈ ਵਿਗਾੜ ਪੈਦਾ ਹੋ ਜਾਂਦੇ ਹਨ।

ਅਧਿਆਏ ਛੇਵਾਂ - ਗੋਪਾਲ ਪਾਂਧੇ ਪ੍ਰਤੀ ਉਪਦੇਸ਼

ਮੂਲ ਪਾਠ

ਹੁਇ ਪਾਧਾ ਬਿਸਮੈ ਅਧਭੁਤ ਰਸ ਮੈਂ ਆਨਨ ਬਚਨ ਅਲਾਇ।
"ਸਭਿ ਜਾਨੌਂ ਗਿਨਤੀ, ਅਵਨੀ ਮਿਨਤੀ, ਡੋਢੈ ਗਨਨ ਸਵਾਇ।
ਧੌਂਚੇ ਪੁਨ ਊਂਠੇ ਜੋਰਨ ਕੋਠੇ ਗ੍ਰਾਮ ਕਾਰ ਪਟਵਾਰ।
ਜਿਸ ਕੇ ਅਨੁਸਾਰੀ ਰੋਜੀ ਥਾਰੀ ਪਢਹੁ ਨ ਕਿਉਂ ਹਿਤ ਧਾਰਿ" ॥ ੧੩ ॥

ਭਾਵ : ਪਾਂਧੇ ਨੇ ਹੈਰਾਨ ਜਿਹਾ ਹੋ ਕੇ ਅਨੋਖੇ ਰਸ (ਵਿੱਚ) ਮੁੱਖੋਂ ਆਖਿਆ, "ਮੈਂ ਸਾਰੀਆਂ ਗਿਣਤੀਆਂ, ਜ਼ਮੀਨ ਦੀ ਗਿਣਤੀ, ਡਿਉਢੇ, ਸਵਾਏ ਦੇ ਪਹਾੜੇ, ਸਾਡੇ ਤਿੰਨ ਦਾ ਪਹਾੜਾ, ਸਾਢੇ ਚਾਰ ਦਾ ਪਹਾੜਾ, ਇਮਾਰਤੀ ਕੰਮ ਤੇ ਪਿੰਡ ਦੀ ਪਟਵਾਰ ਦਾ ਕੰਮ ਜਾਣਦਾ ਹਾਂ ਜਿਸ ਦੇ ਅਨੁਸਾਰ ਤੁਹਾਡੀ ਰੋਜ਼ੀ-ਰੋਟੀ (ਚਲਦੀ) ਹੈ, (ਉਸ ਨੂੰ) ਦਿਲ ਲਗਾ ਕੇ ਕਿਉਂ ਨਹੀਂ ਪੜ੍ਹਦਾ?

"ਇਨ ਬਿਧਿ ਜੀ ਬਾਧਾ ਸੁਨਿ ਸ਼ਰੁੱਤ ਪਾਧਾ! ਫਾਹੇ ਪਰਨ ਅਪਾਰ।
ਕਿਹ ਕਾਜ ਨ ਆਵਹਿਂ ਜਬ ਦੁੱਖ ਪਾਵਹਿਂ ਹੋਤ ਨਹੀਂ ਛੁਟਕਾਰ।
ਸਭਿ ਬੈਸ ਬਿਹਾਵਹਿਂ ਪੁਨ ਪਛਤਾਵਹਿਂ, ਜਬ ਜਾਵਹਿਂ ਜਮ ਦਵਾਰ।
ਇਹ ਲੇਖਾ ਗਾਹੈ ਛੁੱਟਯੋ ਜਿ ਚਾਹੈ ਜੌਂ ਮੈਂ ਕਰੌਂ ਉਚਾਰ" ॥ ੧੪ ॥

ਭਾਵ : (ਗੁਰੂ ਜੀ ਨੇ ਕਿਹਾ) "ਹੇ ਪਾਂਧਾ ਜੀ ਸੁਣੋ! ਜੀਵ ਇਨ੍ਹਾਂ ਗੱਲਾਂ ਕਰ ਕੇ ਹੀ ਬੰਨ੍ਹਿਆ ਹੋਇਆ ਹੈ, ਜਿਸ ਦੇ ਸਦਕਾ ਦੁੱਖਾਂ 'ਚ ਪੈਂਦਾ ਹੈ। ਇਹ (ਪੜ੍ਹਾਈ) ਉਸ ਵਕਤ ਕਿਸੇ ਕੰਮ ਨਹੀਂ ਆਉਂਦੀ, ਜਦ ਮੁਸੀਬਤਾਂ ਆਉਂਦੀਆਂ ਹਨ ਤਾਂ (ਕਿਸੇ ਪ੍ਰਕਾਰ ਵੀ) ਕੋਈ ਛੁਟਕਾਰਾ ਨਹੀਂ ਹੁੰਦਾ। ਜਦੋਂ ਜਮ ਦੇ ਦੁਆਰੇ ਪਹੁੰਚਦਾ ਹੈ ਤਾਂ ਜੀਵ ਸਾਰੀ ਉਮਰ ਬਤੀਤ ਕਰਨ ਬਾਅਦ ਪਛਤਾਉਂਦਾ ਹੈ। ਇਸ ਲੇਖੇ 'ਤੇ ਵਿਚਾਰ ਕਰੋ, ਜੋ ਮੈਂ ਉਚਾਰਨ ਕਰਦਾ ਹਾਂ, ਜੇ ਤੁਸੀਂ ਛੁਟਕਾਰਾ ਚਾਹੁੰਦੇ ਹੋ।"੧੪ ॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧ ॥
ਬਾਬਾ ਇਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ *॥੧ ॥ ਰਹਾਉ ॥ (ਮ:੧, ੧੬)*

ਭਾਵ : (ਸੰਸਾਰੀ) ਮੋਹ ਨੂੰ ਸਾੜ ਕੇ ਤੇ ਇਸ ਨੂੰ ਪੀਹ ਕੇ ਸਿਆਹੀ ਬਣਾ ਤੇ ਆਪਣੀ ਅਕਲ ਨੂੰ ਵਧੀਆ ਕਾਗਜ਼ ਬਣਾ। ਪ੍ਰਭੂ ਦੀ ਪ੍ਰੀਤ ਨੂੰ ਆਪਣੀ ਲੇਖਣੀ (ਕਲਮ) ਅਤੇ ਮਨ ਨੂੰ ਆਪਣਾ ਲੇਖਕ ਬਣਾ ਅਤੇ ਗੁਰਾਂ ਦੀ ਸਲਾਹ ਲੈ ਕੇ ਵਾਹਿਗੁਰੂ ਦੀ ਵੀਚਾਰ ਨੂੰ ਲਿਖ। ਪਰਮੇਸ਼ਰ ਦੇ ਨਾਮ ਦੀ ਉਸਤਤੀ ਲਿਖ ਅਤੇ ਲਗਾਤਾਰ ਇਹ ਲਿਖ ਕਿ ਉਸ ਦਾ ਅੰਤ ਤੇ ਹੱਦ-ਬੰਨਾ ਕੋਈ ਨਹੀਂ। ਹੇ ਵੀਰ! ਇਸ ਹਿਸਾਬ-ਕਿਤਾਬ ਨੂੰ ਲਿਖਣਾ ਸਿੱਖ, ਤਾਂ ਜੋ ਜਿੱਥੇ (ਵੀ) ਹਿਸਾਬ-ਕਿਤਾਬ ਪੁੱਛਿਆ ਜਾਵੇ, ਉੱਥੇ ਤੇਰੇ ਉੱਤੇ ਸੱਚੀ ਪਰਵਾਨਗੀ ਦੀ (ਤਸਦੀਕ) ਸਹੀ ਹੋਵੇ (ਕਿ ਤੁਹਾਡਾ ਲੇਖਾ ਠੀਕ ਹੈ)।

ਗੁਰਮਤਿ

ਗੁਰੂ ਜੀ ਨੇ ਪਾਂਧੇ ਗੋਪਾਲ ਨੂੰ ਹੋਰ ਵੀ ਬਹੁਤ ਸਾਰੇ ਗੁਰਮਤਿ ਫਲਸਫ਼ੇ ਦੇ ਸਿਧਾਂਤ ਸਮਝਾਏ ਤੇ ਉਸ ਦਾ ਪਾਰ-ਉਤਾਰਾ ਕੀਤਾ। ਇਹ ਸਭ ਕੁੱਝ ਤਾਂ ਠੀਕ ਅਤੇ ਸੁਭਾਵਕ ਹੀ ਲਗਦਾ ਹੈ। ਪਰ, ਇਹ ਕਹਿਣਾ ਕਿ ਗੁਰੂ ਜੀ ਦੀ ਦੁਨਿਆਵੀ ਪੜ੍ਹਾਈ ਵਿੱਚ ਬਿਲਕੁਲ ਹੀ

ਕੋਈ ਰੁੱਚੀ ਨਹੀਂ ਸੀ, ਠੀਕ ਨਹੀਂ ਜਾਪਦਾ, ਕਿਉਂਕਿ ਗੁਰੂ ਸਾਹਿਬ ਨੇ ਵਾਪਾਰ ਕਰਨ ਤੋਂ ਇਲਾਵਾ ਸੁਲਤਾਨਪੁਰ ਵਿਖੇ ਦੌਲਤ ਖ਼ਾਂ ਲੋਧੀ (ਗਵਰਨਰ ਪੰਜਾਬ) ਦੇ ਮੋਦੀਖਾਨੇ ਦਾ ਸਮੁੱਚਾ ਕਾਰੋਬਾਰ ਵੀ ਕੁਸ਼ਲਤਾਪੂਰਵਕ ਕੀਤਾ। ਮੋਦੀਖਾਨੇ ਨੂੰ ਬਹੁਤ ਪ੍ਰਚਾਰਕਾਂ ਨੇ (ਅਗਿਆਨਤਾ-ਵੱਸ) ਇੱਕ ਛੋਟੀ ਜਿਹੀ ਦੁਕਾਨ ਹੀ ਸਮਝ ਲਿਆ ਹੈ, ਹਾਲਾਂਕਿ ਇਹ ਅਹੁਦਾ ਅਜਕਲ ਫਾਈਨੈਂਸ ਸੈਕਟਰੀ ਦੇ ਅਹੁਦੇ ਦੇ ਬਰਾਬਰ ਦਾ ਅਹੁਦਾ ਸੀ। ਉਸ ਵਕਤ ਸਰਕਾਰੀ ਲਗਾਨ (ਮਾਮਲਾ, ਟੈਕਸ ਆਦਿ), ਬਹੁਤ ਕਰ ਕੇ, ਜਿਨਸ ਦੇ ਰੂਪ ਵਿੱਚ ਹੀ ਅਦਾ ਕੀਤਾ ਜਾਂਦਾ ਸੀ। ਇੱਥੋਂ ਤੱਕ ਕਿ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਵੀ (ਬਹੁਤਾ ਹਿੱਸਾ) ਜਿਨਸ ਦੇ ਰੂਪ ਵਿੱਚ ਹੀ ਦਿੱਤੀਆਂ ਜਾਂਦੀਆਂ ਸਨ। ਇਹ ਸਾਰਾ ਹਿਸਾਬ-ਕਿਤਾਬ ਸਹੀ ਢੰਗ ਨਾਲ ਰੱਖਣ ਲਈ ਦੁਨਿਆਵੀ ਪੜ੍ਹਾਈ-ਲਿਖਾਈ ਦਾ ਮਾਹਰ ਹੋਣਾ ਜ਼ਰੂਰੀ ਹੈ। **ਦਰਅਸਲ ਗੁਰੂ ਸਾਹਿਬ ਦੇ ਅਧਿਆਪਕਾਂ ਨੇ ਜੋ ਦੁਨਿਆਵੀ ਪੜ੍ਹਾਈ-ਲਿਖਾਈ ਦੀ ਸਿੱਖਿਆ ਗੁਰੂ ਜੀ ਨੂੰ ਦਿੱਤੀ, ਗੁਰੂ ਜੀ ਨੇ ਉਸ ਨੂੰ ਤੁਰੰਤ ਹੀ ਦ੍ਰਿੜ੍ਹ ਕਰ ਲਿਆ ਕਿਉਂਕਿ ਕਿਰਤ-ਕਾਰ ਕਰਨ ਲਈ ਦੁਨਿਆਵੀ ਪੜ੍ਹਾਈ-ਲਿਖਾਈ ਦਾ ਬੋਧ ਹੋਣਾ ਜ਼ਰੂਰੀ ਹੁੰਦਾ ਹੈ। ਪਰ, ਗੁਰੂ ਜੀ ਨੇ ਆਪਣੇ ਅਧਿਆਪਕਾਂ ਨੂੰ ਇਹ ਵੀ ਦੱਸਿਆ ਕਿ ਦੁਨਿਆਵੀ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਅਧਿਆਤਮਿਕ ਪੱਖ ਦੀ ਪੜ੍ਹਾਈ ਵੀ ਬਹੁਤ ਹੀ ਜ਼ਰੂਰੀ ਹੈ ਜਿਸ ਤੋਂ ਬਗੈਰ ਇਹ ਦੁਰਲੱਭ ਮਨੁੱਖਾ ਜਨਮ ਸਫਲ ਨਹੀਂ ਹੋ ਸਕਦਾ।**

ਇਥੇ ਇਹ ਹਕੀਕਤ ਵੀ ਸਪੱਸ਼ਟ ਕਰ ਦੇਣ ਦੀ ਲੋੜ ਹੈ ਕਿ 'ਗੁਰੂ' ਅਤੇ ਪਰਮੇਸ਼ਰ ਅੰਤਰ-ਆਤਮੇ ਇੱਕ-ਮਿੱਕ ਹੋਣ ਕਰ ਕੇ ਗੁਰੂ (ਪ੍ਰਭੂ-ਪਿਤਾ ਦੀ ਗਿਆਨ-ਰੂਪ ਜੋਤਿ) ਸ੍ਰਿਸ਼ਟੀ ਦੇ ਸਾਰੇ ਹੀ ਜੀਵਾਂ ਦੀਆਂ ਬੋਲੀਆਂ ਜਾਣਦੇ ਹਨ -

ਗੁਰ ਮਹਿ ਆਪੁ ਰਖਿਆ ਕਰਤਾਰੇ ॥ *ਗੁਰਮੁਖਿ ਕੋਟਿ ਅਸੰਖ ਉਧਾਰੇ ॥*
ਸਰਬ ਜੀਆਂ ਜਗਜੀਵਨੁ ਦਾਤਾ ਨਿਰਭਉ ਮੈਲੁ ਨ ਕਾਈ ਹੇ ॥ (ਮ: ੧, ੧੦੨੪)

ਭਾਵ : ਕਰਤਾਰ ਨੇ ਆਪਣਾ ਆਪ ਗੁਰੂ ਵਿੱਚ ਲੁਕਾ ਰੱਖਿਆ ਹੈ, ਉਹ ਜਗਤ ਦੀ ਜਿੰਦਗੀ ਦਾ ਆਸਰਾ ਹੈ, ਉਹ ਸਭ ਜੀਵਾਂ ਨੂੰ ਦਾਤਾਂ ਦੇਂਦਾ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਉਸ ਨੂੰ (ਮਾਇਆ-ਮੋਹ ਆਦਿਕ ਦੀ) ਕੋਈ ਮੈਲ ਨਹੀਂ ਲੱਗ ਸਕਦੀ। ਉਹ ਕਰਤਾਰ ਗੁਰੂ ਦੀ ਰਾਹੀਂ ਕ੍ਰੋੜਾਂ ਤੇ ਅਸੰਖਾਂ ਜੀਵਾਂ ਨੂੰ (ਸੰਸਾਰ-ਸਮੁੰਦਰ ਵਿੱਚ ਡੁੱਬਣੋਂ) ਬਚਾ ਲੈਂਦਾ ਹੈ।

ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਲਿਆਣਦਾਸ ਜੀ ਆਪਣੇ ਇਲਾਕੇ ਦੇ ਚੰਗੇ ਸਰਦੇ-ਪੁਜਦੇ ਅਤੇ ਸਤਿਕਾਰਯੋਗ ਵਿਅਕਤੀ ਸਨ। ਇਸ ਲਈ ਉਨ੍ਹਾਂ ਨੇ, ਸਮੇਂ ਦੇ ਰਿਵਾਜ਼ ਅਨੁਸਾਰ, ਗੁਰੂ ਨਾਨਕ ਸਾਹਿਬ ਨੂੰ ਦੁਨਿਆਵੀ ਵਿੱਦਿਆ ਵਿੱਚ ਨਿਪੁੰਨ ਕਰਨ ਲਈ ਜ਼ਰੂਰ ਆਪਣਾ ਫ਼ਰਜ਼ ਅਦਾ ਕੀਤਾ ਹੋਵੇਗਾ। ਯਾਨੀ ਕਿ, ਉਸ ਵਕਤ ਦੀਆਂ ਪ੍ਰਚੱਲਤ ਭਾਸ਼ਾਵਾਂ ਅਤੇ ਗਣਤ-ਵਿਦਿਆ ਆਦਿ ਦੀ ਪੜ੍ਹਾਈ ਲਈ ਗੁਰੂ ਨਾਨਕ ਸਾਹਿਬ ਨੂੰ ਪਾਂਧੇ, ਪੰਡਿਤ ਅਤੇ ਮੌਲਵੀ ਆਦਿ ਪਾਸ ਅਵੱਸ਼ ਪੜ੍ਹਨ ਭੇਜਿਆ ਹੋਵੇਗਾ।

ਪਰ, ਗੁਰੂ ਨਾਨਕ ਸਾਹਿਬ ਗੁਰਮਤਿ ਪ੍ਰਚਾਰ ਫੇਰੀਆਂ (ਉਦਾਸੀਆਂ) ਲਈ ਭਾਰਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਸਾਲਾਂ-ਬੱਧੀ ਪੈਦਲ ਵਿਚਰਦੇ ਰਹੇ ਸਨ ਅਤੇ ਸੁਭਾਵਕ ਹੈ ਕਿ ਉਹ ਅਲੱਗ-ਅਲੱਗ ਇਲਾਕਿਆਂ ਦੇ ਲੋਕਾਂ ਨਾਲ ਉਨ੍ਹਾਂ ਲੋਕਾਂ ਦੀਆਂ ਬੋਲੀਆਂ ਵਿੱਚ ਹੀ ਵਿਚਾਰ-ਵਟਾਂਦਰੇ ਕਰਦੇ ਹੋਣਗੇ। ਇਤਨੀਆਂ ਭਾਸ਼ਾਵਾਂ ਉਨ੍ਹਾਂ ਨੇ ਆਪਣੇ ਅਧਿਆਪਕਾਂ ਪਾਸੋਂ ਨਹੀਂ ਸਿੱਖੀਆਂ ਹੋਣਗੀਆਂ ਬਲਕਿ ਪਰਮੇਸ਼ਰ ਨਾਲ ਅੰਤਰ-ਆਤਮੇ ਇੱਕ-ਮਿੱਕ ਹੋਣ ਕਰ ਕੇ ਹੀ ਉਹ ਸਾਰੇ ਜੀਵਾਂ ਦੀਆਂ ਮਾਤ-ਭਾਸ਼ਾਵਾਂ ਤੋਂ ਸੁਤੇ-ਸਿੱਧ ਹੀ ਜਾਣੂ ਸਨ।

ਸਾਖੀ ਦਾ ਸਾਰ

ਵਿੱਦਿਆ ਪ੍ਰਾਪਤੀ ਲਈ ਯੋਗ ਆਯੂ ਜਾਣ ਕੇ, ਕਲਿਆਣਦਾਸ ਜੀ ਨੇ ਪੁੱਤਰ (ਨਾਨਕ) ਨੂੰ ਲੇਖਾਕਾਰੀ ਦੀ ਸਿਖਿਆ ਦੇਣ ਲਈ ਗੋਪਾਲ ਪਾਂਧੇ ਕੋਲ ਲਿਜਾਉਣ ਦਾ ਮਨ ਬਣਾਇਆ। ਪਰਿਵਾਰਕ ਧੰਦੇ ਅਨੁਕੂਲ ਪਟਵਾਰ ਦੀ ਯੋਗਤਾ ਲਈ ਪੁੱਤਰ ਨੂੰ ਚਾਵਲਾਂ ਦੀ ਥਾਲੀ ਅਤੇ ਸੁਪਾਰੀ ਦੇ ਸ਼ਗਨ ਨਾਲ ਪਾਂਧੇ ਕੋਲ ਲੈ ਗਏ। ਮਹੂਰਤ ਸੋਧ ਕੇ ਪੜ੍ਹਾਈ ਅਰੰਭ ਕਰਵਾ ਦਿੱਤੀ ਗਈ। ਸਿਆਣੇ ਤੇ ਹੋਣਹਾਰ 'ਨਾਨਕ ਜੀ' ਨੇ ਪਾਂਧੇ ਦੇ ਦਿੱਤੇ ਪਾਠਾਂ ਨੂੰ ਤੁਰੰਤ ਯਾਦ ਕਰ, ਜ਼ਬਾਨੀ ਸੁਣਾ ਕੇ, ਉਸ ਨੂੰ ਅਚੰਭੇ ਵਿੱਚ ਪਾ ਦਿੱਤਾ। ...... ਲੇਖਾਕਾਰੀ ਦਾ ਪਾਠ ਦੇਣ ਲੱਗੇ ਪਾਂਧੇ ਤੋਂ ਗੁਰੂ ਜੀ ਪੁੱਛਣ ਲੱਗੇ ਕਿ ਦੁਨੀਆਦਾਰੀ ਵਾਲੇ ਇਸ ਲੇਖੇ ਨੂੰ ਪੜ੍ਹਨ ਦਾ ਕੀ ਲਾਭ ਹੈ ? ਇਹ ਤਾਂ ਜੀਵ ਨੂੰ ਬੰਧਨਾਂ ਵਿੱਚ ਜਕੜਦਾ ਹੈ ਅਤੇ ਅੰਤ ਸਮੇਂ ਜੀਵ ਨੂੰ ਬੰਧਨਾਂ ਤੋਂ ਮੁਕਤ ਨਹੀਂ ਕਰਾਉਂਦਾ। ਉਹ ਸੱਚਾ ਲੇਖਾ, ਜੋ ਮਨੁੱਖ ਨੂੰ ਜੀਵਨ ਤੋਂ ਪਾਰਲੇ ਪੰਧਾਂ ਵਿੱਚ ਸਹਾਈ ਹੋ ਸਕੇ, ਜੇਕਰ ਹੋਵੇ ਤਾਂ ਪਾਂਧਾ ਉਨ੍ਹਾਂ ਨੂੰ ਪੜ੍ਹਾਵੇ। ..... ਇਹ ਮੁਕਤੀ ਦਿਵਾਉਣ ਵਾਲਾ ਲੇਖਾ ਹੀ ਜੀਵ ਲਈ ਲੋੜੀਂਦਾ ਤੇ ਲਾਭਦਾਕਿ ਹੈ। ਗੁਰੂ ਜੀ ਦੇ ਅਮੋਲਕ ਬਚਨਾਂ ਦੇ ਸਦਕਾ ਪਾਂਧੇ ਨੇ ਆਪ ਨੂੰ ਮੁਕਤੀ ਦੇ ਦਾਤਾ ਅਵਤਾਰ ਰੂਪ ਸਮਝ ਕੇ, ਨਿਮਰਤਾ ਆਪਣੇ ਅੰਦਰ ਲਿਆ ਕੇ, ਗਿਆਨੀਆਂ ਵਾਲੀ ਪਦਵੀ ਪ੍ਰਾਪਤ ਕਰ ਲਈ।

ਡਾ. ਕਿਰਪਾਲ ਸਿੰਘ ਜੀ ਵਲੋਂ ਸੰਪਾਦਕੀ ਫ਼ੁੱਟਨੋਟ

1. ....
2. ....
3. ....
4. ਗੁਰਬਾਣੀ ਅਨੁਸਾਰ ਮਹੂਰਤ ਕੱਢਣਾ ਠੀਕ ਨਹੀਂ, ਕਿਉਂਕਿ ਗੁਰਬਾਣੀ ਵਿੱਚ ਅੰਕਿਤ ਹੈ -

   ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

   (ਗੁ: ਗ੍ਰੰਥ ਸਾਹਿਬ ਪੰਨਾ 136)

5. ਵਲਾਇਤ ਵਾਲੀ ਜਨਮ-ਸਾਖੀ ਵਿੱਚ ਅਤੇ ਮਿਹਰਬਾਨ ਵਾਲੀ ਜਨਮ-ਸਾਖੀ ਵਿੱਚ ਗੁਰੂ ਜੀ ਨੂੰ ਸੱਤਾਂ ਵਰ੍ਹਿਆਂ ਦੀ ਉਮਰ 'ਤੇ ਪੜ੍ਹਨੇ ਪਾਇਆ ਲਿਖਿਆ ਹੈ। ਨਾਨਕ ਪ੍ਰਕਾਸ਼ ਵਿੱਚ ਉਮਰ ਨਹੀਂ ਲਿਖੀ।
6. .... ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਤੋਂ, ਉਨ੍ਹਾਂ ਦੇ ਵਿਦਵਾਨ ਹੋਣ ਦੀ ਗਵਾਹੀ ਮਿਲਦੀ ਹੈ।

ਅਧਿਆਇ ਨੌਵਾਂ - ਜੰਞੂ ਪਾਉਣਾ

ਮੂਲ ਪਾਠ

ਅਸਬਿਧਿ ਸ਼੍ਰੀ ਨਾਨਕ ਗਤਿ ਦਾਨੀ। ਉਪਦੇਸ਼ਨਿ ਕੀ ਉਚਰਤਿ ਬਾਨੀ।
ਬਚਨ ਬਦਤਿ ਬਿੱਪ੍ਰਨ ਬਰਿਆਈ। ***ਜੱਗਯੁਪਵੀਤ ਦਿਯੋ ਪਹਿਰਾਈ ॥ ੪੩ ॥***

ਭਾਵ : ਇਸ ਪ੍ਰਕਾਰ ਮੁਕਤੀ ਦਾਤਾ (ਗੁਰੂ ਨਾਨਕ ਜੀ) ਉਪਦੇਸ਼ ਦੇਣ ਵਾਲੇ ਬਚਨ ਉਚਾਰ ਰਹੇ ਸਨ ਤਾਂ (ਗੁਰੂ ਜੀ ਦੇ) ਬਚਨ ਕਰਦਿਆਂ ਬ੍ਰਾਹਮਣਾਂ ਨੇ ਮੱਲੋ-ਮੱਲੀ ਜਨੇਊ (ਗਲ਼) ਪਾ ਦਿੱਤਾ ਸੀ।

ਜਨੇਊ ਅਤੇ ਗੁਰਮਤਿ

ਬ੍ਰਾਹਮਣਾਂ ਵੱਲੋਂ ਮੱਲੋ-ਮੱਲੀ, ਗੁਰੂ ਜੀ ਦੇ ਗਲ਼ ਜਨੇਊ ਪਾ ਦੇਣ ਦੀ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਗੁਰੂ ਸਾਹਿਬ ਸਿਧਾਂਤ ਨੂੰ ਛੱਡ ਕੇ ਸਮਝੌਤਾ-ਵਾਦੀ ਪਹੁੰਚ ਹਰਗਿਜ਼ ਨਹੀਂ ਸਨ ਅਪਨਾ ਸਕਦੇ। ਇਹ ਗੁਰਮਤਿ ਸਿਧਾਂਤਾਂ ਨੂੰ ਗੰਧਲਾ ਕਰ ਕੇ ਸੁਤੰਤ੍ਰ ਸਿੱਖ-ਮੱਤ ਨੂੰ ਮਨ-ਘੜਤ ਹਿੰਦੂ-ਮੱਤ ਦੀ ਇੱਕ ਸ਼ਾਖ ਵਜੋਂ ਦਰਸਾਉਣ ਦੀ ਡੂੰਘੀ ਬਿੱਪਰਵਾਦੀ ਸਾਜਿਸ਼ ਦੀ ਹੀ ਇੱਕ ਕੜੀ ਜਾਪਦੀ ਹੈ, ਹਕੀਕਤ ਨਹੀਂ।

ਬ੍ਰਾਹਮਣਵਾਦੀ ਜਨੇਊ ਧਾਰਨ ਕਰਨ ਦੀ ਰਸਮ ਨੂੰ ਰੱਦ ਕਰਨ ਲਈ ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ -

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਇਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ *(ਮ: ੧, ੪੭੧)*

ਭਾਵ : ਹੇ ਪੰਡਤ! ਜੇ (ਤੇਰੇ ਪਾਸ) ਇਹ ਆਤਮਾ ਦੇ ਕੰਮ ਆਉਣ ਵਾਲਾ ਜਨੇਊ

ਹੈ ਤਾਂ (ਮੇਰੇ ਗਲ) ਪਾ ਦੇਹ - ਇਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸ ਦਾ ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜਤ ਹੋਣ ਅਤੇ ਜਿਸ ਦਾ ਵੱਟ ਉੱਚਾ ਆਚਰਣ ਹੋਵੇ। (ਹੇ ਪੰਡਤ)! ਇਹੋ ਜਿਹਾ ਜਨੇਊ ਨਾ ਟੁਟਦਾ ਹੈ, ਨਾ ਹੀ ਇਸ ਨੂੰ ਮੈਲ ਲਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਗੁਆਚਦਾ ਹੈ। ਹੇ ਨਾਨਕ! ਉਹ ਮਨੁੱਖ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਹ ਜਨੇਊ ਆਪਣੇ ਗਲ ਪਾਇਆ ਹੈ।

(ਹੇ ਪੰਡਤ! ਇਹ ਜਨੇਊ ਜੋ ਤੂੰ ਪਾਂਦਾ ਫਿਰਦਾ ਹੈਂ, ਇਹ ਤਾਂ ਤੂੰ) ਚਾਰ ਕੌਡਾਂ ਮੁੱਲ ਦੇ ਕੇ ਮੰਗਵਾ ਲਿਆ, (ਆਪਣੇ ਜਜਮਾਨ ਦੇ) ਚੌਕੇ ਵਿੱਚ ਬੈਠ ਕੇ (ਉਸ ਦੇ ਗਲ) ਪਾ ਦਿੱਤਾ, (ਫੇਰ ਤੂੰ ਉਸ ਦੇ) ਕੰਨ ਵਿੱਚ ਉਪਦੇਸ਼ ਦਿੱਤਾ (ਕਿ ਅੱਜ ਤੋਂ ਤੇਰਾ) ਗੁਰੂ ਬ੍ਰਾਹਮਣ ਹੋ ਗਿਆ। (ਸਮਾਂ ਪੁੱਗਣ 'ਤੇ ਜਦੋਂ) ਉਹ (ਜਜਮਾਨ) ਮਰ ਗਿਆ (ਤਾਂ) ਉਹ (ਜਨੇਊ ਉਸ ਦੇ ਸਰੀਰ ਤੋਂ) ਢਹਿ ਪਿਆ (ਭਾਵ ਸੜ ਗਿਆ ਜਾਂ ਡਿੱਗ ਪਿਆ, ਪਰ ਆਤਮਾ ਦੇ ਨਾਲ ਨਾ ਨਿਭਿਆ, ਇਸ ਵਾਸਤੇ ਉਹ ਜਜਮਾਨ ਵਿਚਾਰਾ) ਜਨੇਊ ਤੋਂ ਬਿਨਾਂ ਹੀ (ਸੰਸਾਰ ਤੋਂ) ਗਿਆ।

ਸਮੁੱਚਾ ਭਾਵ ਇਹ ਹੈ ਕਿ ਮਨੁੱਖ ਨੇ ਆਪਣੇ ਔਗੁਣਾਂ ਦਾ ਤਿਆਗ ਕਰ ਕੇ, ਰੱਬੀ-ਗੁਣਾਂ ਨੂੰ ਆਪਣੇ ਨਿੱਤ ਦੇ ਵਰਤਾਰੇ ਦਾ ਹਿੱਸਾ ਬਣਾਉਂਣਾ ਹੈ, ਤਦ ਹੀ ਇਹ ਅਮੋਲਕ ਮਨੁੱਖਾ ਜਨਮ ਸਫ਼ਲ ਹੋ ਸਕੇਗਾ, ਹੋਰ ਕੋਈ ਵੀ ਢੰਗ-ਤਰੀਕਾ ਨਹੀਂ ਜਿਸ ਰਾਹੀਂ ਇਹ ਜਨਮ ਦੀ ਬਾਜੀ ਜਿਤ ਕੇ ਪ੍ਰਭੂ-ਪਿਤਾ ਨਾਲ ਇੱਕ-ਮਿੱਕ ਹੋ ਕੇ ਜਨਮ-ਮਰਨ ਦਾ ਲੰਮਾ ਤੇ ਦੁਖਦਾਈ ਗੇੜ ਖਤਮ ਕੀਤਾ ਜਾ ਸਕੇ।

ਸਾਖੀ ਦਾ ਸਾਰ

ਖੱਤਰੀ ਵੰਸ਼ ਦੀ ਪਰੰਪਰਾ ਅਨੁਸਾਰ, ਗੁਰੂ ਸਾਹਿਬ ਨੂੰ ਜੰਞੂ ਪਹਿਨਾਉਂਣ ਲਈ, ਪਰਵਾਰ ਦੇ ਪ੍ਰੋਹਤ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਉਸ ਦੇ ਆਦੇਸ਼ ਅਨੁਸਾਰ, ਅੰਨ, ਮਾਸ ਆਦਿਕ ਅਤੇ ਹੋਰ ਸਮੱਗਰੀ ਮੰਗਵਾਈ ਗਈ। ਖੱਤਰੀ-ਵੰਸ਼ੀ ਸਾਰੇ ਸਾਕ-ਸਬੰਧੀ, ਮਿੱਤਰ ਅਤੇ ਨਗਰ ਦੇ ਸਮੂਹ ਸ੍ਰੇਸ਼ਟ ਬ੍ਰਾਹਮਣ ਸੱਦ ਲਏ ਗਏ। ਹਵਨ ਲਈ ਸਾਰੀ ਤਿਆਰੀ ਕੀਤੀ ਗਈ। ਸਾਰੇ ਜਨ-ਸਮੂਹ ਦੇ ਵਿਚਕਾਰ, ਗੋਹੇ ਨਾਲ ਥਾਂ ਲਿੱਪ ਕੇ, ਉਸ ਉੱਪਰ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ।

ਜਦੋਂ ਪੰਡਿਤ ਹਰਦਿਆਲ ਹਵਨ ਦੀਆਂ ਰੀਤਾਂ ਕਰ ਕੇ, ਮੰਤ੍ਰ ਆਦਿ ਪੜ੍ਹ ਕੇ ਗੁਰੂ ਜੀ ਨੂੰ ਜਨੇਊ ਪਾਉਂਣ ਲੱਗਾ ਤਾਂ ਗੁਰੂ ਜੀ ਨੇ ਉਸ ਨੂੰ ਰੋਕ ਕੇ ਜਨੇਊ ਪਾਉਣ ਦੇ ਲਾਭ ਅਤੇ ਨਾ ਪਾਉਂਣ ਨਾਲ ਹੋਣ ਵਾਲੀਆਂ ਹਾਨੀਆਂ ਬਾਰੇ ਪੁੱਛਿਆ। ਪੰਡਿਤ ਜੀ ਨੇ ਦੱਸਿਆ ਕਿ ਹਿੰਦੂ-ਮੱਤ ਵਿੱਚ ਦਾਖਲ ਹੋਣ ਲਈ ਅਤੇ ਖੱਤਰੀ ਜਾਤ ਵਿੱਚ ਬਣੇ ਰਹਿਣ ਲਈ ਜਨੇਊ ਧਾਰਨ ਕਰਨਾ ਜ਼ਰੂਰੀ ਹੈ। ਜਨੇਊ ਨਾ ਧਾਰਨ ਕਰਨ ਦੀ ਹਾਲਤ ਵਿੱਚ ਉਨ੍ਹਾਂ ਨੂੰ ਹਿੰਦੂ-ਮੱਤ ਅਤੇ ਖੱਤਰੀ ਜਾਤ 'ਚੋਂ ਖਾਰਜ ਕੀਤਾ ਜਾ ਸਕਦਾ ਹੈ।

ਇਸ ਤੇ ਕਿੰਤੂ ਕਰਦਿਆਂ ਗੁਰੂ ਜੀ ਨੇ ਪੁੱਛਿਆ ਕਿ ਉਨ੍ਹਾਂ ਦਾ ਧਰਮ ਜੰਞੂ

ਪਾਉਂਣ ਨਾਲ ਬਚਦਾ ਹੈ ਜਾਂ ਸ਼ੁਭ ਕਰਮਾਂ ਦੇ ਕਰਨ ਨਾਲ ? ਗੁਰੂ ਜੀ ਨੇ ਕਿਹਾ ਕਿ, "ਜੇਕਰ ਜਨੇਊ ਪਹਿਨਣ ਨਾਲ ਹੀ ਮੇਰੇ ਅੰਦਰ ਸਦੀਵੀ ਸ਼ੁਭ ਗੁਣਾਂ ਦਾ ਪ੍ਰਕਾਸ਼ ਹੋ ਜਾਵੇਗਾ ਤਾਂ ਬੇ-ਸ਼ੱਕ ਇਹ ਜਨੇਊ ਮੈਨੂੰ ਪਾ ਦਿਓ। ਪਰ ਜੇਕਰ ਅਜਿਹਾ ਨਹੀਂ ਹੋ ਸਕਣਾ ਤਾਂ, ਇਹ ਰਸਮੀ ਤੌਰ 'ਤੇ ਪਹਿਨਣ ਵਾਲੇ ਜਨੇਊ ਦੀ ਮੈਨੂੰ ਕੋਈ ਲੋੜ ਨਹੀਂ।" ਫੇਰ ਵੀ ਪੰਡਤਾਂ ਨੇ ਜ਼ੋਰੋ-ਜ਼ੋਰੀ, ਜਨੇਊ ਗੁਰੂ ਜੀ ਦੇ ਗੱਲ ਵਿੱਚ ਪਾ ਦਿੱਤਾ ਅਤੇ ਭੋਜਨ ਛਕਣ ਲੱਗ ਪਏ। ਬ੍ਰਾਹਮਣ ਹਰਦਿਆਲ ਦਾ ਅਭਿਮਾਨ ਗੁਰੂ ਸਾਹਿਬ ਦੇ ਬਚਨ ਸੁਣ ਕੇ ਖ਼ਤਮ ਹੋ ਗਿਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਜੰਞੂ ਦੀ ਸਾਖੀ 'ਪੁਰਾਤਨ ਜਨਮ-ਸਾਖੀ' ਵਿੱਚ ਨਹੀਂ ਅਤੇ ਨਾਹੀ ਇਹ ਸਾਖੀ ਭਾਈ ਬਾਲੇ ਵਾਲੀ (1658 ਈ.) ਜਨਮ-ਸਾਖੀ ਵਿੱਚ ਹੈ। ਇਹ ਸਾਖੀ ਮਿਹਰਬਾਨ ਵਾਲੀ ਜਨਮ-ਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ ਵਿੱਚ ਮਿਲਦੀ ਹੈ। ਭਾਈ ਮਨੀ ਸਿੰਘ ਵਾਲੀ ਸਾਖੀ ਵਿੱਚ, ਇਹ ਸਾਖੀ ਹੋਰ ਹੀ ਤਰੀਕੇ ਨਾਲ ਅੰਕਿਤ ਕੀਤੀ ਗਈ ਹੈ। .... ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਜੰਞੂ ਪਾਉਣ ਦੇ ਵਿਰੁੱਧ ਸਨ ਪਰ ਦੋਹਾਂ ਹੀ ਜਨਮ-ਸਾਖੀਆਂ (ਮਿਹਰਬਾਨ ਵਾਲੀ ਤੇ ਭਾਈ ਮਨੀ ਸਿੰਘ ਵਾਲੀ) ਵਿੱਚ ਬਾਲਕ ਨਾਨਕ ਨੂੰ ਜੰਞੂ ਪੁਆਇਆ ਹੈ ਜੋ ਕਿ ਠੀਕ ਜਾਪਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜੰਞੂ ਬਾਰੇ ਲਿਖੇ ਹੋਏ ਸ਼ਬਦ ਵਡੇਰੀ-ਉਮਰ ਦੇ ਲਖਾਇਕ ਹਨ, ਜਿਵੇਂ ਕਿ -

ਤਗੁ ਨ ਇੰਦ੍ਰੀ ਤਗੁ ਨ ਨਾਰੀ॥ (ਗੁ: ਗ੍ਰੰ: ਸਾਹਿਬ ਪੰਨਾ 471)

ਜੰਞੂ ਪਾਉਣ ਦੀ ਪੂਰੀ ਰਸਮ ਨੂੰ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿੱਚ ਇਸ ਤਰ੍ਹਾਂ ਵਰਣਨ ਕੀਤਾ ਹੈ :-

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥

ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥ (ਗੁ. ਗ੍ਰੰ: ਸਾਹਿਬ ਪੰਨਾ ੪੭੧)

ਗੁਰਮਤਿ : 'ਗੁਰੂ ਜੋਤਿ' ਦਾ ਗੁਰੂਜਾਮੇਂ ਦੀ ਸਰੀਰਕ ਉਮਰ ਨਾਲ ਕੋਈ ਸਰੋਕਾਰ ਨਹੀਂ। ਯਾਨੀ ਕਿ, ਵਡੇਰੀ ਉਮਰ ਜਾਂ ਛੋਟੀ ਉਮਰ ਹੋਣਾ ਬੇ-ਮਾਅਨਾ ਹੈ। ਯਾਨੀ ਕਿ, 'ਗੁਰੂ ਜੋਤਿ' ਛੋਟੀ ਸਰੀਰਕ ਉਮਰ ਵਿੱਚ ਵੀ ਸੰਪੂਰਨ ਹੁੰਦੀ ਹੈ (ਉਮਰ ਨਾਲ ਵਧਦੀ-ਘਟਦੀ ਨਹੀਂ)।

ਅਧਿਆਏ ਦਸਵਾਂ - ਗਊਆਂ-ਮੱਝਾਂ ਚਾਰਨੀਆਂ

ਮੂਲ ਪਾਠ

ਪਿਤਾ ਬੈਨ ਸੁਨਿ ਕਰਿ ਜਗ ਸੁਾਮੀ। ਸੁਰਭੀ ਖੋਲਿ ਭਏ ਅਨੁਗਾਮੀ।
ਜਹਾਂ ਖੇਤ ਸੁੰਦਰ ਹਰਿਆਈ। ਬਾਰ ਬਾਰ ਬਾਰੀ ਬਰਿਆਈ ॥੧੯॥

ਭਾਵ : ਜਗਤ ਦੇ ਸੁਆਮੀ (ਗੁਰੂ ਜੀ) ਨੇ ਪਿਤਾ ਦੀ ਆਵਾਜ਼ ਸੁਣ ਕੇ, ਗਊਆਂ ਅਤੇ ਮੱਝਾਂ ਖੋਲ੍ਹੀਆਂ, ਤੇ ਉਨ੍ਹਾਂ ਦੇ ਪਿੱਛੇ ਲੱਗ ਤੁਰੇ। ਜਿਹੜੇ ਵੀ ਖੇਤਾਂ ਵਿੱਚ ਸੁੰਦਰ ਹਰਿਆਵਲ (ਵੇਖੀ), ਵਾੜ ਤੋੜ ਕੇ (ਉਹ) ਜ਼ੋਰੋ-ਜ਼ੋਰੀ (ਹਿੱਕ ਕੇ ਉਸ ਵਿੱਚ) ਵਾੜ ਦਿੱਤੀਆਂ।

ਗੁਰਮਤਿ

ਸਾਖੀ ਨੂੰ ਸ਼ਾਇਦ, ਦਿਲਚਸਪ ਬਣਾਉਣ ਲਈ ਅਤੇ ਗੁਰੂ ਜੀ ਨੂੰ ਕਰਾਮਾਤੀ ਸਿੱਧ ਕਰਨ ਲਈ, ਭਾਈ ਸੰਤੋਖ ਸਿੰਘ ਨੇ, ਸ਼ਰਧਾ-ਵੱਸ ਹੋ ਕੇ, ਗੁਰੂ ਜੀ ਨੂੰ, ਚੋਰੀ-ਚੋਰੀ, ਕਿਸਾਨਾਂ ਦੀਆਂ ਫ਼ਸਲਾਂ ਮੱਝਾਂ-ਗਊਆਂ ਨੂੰ ਚਰਾਉਣ ਵਾਲਾ ਪ੍ਰਸੰਗ ਜੋੜ ਦਿੱਤਾ ਹੈ। ਪਰ, ਅਜਿਹਾ ਕਰ ਕੇ ਉਨ੍ਹਾਂ ਨੇ ਗੁਰੂ ਜੀ ਨੂੰ ਜਿੱਥੇ ਲਾ-ਪਰਵਾਹ ਸਾਬਤ ਕੀਤਾ ਹੈ ਉੱਥੇ ਚੋਰੀ ਕਰਨ ਵਾਲਾ ਵੀ ਦਰਸਾ ਦਿੱਤਾ ਹੈ। **'ਲਾ-ਪਰਵਾਹੀ' ਅਤੇ 'ਚੋਰੀ'** (ਪਰਾਇਆ ਹੱਕ ਮਾਰਨਾ) **ਦੋਵੇਂ ਹੀ ਗੁਰਮਤਿ-ਵਿਰੋਧੀ ਔਗੁਣ ਹਨ। ਅਜਿਹਾ ਲਿਖਣਾ ਸਤਿਗੁਰਾਂ ਦੀ ਵਡਿਆਈ ਨਹੀਂ, ਨਿਖੇਧੀ ਕਰਨਾ ਹੈ।**

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ॥ (ਮ:੧, ੧੪੧)

ਭਾਵ : ਹੇ ਨਾਨਕ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ (ਦਾ ਮਾਸ ਖਾਣ ਬਰਾਬਰ) ਹੈ। ਗੁਰੂ ਪੈਗ਼ੰਬਰ ਤਾਂ ਹੀ ਸਿਫ਼ਾਰਿਸ਼ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਾ ਵਰਤੇ।

ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ (?)॥
(ਮ:੧, ੬੬੨)

ਭਾਵ : ਕੋਈ ਵੀ ਮਨੁੱਖ ਕਿਸੇ ਚੋਰ ਦੇ ਚੰਗੇ ਹੋਣ ਦੀ ਗਵਾਹੀ ਨਹੀਂ ਦੇ ਸਕਦਾ। ਜੇਹੜਾ ਮਨੁੱਖ (ਲੋਕਾਂ ਦੀਆਂ ਨਜ਼ਰਾਂ ਵਿੱਚ) ਚੋਰ ਮੰਨਿਆ ਗਿਆ (ਉਹ ਹੋਰਨਾਂ ਦੇ ਸਾਹਮਣੇ) ਚੰਗਾ ਨਹੀਂ ਬਣ ਸਕਦਾ।

ਸਾਖੀ ਦੇ ਇਹ ਅੰਸ਼ ਜਿਨ੍ਹਾਂ ਦੁਆਰਾ ਗੁਰੂ ਨਾਨਕ ਸਾਹਿਬ ਨੂੰ ਪਰਾਇਆ ਹੱਕ ਮਾਰ ਕੇ, ਚੋਰੀ-ਚੋਰੀ, ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਕਰਾ ਕੇ ਫਿਰ ਕਰਾਮਾਤਾਂ ਰਾਹੀਂ

ਉੱਜੜੀਆਂ ਹੋਈਆਂ ਫ਼ਸਲਾਂ ਨੂੰ ਹਰਾ-ਭਰਾ ਕਰਨ ਦੀਆਂ ਗੱਲਾਂ ਕੀਤੀਆਂ ਗਈਆਂ ਹਨ ਸਰਾਸਰ ਝੂਠੀਆਂ ਪਰਤੀਤ ਹੁੰਦੀਆਂ ਹਨ। **ਸਤਿਗੁਰੂ ਜੀ ਆਪਣੀ ਵਾਹ-ਵਾਹ ਕਰਾਉਣ ਲਈ ਅਜਿਹੇ ਨਾਟਕ-ਚੇਟਕ ਨਹੀਂ ਸਨ ਕਰ ਸਕਦੇ ਕਿਉਂਕਿ ਲੋਕਾਂ ਨੂੰ ਪ੍ਰਭਾਵਤ ਕਰਨ ਲਈ ਅਜਿਹੀਆਂ ਖੇਡਾਂ ਖੇਡਣੀਆਂ ਗੁਰਮਤਿ ਵਿੱਚ ਪਰਵਾਨ ਨਹੀਂ ਹਨ -**

ਆਪਿ ਨਾਥੁ ਨਾਥੀ ਸਭ ਜਾ ਕੀ **ਰਿਧਿ ਸਿਧਿ ਅਵਰਾ ਸਾਦ ॥ (ਮ:੧, ੬)**

ਭਾਵ : ਅਕਾਲ ਪੁਰਖੁ ਸਾਰੀ ਸ੍ਰਿਸਟੀ ਦਾ ਮਾਲਿਕ ਹੈ ਤੇ ਸਾਰੀ ਕਾਇਨਾਤ ਉਸ ਦੇ ਹੁਕਮ ਅਧੀਨ ਹੈ। ਇਹ ਰਿੱਧੀਆਂ ਤੇ ਸਿੱਧੀਆਂ ਤਾਂ ਕਿਸੇ ਹੋਰ ਪਾਸੇ ਖੜਨ ਵਾਲੇ ਸੁਆਦ ਹਨ।

ਸਾਖੀ ਦਾ ਸਾਰ

ਪ੍ਰਸਿੱਧੀ ਤੋਂ ਬਚਣ ਲਈ, ਗੁਰੂ ਜੀ ਆਪਣੇ ਆਪ ਨੂੰ ਛੁਪਾਉਂਣ ਲੱਗ ਪਏ ਸਨ। ਲੋਕਾਂ ਵਿੱਚ ਇਹ ਚਰਚਾ ਹੋਣ ਲੱਗ ਪਈ ਕਿ ਇਸ ਨੂੰ ਤਾਂ ਕਿਸੇ ਦੀ ਨਜ਼ਰ ਲੱਗ ਗਈ ਹੈ ਜਾਂ ਭੂਤ-ਪ੍ਰੇਤ ਦੀ ਛਾਇਆ ਪੈ ਗਈ ਹੈ। ਕਲਿਆਣਦਾਸ ਜੀ ਨੇ ਗੁਰੂ ਜੀ ਦਾ ਧਿਆਨ ਦੂਸਰੇ ਪਾਸੇ ਵੱਲ ਕਰਨ ਲਈ, ਮੱਝਾਂ-ਗਊਆਂ ਚਾਰਨ ਲਈ ਭੇਜ ਦਿੱਤਾ।

ਗੁਰੂ ਜੀ, ਪਿਤਾ ਦਾ ਕਿਹਾ ਮੰਨ ਕੇ, ਗਊਆਂ-ਮੱਝਾਂ ਚਾਰਨ ਲਈ ਲੈ ਜਾਣ ਲੱਗ ਪਏ। **ਜਿੱਥੇ ਕਿਤੇ ਵੀ ਉਹ ਹਰਿਆਵਲ ਵੇਖਦੇ, ਵਾੜ ਤੋੜ ਕੇ, ਜ਼ੋਰੋ-ਜ਼ੋਰੀ, ਖੇਤ ਵਿੱਚ ਪਸ਼ੂ ਵਾੜ ਦਿੰਦੇ।** ਇੱਕ ਵਾਰ ਆਪ ਆਰਾਮ ਨਾਲ ਸੌਂ ਗਏ ਅਤੇ ਪਸ਼ੂ ਖੇਤ ਵਿੱਚ ਵਾੜ ਦਿੱਤੇ, ਖੇਤ ਦੇ ਮਾਲਿਕ ਨੂੰ, ਸਾਰਾ ਖੇਤ ਉੱਜੜਿਆ ਵੇਖ ਕੇ, ਬਹੁਤ ਦੁੱਖ ਹੋਇਆ ਤੇ ਉਹ ਸਾਰੇ ਪਸ਼ੂ ਹਿੱਕ ਕੇ ਰਾਇ-ਬੁਲਾਰ ਕੋਲ ਲੈ ਗਿਆ ਅਤੇ ਇਨਸਾਫ਼ ਦੀ ਮੰਗ ਕੀਤੀ। ਜਦੋਂ ਕਲਿਆਣਦਾਸ ਜੀ ਨੂੰ ਰਾਇ ਬੁਲਾਰ ਕੋਲ ਬੁਲਵਾਇਆ ਗਿਆ ਅਤੇ ਮੌਕੇ ਤੇ ਖੇਤ ਬਾਰੇ ਪਤਾ ਕਰਵਾਇਆ ਗਿਆ, ਤਾਂ ਖੇਤ ਪਹਿਲਾਂ ਵਾਂਗ ਹੀ ਨੌਂ-ਬਰ-ਨੌਂ ਵੇਖਿਆ। ਖੇਤ ਦਾ ਮਾਲਿਕ, ਸ਼ਰਮਿੰਦਾ ਹੋ ਕੇ, ਆਪਣੇ ਘਰ ਚਲਾ ਗਿਆ ਅਤੇ ਰਾਇ ਬੁਲਾਰ ਕੋਲ ਗੁਰੂ ਜੀ ਬਾਰੇ ਕਠੋਰ ਸ਼ਬਦ ਬੋਲਣ ਲਈ, ਬਹੁਤ ਪਛਤਾਇਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਫੁਟਨੋਟ

'ਪੁਰਾਤਨ ਜਨਮ-ਸਾਖੀ', ਮਿਹਰਬਾਨ ਵਾਲੀ ਜਨਮ-ਸਾਖੀ, ਭਾਈ ਬਾਲੇ ਵਾਲੀ ਜਨਮ-ਸਾਖੀ (1658 ਈ.) ਅਤੇ ਭਾਈ ਮਨੀ ਸਿੰਘ ਦੀ ਜਨਮ-ਸਾਖੀ ਵਿੱਚ ਮੱਝਾਂ ਦੇ ਚਰਾਉਂਣ ਦਾ ਕਥਨ ਹੈ। ਪਰ, ਭਾਈ ਸੰਤੋਖ ਸਿੰਘ ਨੇ, ਬ੍ਰਾਹਮਣੀ ਪ੍ਰਭਾਵ ਥੱਲੇ, ਮੱਝਾਂ ਨੂੰ ਗਊਆਂ ਬਣਾ ਦਿੱਤਾ ਹੈ ਜੋ ਇਤਿਹਾਸਕ ਤੌਰ 'ਤੇ ਠੀਕ ਨਹੀਂ। ਅੱਗੇ ਜਾ ਕੇ ਫੇਰ ਮੱਝਾਂ ਚਰਾਉਂਣ ਦਾ ਕਥਨ ਹੈ। (ਵੇਖੋ ਛੰਦ ਨੰ. 15 ਦੇ ਅਰੰਭ ਵਿੱਚ ਅਤੇ ਅਖੀਰ 'ਤੇ ਗਊਆਂ (ਸੁਰਭੀ) ਚਾਰਨਾ ਲਿਖਿਆ ਹੈ)।

ਅਧਿਆਏ ਚੌਧਵਾਂ - ਖਰਾ ਸੌਦਾ

ਸਾਖੀ ਦਾ ਸਾਰ

ਗੁਰੂ ਨਾਨਕ ਜੀ ਜਦ ਜਵਾਨ ਹੋ ਗਏ ਸਨ ਤਾਂ ਉਨ੍ਹਾਂ ਦੇ ਪਿਤਾ ਕਲਿਆਣਦਾਸ ਜੀ ਨੇ ਉਨ੍ਹਾਂ ਨੂੰ ਕਿਸੇ ਵੀ ਕੰਮ ਵਿੱਚ ਰੁਚੀ ਨਾ ਲੈਂਦੇ ਹੋਏ ਵੇਖ ਕੇ ਕਿਹਾ ਕਿ ਤੂੰ ਮੇਰਾ ਇੱਕੋ-ਇੱਕ ਪੁੱਤਰ ਹੈਂ, ਮੇਰੇ ਪਿੱਛੋਂ ਤੂੰ ਮੇਰਾ ਕੰਮ ਸੰਭਾਲ ਲਵੇਂ ਤਾਂ ਸੋਭਾ ਬਣੇਗੀ। ਇਸ ਲਈ ਤੂੰ ਕੋਈ ਕਾਰ-ਵਿਹਾਰ ਕਰ। ਗੁਰੂ ਜੀ ਪਿਤਾ ਦੀ ਆਗਿਆ ਦਾ ਪਾਲਣ ਕਰਨਾ ਮੰਨ ਗਏ ਤਾਂ ਕਾਲੂ ਜੀ ਨੇ ਉਨ੍ਹਾਂ ਨੂੰ 20 ਰੁਪਏ ਦੇ ਕੇ ਕੋਈ ਫ਼ਾਇਦੇਮੰਦ ਕੰਮ ਕਰਨ ਲਈ ਭੇਜਿਆ।

ਗੁਰੂ ਜੀ ਨੇ ਤੁਰੇ ਜਾਂਦਿਆਂ ਜੰਗਲ ਵਿੱਚ ਸਾਧੂਆਂ ਦਾ ਆਸ਼ਰਮ ਵੇਖ ਕੇ, ਉਥੇ ਤਪ ਸਾਧ ਰਹੇ ਤਪੀਸ਼ਰਾਂ ਨੂੰ ਵੇਖ ਕੇ, ਇਨ੍ਹਾਂ ਦੀ ਸੇਵਾ ਨੂੰ ਹੀ ਸਭ ਤੋਂ ਉੱਤਮ ਤੇ ਲਾਭਦਾਇਕ ਸੌਦਾ ਜਾਣਿਆ। ਸੋ 20 ਰੁਪਿਆਂ ਦੀ ਭੋਜਨ-ਸਮੱਗਰੀ ਸ਼ਹਿਰੋਂ ਲਿਆ ਕੇ ਉਨ੍ਹਾਂ ਨੂੰ ਅਰਪਤ ਕਰ ਦਿੱਤੀ ਤੇ ਉਨ੍ਹਾਂ ਤੋਂ ਅਸੀਸਾਂ ਪ੍ਰਾਪਤ ਕੀਤੀਆਂ ਸਨ।

ਡਾ. ਕਿਰਪਾਲ ਸਿੰਘ ਜੀ ਵਲੋਂ ਸੰਪਾਦਕੀ ਫ਼ੁਟ ਨੋਟ

1. ਸੱਚੇ ਸੌਦੇ ਵਾਲੀ ਸਾਖੀ, ਸਿਵਾਏ ਬਾਲੇ ਦੀ ਜਨਮ-ਸਾਖੀ ਦੇ, ਹੋਰ ਕਿਸੇ ਜਨਮ-ਸਾਖੀ ਵਿੱਚ ਦਰਜ ਨਹੀਂ ਹੈ।
2. ਗੁਰੂ ਸਾਹਿਬ, ਸਾਧੂਆਂ ਦੇ ਹਠੀ-ਸਾਧਨਾਂ ਤੋਂ ਪ੍ਰਭਾਵਤ ਨਹੀਂ ਸਨ ਹੋਏ। ਉਨ੍ਹਾਂ ਨੂੰ ਭੁੱਖੇ ਵੇਖ ਕੇ ਭੋਜਨ ਛਕਾਇਆ।
3. ਸੱਚਾ ਸੌਦਾ ਕਰਨ ਦੀ ਘਟਨਾ 'ਤੇ ਆਧਾਰਤ ਚੂਹੜਕਾਣਾ (ਜ਼ਿਲ੍ਹਾ ਸ਼ੇਖ਼ੂਪੁਰਾ, ਪਾਕਿਸਤਾਨ) ਸਥਿਤ 'ਸੱਚਾ ਸੌਦਾ ਗੁਰਦਵਾਰਾ' ਬਣਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਸੌ ਏਕੜ ਦੇ ਕਰੀਬ ਜ਼ਮੀਨ ਇਸ ਗੁਰਦਵਾਰੇ ਦੇ ਨਾਮ ਲਗਾਈ ਗਈ ਸੀ (ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ)।

ਲੇਖਕ (ਗੁਰਦੀਪ ਸਿੰਘ) ਵੱਲੋਂ ਟਿੱਪਣੀਆਂ

1. ਇੰਜ ਲਗਦਾ ਹੈ ਕਿ ਗੁਰੂ ਸਾਹਿਬ ਪ੍ਰਭੂ-ਪਿਤਾ ਵੱਲੋਂ ਸੌਂਪੀ ਇੱਕ ਵਿਲੱਖਣ ਅਤੇ ਅਤਿ ਕਠਨ ਜ਼ਿੰਮੇਵਾਰੀ (ਇੱਕ ਵਿਸ਼ਵ-ਪੱਧਰੀ ਤੇ ਸਦੀਵਕਾਲੀ ਆਦਰਸ਼ਕ ਸਮਾਜ ਪ੍ਰਬੰਧ ਦੀ ਸਿਰਜਨਾ ਕਰਨੀ) ਨੂੰ ਪੂਰਾ ਕਰਨ ਲਈ ਪਲਾਨ ਬਣਾ ਕੇ ਇਸ ਨੂੰ ਅਮਲੀ ਰੂਪ ਦੇਣ ਲਈ ਮੁੱਢਲੀ ਤਿਆਰੀ ਕਰ ਰਹੇ ਸਨ। ਪਰ, ਉਨ੍ਹਾਂ ਦੇ ਪਿਤਾ ਕਲਿਆਣਦਾਸ ਜੀ ਨੂੰ, ਸ਼ਾਇਦ, ਇਸ ਬਾਰੇ ਅਜੇ ਜਾਣਕਾਰੀ ਨਹੀਂ ਸੀ। ਇਸ ਲਈ ਉਹ ਮਹਿਸੂਸ ਕਰਦੇ ਹੋਣਗੇ ਕਿ (ਗੁਰੂ) ਨਾਨਕ ਸਾਹਿਬ ਆਮ ਸੰਸਾਰੀਆਂ ਦੀ ਤਰ੍ਹਾਂ ਦੁਨਿਆਵੀ ਕੰਮਾਂ-ਧੰਧਿਆਂ ਵਿੱਚ ਖੱਚਤ ਨਾ ਹੋ ਕੇ, ਉਪਰਾਮਤਾ ਵਾਲੀ

ਬਿਰਤੀ ਦਾ ਇਜ਼ਹਾਰ ਕਰ ਰਹੇ ਲਗਦੇ ਸਨ। ਨਿਰੰਕਾਰੀ-ਬਿਰਤੀ ਵਾਲੇ ਸਤਿਗੁਰੂ ਜੀ ਅਤੇ ਸੰਸਾਰੀ-ਬਿਰਤੀ ਵਾਲੇ ਮਨੁੱਖ ਦੀ ਸੋਚ ਵਿੱਚ ਅਜਿਹਾ ਅੰਤਰ ਹੋਣਾ ਸੁਭਾਵਿਕ ਹੈ। ਪਰ, ਇਸ ਤੋਂ ਇਹ ਨਤੀਜਾ ਕੱਢਣਾ ਕਿ ਗੁਰੂ ਜੀ ਸੰਸਾਰੀ ਕਿਰਤ ਵੱਲੋਂ ਲਾ-ਪਰਵਾਹ ਸਨ, ਉਚਿਤ ਨਹੀਂ ਹੈ, ਕਿਉਂਕਿ ਸਤਿਗੁਰਾਂ ਦਾ ਖ਼ੁਦ ਦਾ ਕੀਤਾ ਉਪਦੇਸ਼ ਐਸੀ ਸੋਚ ਨੂੰ ਰੱਦ ਕਰਦਾ ਹੈ -

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (ਮ:੧, ੧੨੪੫)

2. ਅੱਜ ਤੋਂ ਤਕਰੀਬਨ ਪੰਜ ਸੌ ਸਾਲ ਪਹਿਲਾਂ, ਜਦੋਂ ਦੀ ਇਹ ਸਾਖੀ ਹੈ, 20 ਰੁਪਏ ਦਾ ਭੋਜਨ ਕੁੱਝ ਕੁ ਗਿਣਤੀ ਦੇ ਸਾਧੂ ਇੱਕ ਦਿਨ ਵਿੱਚ (ਜਾਂ ਕੁੱਝ ਹਫ਼ਤਿਆਂ ਵਿੱਚ) ਨਹੀਂ ਖਾ ਸਕਦੇ ਸਨ। ਗੁਰੂ ਸਾਹਿਬ ਪੜ੍ਹੇ-ਲਿਖੇ ਨੌਜਵਾਨ ਸਨ, ਵਾਪਾਰ ਆਦਿ ਦਾ ਕਾਰੋਬਾਰ ਵੀ ਕਰਦੇ ਹੋਣਗੇ ਅਤੇ ਆਪਣੀ ਕਮਾਈ ਦੇ ਦਸਵੰਧ ਵਿੱਚੋਂ ਕੁੱਝ ਕੁ ਰੁਪਿਆਂ ਦਾ, ਭੁੱਖੇ ਸਾਧੂਆਂ ਨੂੰ, ਭੋਜਨ ਵੀ ਜ਼ਰੂਰ ਛਕਾ ਦਿੱਤਾ ਹੋਵੇਗਾ ਉਨ੍ਹਾਂ ਨੇ। ਪਰ, ਅਸਲੀਅਤ ਇਹ ਜਾਪਦੀ ਹੈ ਕਿ ਗੁਰੂ ਜੀ ਨੇ ਇਨ੍ਹਾਂ 'ਰਮਤੇ ਸਾਧੂਆਂ' (ਜੋ ਕਿ ਭਾਰਤ ਉੱਪ-ਮਹਾਂਦੀਪ ਦੇ ਕਈ ਇਲਾਕਿਆਂ ਵਿੱਚ ਤੁਰਦੇ-ਫਿਰਦੇ ਰਹਿੰਦੇ ਸਨ) ਪਾਸੋਂ ਭਾਰਤ ਦੇ ਵੱਖ-ਵੱਖ ਇਲਾਕਿਆਂ ਦੇ ਸਮਾਜਿਕ ਹਾਲਾਤਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਹੋਵੇਗੀ। ਅਜਿਹਾ ਇਸ ਲਈ ਸੁਭਾਵਿਕ ਲਗਦਾ ਹੈ ਕਿ ਸਤਿਗੁਰਾਂ ਨੇ ਭਾਰਤ ਵਿਚਲੇ ਇਲਾਕਿਆਂ ਵਿੱਚ ਗੁਰਮਤਿ ਪ੍ਰਚਾਰ ਤੇ ਪਾਸਾਰ ਕਰਨ ਲਈ ਜਾਣਾ ਸੀ ਅਤੇ ਗੁਰੂ ਜੀ ਆਪਣੀਆਂ ਪ੍ਰਚਾਰ ਫੇਰੀਆਂ ਦੀ ਵਿਉਂਤ ਉਲੀਕ ਰਹੇ ਹੋਣਗੇ।

ਅਧਿਆਏ ਸੋਲ੍ਹਵੇਂ ਤੋਂ ਅਧਿਆਏ ਚੌਵੀਵਾਂ ਤੱਕ

ਸਾਖੀਆਂ ਦਾ ਸਾਰ

ਅਧਿਆਏ 16 ਦੀ ਸਾਖੀ ਦਾ ਸਾਰ

ਇੱਕ ਦਿਨ ਇੱਕ ਸਾਧੂ ਤਲਵੰਡੀ ਦੇ ਬਾਹਰ ਆਣ ਬੈਠਾ। ਗੁਰੂ ਜੀ ਤੁਰਦੇ-ਫਿਰਦੇ ਉਸ ਪਾਸ ਜਾ ਪਹੁੰਚੇ। ਵਾਰਤਾਲਾਪ ਕਰਨ ਪਿੱਛੋਂ ਜਦ ਗੁਰੂ ਜੀ ਲੋਟਾ ਤੇ ਸੋਨੇ ਦੀ ਮੁੰਦਰੀ ਸਾਧੂ ਨੂੰ ਭੇਟ ਕਰ ਕੇ ਘਰ ਪਰਤੇ ਤਾਂ ਕਲਿਆਣਦਾਸ ਜੀ ਬਹੁਤ ਗੁੱਸੇ ਹੋਏ, ਘਰ ਵਿੱਚ ਕਲੇਸ਼ ਵਧ ਗਿਆ, ਰਾਇ ਬੁਲਾਰ ਨੇ ਵਿੱਚ ਪੈ ਕੇ ਮਾਹੌਲ ਸ਼ਾਂਤ ਕਰ ਦਿੱਤਾ ਸੀ ਤੇ ਫਿਰ ਰਾਇ ਬੁਲਾਰ ਨੇ ਕਲਿਆਣਦਾਸ ਜੀ ਨੂੰ ਸਮਝਾਉਂਦੇ ਹੋਏ ਕਿਹਾ ਕਿ ਨਾਨਕ ਨੂੰ ਭੈਣ ਨਾਨਕੀ ਤੇ ਭਣੋਈਏ ਜੈ ਰਾਮ ਪਾਸ ਸੁਲਤਾਨਪੁਰ ਭੇਜ ਦੇਵੋ। ਇਸ ਨਾਲ ਆਸਾਨੀ ਨਾਲ ਹੀ ਘਰ ਦਾ ਕਲੇਸ਼ ਮਿਟ ਜਾਵੇਗਾ ਤੇ ਰਾਇ ਬੁਲਾਰ ਜੀ ਨੇ ਇੱਕ ਚਿੱਠੀ ਜੈ ਰਾਮ ਜੀ ਨੂੰ ਲਿਖ, ਬਾਲੇ ਅਤੇ ਗੁਰੂ ਜੀ ਨੂੰ ਉਨ੍ਹਾਂ ਪਾਸ ਸੁਲਤਾਨਪੁਰ ਭੇਜ ਦਿੱਤਾ ਸੀ।

ਅਧਿਆਏ 17 ਦੀ ਸਾਖੀ ਦਾ ਸਾਰ

ਜੈ ਰਾਮ ਜੀ ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖ਼ਾਂ ਲੋਧੀ ਦੇ ਇੱਕ ਉੱਚੇ ਅਹੁਦੇ 'ਤੇ ਤਾਇਨਾਤ ਆਫ਼ੀਸਰ ਸਨ। ਉਨ੍ਹਾਂ ਨੇ ਨਵਾਬ ਨੂੰ ਕਹਿ ਕੇ ਗੁਰੂ ਨਾਨਕ ਜੀ ਨੂੰ ਨਵਾਬ ਦੇ ਮੋਦੀਖਾਨੇ ਦਾ ਮੋਦੀ ਲਗਵਾ ਦਿੱਤਾ। ਪੁੱਤਰ ਨੂੰ ਕਾਫ਼ੀ ਸਮੇਂ ਤੋਂ ਕੰਮ 'ਤੇ ਲੱਗਿਆ ਹੋਇਆ ਸੋਚ ਕੇ ਕਲਿਆਣਦਾਸ ਜੀ, ਗੁਰੂ ਜੀ ਤੋਂ, ਕਮਾ ਕੇ ਜੋੜਿਆ ਹੋਇਆ, ਧਨ ਲੈਣ ਲਈ ਸੁਲਤਾਨਪੁਰ ਆਏ। ਗੁਰੂ ਜੀ ਵੱਲੋਂ, ਕੋਈ ਵੀ ਪੈਸਾ ਨਾ ਜੋੜਿਆ ਹੋਣ ਦੀ ਗੱਲ ਸੁਣ ਕੇ ਕਲਿਆਣਦਾਸ ਜੀ ਬਹੁਤ ਕਰੋਧਤ ਹੋਏ ਅਤੇ ਪੁੱਤਰ ਨੂੰ ਲਾਪਰਵਾਹੀ ਛੱਡ ਕੇ ਸਿਆਣਾ ਬਣ ਕੇ ਕੰਮ ਕਰਨ ਲਈ ਸਮਝਾਇਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਦਿੱਲੀ ਦੇ ਬਾਦਸ਼ਾਹ ਇਬਰਾਹੀਮ ਲੋਧੀ ਦੁਆਰਾ ਦੌਲਤ ਖ਼ਾਂ ਲੋਧੀ ਨੂੰ 1504 ਈ. ਨੂੰ ਪੰਜਾਬ ਦਾ ਗਵਰਨਰ ਥਾਪਿਆ ਗਿਆ ਸੀ। ਇਸ ਤੋਂ ਪਹਿਲਾਂ ਉਹ ਸੁਲਤਾਨਪੁਰ ਰਿਹਾ ਕਰਦਾ ਸੀ, ਇਹ ਇਲਾਕਾ ਦੌਲਤ ਖ਼ਾਂ ਨੂੰ ਜਾਗੀਰ ਵਿੱਚ ਮਿਲਿਆ ਸੀ। 'ਮਹਾਨਕੋਸ਼' ਕਾਨ੍ਹ ਸਿੰਘ ਨਾਭਾ ਅਨੁਸਾਰ ਦੌਲਤ ਖ਼ਾਂ ਦੇ ਕਿਲ੍ਹੇ ਦੇ ਚਿੰਨ੍ਹ ਅੱਜ ਵੀ ਸੁਲਤਾਨਪੁਰ ਵਿੱਚ ਦਿੱਸਦੇ ਹਨ।
2. ਜਿਸ ਸਥਾਨ 'ਤੇ ਗੁਰੂ ਨਾਨਕ ਸਾਹਿਬ ਨੇ ਮੋਦੀਖਾਨੇ ਦੀ ਦੁਕਾਨ ਖੋਲ੍ਹੀ ਸੀ ਅਤੇ ਜਿੱਥੋਂ ਅਨੇਕ ਲੋਕ ਲਾਭ ਪ੍ਰਾਪਤ ਕਰਦੇ ਸਨ। ਇਸ ਸਥਾਨ 'ਤੇ ਗੁਰਦਵਾਰਾ ਹੱਟ ਸਾਹਿਬ ਸਥਾਪਤ ਹੈ। ਇੱਥੇ ਗੁਰੂ ਜੀ ਵੱਲੋਂ ਵਰਤੇ ਗਏ ਗਿਆਰਾਂ ਪੱਥਰ ਦੇ ਵੱਟੇ, ਜੋ ਕਿ ਛੋਟੇ-ਵੱਡੇ ਅਕਾਰ ਦੇ ਹਨ, ਸਾਂਭੇ ਪਏ ਹਨ। ਰਿਆਸਤ ਕਪੂਰਥਲੇ ਵੱਲੋਂ ਇਸ ਗੁਰਦਵਾਰੇ ਦੇ ਨਾਮ 20 ਘੁਮਾਂ ਜ਼ਮੀਨ ਲੁਆਈ ਹੋਈ ਹੈ।
3. ਭਾਈ ਸੰਤੋਖ ਸਿੰਘ ਨੇ ਮੋਦੀਖਾਨੇ ਨੂੰ ਦੁਕਾਨ ਲਿਖਿਆ ਹੈ, ਜੋ ਠੀਕ ਨਹੀਂ ਜਾਪਦਾ... ਮੋਦੀਖਾਨਾ ਉਹ ਥਾਂ ਹੁੰਦੀ ਹੈ ਜਿੱਥੇ ਹਰ ਪ੍ਰਕਾਰ ਦੇ ਅਨਾਜ ਦਾ ਮਾਲੀਆ, ਜਿਨਸ ਵਿੱਚ ਵਸੂਲ ਕੇ, ਸਰਕਾਰੀ ਅਤੇ ਅਰਧ-ਸਰਕਾਰੀ ਮੁਲਾਜ਼ਮਾਂ ਨੂੰ, ਨਿਸ਼ਚਿਤ ਮਾਤ੍ਰਾ ਵਿੱਚ ਤਨਖਾਹਾਂ ਵਜੋਂ ਰਾਸ਼ਨ ਦਿੱਤਾ ਜਾਂਦਾ ਸੀ। 'ਮੌਦਾ' ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਅਦਾ ਕੀਤਾ ਗਿਆ' ਭਾਵ ਉਹ ਥਾਂ, ਜਿੱਥੇ ਮਾਲੀਆ, ਜਿਨਸ ਦੇ ਰੂਪ ਵਿੱਚ ਦਿੱਤਾ ਜਾਦਾ ਸੀ। 'ਮੋਦੀ' 'ਮੌਦਾ' ਦਾ ਪੰਜਾਬੀ ਰੂਪ ਹੈ।

ਲੇਖਕ (ਗੁਰਦੀਪ ਸਿੰਘ) ਵੱਲੋਂ ਨੋਟ

ਗੁਰਮਤਿ-ਵਿਹੂਣੀ ਤੱਤਕਾਲੀਨ (ਮੌਜੂਦਾ) ਸਿੱਖ ਲੀਡਰਸ਼ਿਪ (ਰਾਜਨੀਤਕ ਤੇ ਧਾਰਮਿਕ ਲੀਡਰਸ਼ਿਪ) ਨੇ ਸੁਲਤਾਨਪੁਰ ਵਿੱਖੇ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਭੈਣ ਨਾਨਕੀ ਜੀ ਨਾਲ ਸੰਬੰਧਤ ਸਾਰੀਆਂ ਅਮੋਲਕ ਯਾਦਗਾਰਾਂ ਨੂੰ ਮੂਲ ਰੂਪ ਵਿੱਚ ਸਾਂਭ ਕੇ ਰੱਖਣ ਦੀ ਬਜਾਏ (ਸਿਵਾਏ ਪੱਥਰ ਦੇ ਵੱਟਿਆਂ ਦੇ) ਆਪ ਹੀ ਨਸ਼ਟ ਕਰਾ ਕੇ ਸੰਗਮਰਮਰ ਦੇ

ਪੱਥਰਾਂ ਹੇਠ ਦਫਨਾ ਦਿੱਤਾ ਹੈ। ਇਹ ਕੌਮ ਦੇ ਅਮੋਲਕ ਵਿਰਸੇ ਨੂੰ ਨਸ਼ਟ ਕਰਨ ਦਾ ਨਾ-ਬਖ਼ਸ਼ਣਯੋਗ ਅਪਰਾਧ ਹੈ ਜਿਸ ਬਾਰੇ ਕੌਮ ਨੂੰ, 'ਸਰਬੱਤ ਖ਼ਾਲਸਾ' ਦੀ ਕੇਂਦਰੀ ਸੰਸਥਾ ਦੁਆਰਾ, ਨੋਟਿਸ ਲੈ ਕੇ ਯੋਗ ਕਾਰਵਾਈ ਕਰਨ ਦੀ ਜ਼ਰੂਰਤ ਹੈ, ਕਿਉਂਕਿ ਵਿਰਾਸਤੀ ਯਾਦਗਾਰਾਂ ਨੂੰ ਮੂਲ-ਰੂਪ ਵਿੱਚ ਸੰਭਾਲ ਕੇ ਰੱਖਣਾ ਜਿਊਂਦੀਆਂ-ਜਾਗਦੀਆਂ ਕੌਮਾਂ ਦੀ ਪਛਾਣ ਹੁੰਦੀ ਹੈ। ਇਕੱਲੇ ਸੁਲਤਾਨਪੁਰ ਦੀ ਹੀ ਗੱਲ ਨਹੀਂ, ਗੁਰਮਤਿ-ਵਿਹੂਣੇ ਸਿੱਖ ਲੀਡਰਾਂ ਨੇ ਸਿੱਖ ਕੌਮ ਦੇ ਸ਼ਾਨਾਂ-ਮੱਤੇ ਵਿਰਸੇ ਦੀਆਂ ਤਕਰੀਬਨ ਸਾਰੀਆਂ ਹੀ ਨਿਸ਼ਾਨੀਆਂ ਨੂੰ ਆਪਣੇ ਹੱਥੀ ਹੀ (ਬੇ-ਸਮਝ ਕਾਰਸੇਵਾ ਵਾਲੇ ਅਖੌਤੀ ਬਾਬਿਆਂ ਰਾਹੀਂ) ਨਸ਼ਟ ਕਰ ਦਿੱਤਾ ਹੈ। ਸਦ ਅਫ਼ਸੋਸ!!

ਇਹ ਪਤਾ ਲਗਾਇਆ ਜਾਣਾ ਵੀ ਜ਼ਰੂਰੀ ਹੈ ਕਿ, ਕੀ ਅਜੇਹੀਆਂ ਸ਼ਰਮਨਾਕ ਕਾਰਵਾਈਆਂ ਦੇ ਪਿੱਛੇ ਕੋਈ ਸਾਜਿਸ਼ ਤਾਂ ਨਹੀਂ ਕੰਮ ਕਰ ਰਹੀ?

ਅਇਆਏ 18 ਦੀ ਸਾਖੀ ਦਾ ਸਾਰ

ਕਲਿਆਣ ਦਾਸ ਜੀ ਸੁਲਤਾਨਪੁਰ ਗੁਰੂ ਨਾਨਕ ਜੀ ਨੂੰ ਮੋਦੀਖਾਨੇ ਵਿੱਚ ਮਿਲਣ ਤੋਂ ਬਾਅਦ, ਬੇਬੇ ਨਾਨਕੀ ਜੀ ਦੇ ਘਰ ਪਹੁੰਚੇ ਤੇ ਜੈ ਰਾਮ ਤੇ ਨਾਨਕੀ ਜੀ ਨੂੰ ਉਲ੍ਹਾਮਾ ਦਿੱਤਾ ਕਿ ਤੁਸੀਂ ਨਾਨਕ ਦਾ ਖਿਆਲ ਨਹੀਂ ਰੱਖਿਆ, ਉਹ ਧਨ ਗਵਾਈ ਜਾ ਰਿਹਾ ਹੈ।

ਇਨ੍ਹੀ ਦਿਨੀ ਫਿਰ ਕਿਸੇ ਨੇ ਚੁ਼ਗਲੀ ਕੀਤੀ ਕਿ ਨਾਨਕ ਮੋਦੀਖਾਨੇ ਦਾ ਧਨ ਅਜਾਈਂ ਗੁਆਈ ਜਾ ਰਿਹਾ ਹੈ। ਲੇਖਾ ਕੀਤਾ ਗਿਆ ਤਾਂ 135 ਰੁਪਏ ਦਾ ਵਾਧਾ ਨਿਕਲਿਆ।

ਅਧਿਆਏ 19 ਦੀ ਸਾਖੀ ਦਾ ਸਾਰ

ਭਾਈ ਜੈ ਰਾਮ ਜੀ ਤੇ ਬੇਬੇ ਨਾਨਕੀ ਜੀ ਨੇ, ਗੁਰੂ ਜੀ ਲਈ, ਪੱਖੋ ਕੇ ਰੰਧਾਵੇ ਤੋਂ ਮੂਲੇ ਖੱਤਰੀ ਦੀ ਧੀ (ਮਾਤਾ ਸੁਲੱਖਣੀ ਜੀ) ਦਾ ਰਿਸ਼ਤਾ, ਕਲਿਆਣਦਾਸ ਜੀ ਅਤੇ ਮਾਤਾ ਤ੍ਰਿਪਤਾ ਜੀ ਦੀ ਸਹਿਮਤੀ ਨਾਲ, ਮਨਜ਼ੂਰ ਕਰ ਲਿਆ। ਦਾਦਕਿਆਂ ਅਤੇ ਨਾਨਕਿਆਂ ਵੱਲੋਂ ਅਤੇ ਭਾਈ ਜੈ ਰਾਮ ਜੀ ਵੱਲੋਂ ਇਸ ਖ਼ੁਸ਼ੀ ਵਿੱਚ ਬੜੇ ਦਾਨ ਕੀਤੇ ਗਏ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

ਭਾਈ ਬਾਲੇ ਦੀ ਸਾਖੀ ਤੋਂ ਸਿਵਾਏ, ਬਾਕੀ ਸਾਰੀਆਂ ਹੀ ਜਨਮ-ਸਾਖੀਆਂ ਵਿੱਚ ਕੁੜਮਾਈ ਤੇ ਵਿਆਹ ਤਲਵੰਡੀ ਵਿੱਚ ਹੋਇਆ ਦੱਸਿਆ ਗਿਆ ਹੈ, ਜੋ ਜ਼ਿਆਦਾ ਠੀਕ ਜਾਪਦਾ ਹੈ।

ਅਧਿਆਏ 20 ਦੀ ਸਾਖੀ ਦਾ ਸਾਰ

ਗੁਰੂ ਜੀ ਦੀ ਉਦਾਰਤਾ, ਦਲੇਰੀ ਅਤੇ ਵਧ ਰਹੀ ਸ਼ੋਭਾ ਤੋਂ ਖ਼ੁਣਸ ਖਾ ਕੇ, ਕਿਸੇ ਚੁ਼ਗਲਖੋਰ ਨੇ ਚੁਗਲੀ ਕਰ ਦਿੱਤੀ ਕਿ ਗੁਰੂ ਨਾਨਕ ਸਾਹਿਬ ਮੋਦੀਖਾਨੇ ਨੂੰ ਲੁਟਾਈ ਜਾ ਰਹੇ

ਹਨ। ਲੇਖਾ ਕੀਤਾ ਗਿਆ ਤਾਂ ਗੁਰੂ ਜੀ ਦੇ 321 ਰੁਪਏ ਦਾ ਵਾਧਾ ਨਿਕਲਿਆ। ਨਵਾਬ ਨੇ ਖੁਸ਼ ਹੋ ਕੇ ਤਿੰਨ ਹਜ਼ਾਰ ਰੁਪਏ ਗੁਰੂ ਜੀ ਨੂੰ ਇਨਾਮ ਵਜੋਂ ਦਿੱਤੇ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫੁੱਟਨੋਟ

ਇਸ ਅਧਿਆਏ ਦੇ ਅੰਕ 42, 43 ਤੇ 45 ਵਿੱਚ ਭਾਈ ਸੰਤੋਖ ਸਿੰਘ ਨੇ ਇਸਤਰੀ ਜਾਤੀ ਨੂੰ ਬਹੁਤ ਨੀਵਾਂ ਦੱਸਿਆ ਹੈ ਜੋ ਆਤਮਕ ਉਨਤੀ ਲਈ ਇੱਕ ਰੁਕਾਵਟ ਹੈ। ਇਹ ਬ੍ਰਾਹਮਣੀ ਮੱਤ ਅਤੇ ਗੋਰਖ ਪੰਥੀਆਂ ਦੇ ਅਸਰ ਥੱਲੇ ਲਿਖਿਆ ਜਾਪਦਾ ਹੈ। ਸਾਰੇ ਗੁਰੂ ਸਾਹਿਬਾਨ ਗ੍ਰਿਹਸਤੀ ਸਨ। ਗੁਰੂ ਸਾਹਿਬ ਦਾ ਆਦਰਸ਼ "ਵਿਚੇ ਗ੍ਰਿਸਤ ਉਦਾਸ ਰਹਾਈ"। (ਗੁਰੂ ਗ੍ਰੰਥ ਸਾਹਿਬ ਪੰਨ 494) ਉੱਤੇ ਦਰਜ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦਾ ਹੇਠ ਲਿਖਿਆ ਪੂਰਾ ਸ਼ਬਦ ਇਸਤਰੀ ਜਾਤੀ ਦੀ ਸਮਾਨਤਾ ਬਾਰੇ ਹੈ -

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਮ: ੧, ੪੭੩)

ਅਧਿਆਏ 21

ਮੂਲ ਪਾਠ

ਬਾਰਬਧੂ[4] ਬ੍ਰਿੰਦ ਸੰਗਿ ਗਮਨੀ ਉਮੰਗਿ ਮਨ ਅੰਗਨ ਸੁੰਗਾਰਕੈ ਅਨੰਗ ਮਾਨ ਟਾਰਿਹੀਂ।...॥੨੩॥

ਭਾਵ : ਵੇਸਵਾਵਾਂ (ਨਾਚੀਆਂ)[4] ਟੋਲੀਆਂ ਬੰਨ੍ਹ-ਬੰਨ੍ਹ ਕੇ ਰੀਝਾਂ ਨਾਲ ਅੰਗਾਂ ਨੂੰ ਸ਼ਿੰਗਾਰ ਕੇ ਜਾ ਰਹੀਆਂ ਸਨ (ਜੋ) ਕਾਮ (ਦੇਵਤੇ) ਦਾ ਵੀ ਮਾਨ ਉਤਾਰ ਰਹੀਆਂ ਸਨ।

ਸਾਖੀ ਦਾ ਸਾਰ

ਗੁਰੂ ਜੀ ਦੀ ਮੰਗਣੀ ਹੋਈ ਤੋਂ ਇੱਕ ਸਾਲ ਬਾਅਦ, ਸੁਲਤਾਨਪੁਰ ਤੋਂ ਗੁਰੂ ਜੀ ਦੀ ਬਰਾਤ ਬੜੇ ਸ਼ਾਹੀ ਸ਼ਾਨੋ-ਸ਼ੌਕਤ ਅਨੁਸਾਰ ਚੱਲ ਪਈ ਅਤੇ ਤਿੰਨ ਰਾਤਾਂ ਰਸਤੇ ਵਿੱਚ ਪੜਾਅ ਕਰਦੀ ਹੋਈ, ਮੂਲਾ ਚੌਣਾ ਦੇ ਪਿੰਡ ਜਾ ਪਹੁੰਚੀ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫੁੱਟਨੋਟ

ਗੁਰੂ ਨਾਨਕ ਜੀ ਦੇ ਵਿਆਹ ਤੇ ਨਾਚੀਆਂ ਅਤੇ ਵੇਸਵਾਵਾਂ ਦਾ ਕਥਨ ਕਿਸੇ ਹੋਰ ਜਨਮ-ਸਾਖੀ ਵਿੱਚ ਨਹੀਂ ਮਿਲਦਾ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਇਹ ਕਿਸੇ ਨਾਚ-ਰੰਗ ਦੇ ਸ਼ੌਕੀਨ ਕਵੀ ਨੇ ਆਖੇਪ ਕੀਤਾ ਲਗਦਾ ਹੈ। ਗੁਰਮਤਿ ਅਨੁਸਾਰ ਵੀ ਇਹ ਠੀਕ ਨਹੀਂ ਜਾਪਦਾ।

ਅਧਿਆਏ 22

ਮੂਲ ਪਾਠ

ਭਾਜਨ ਭੂਖਨ [18] ਚੀਰ ਪਟੰਬਰ [19] ਸੁੰਦਰ ਹੈਂ ਪਸ਼ਮੰਬਰ [20] ਭਾਰੇ।
ਬਾਜਨ [21] ਸਜ ਨਵੀਨ ਸਜੇ, ਬਹੁ ਦਾਇਜ ਦੀਨਿ ਉਤੰਗ ਤੁਖਾਰੇ। [22]
ਕੰਚਨ ਔਰ ਖਜੂਰ [23] ਦਯੋ, ਪੁਨ ਦਾਸੀ ਦਈ ਤਨਿਆ ਹਿਤਕਾਰੇ [24]।
ਦਾਇਜ ਦੀਨ ਵਡੇ, ਪੁਰਿ ਪੰਚ ਲੈ ਯੌਂ ਜਸ ਸੰਚਨ ਕੀਨ ਸਵਾਰੇ॥ ੫੩॥

ਭਾਵ : ਭਾਂਡੇ ਗਹਿਣੇ[18], ਕੱਪੜੇ, ਬਹੁਤ ਸਾਰੇ ਰੇਸ਼ਮੀ[19] ਊਨੀ[20] ਕੱਪੜੇ, ਸਜੀ-ਸਜਾਈ ਘੋੜੀ[21], ਨਵੇਂ ਸਾਜ-ਬਾਜ ਤੇ (ਹੋਰ) ਬਹੁਤ ਦਾਜ ਦਿੱਤਾ ਤੇ ਉੱਚੇ-ਉੱਚੇ ਊਠ[22] ਵੀ (ਦਿੱਤੇ)। ਸੋਨਾ ਅਤੇ ਚਾਂਦੀ[23] ਵੀ ਦਿੱਤੀ ਅਤੇ ਫੇਰ ਪੁੱਤਰੀ ਦੀ ਸੇਵਾ ਲਈ[24] ਨੌਕਰਾਣੀ ਵੀ ਦਿੱਤੀ ਗਈ। ਨਗਰ ਦੇ ਪੰਚ ਨੇ ਵੀ ਬਹੁਤ ਦਾਜ ਦੇ ਕੇ ਜਸ ਖੱਟਿਆ ਸੀ॥੫੩॥

ਅਧਿਆਏ 22 ਦੀ ਸਾਖੀ ਦਾ ਸਾਰ

ਗੁਰੂ ਜੀ ਦਾ ਵਿਆਹ ਬੜੇ ਸ਼ਾਹੀ ਠਾਠ-ਬਾਠ ਨਾਲ ਹੋਇਆ। ਧਨ ਅਤੇ ਪਦਾਰਥਾਂ ਦੇ ਰੂਪ ਵਿੱਚ ਖੁੱਲ੍ਹਾ ਤੇ ਵੰਨ-ਸਵੰਨਾ ਦਾਜ ਦਿੱਤਾ ਗਿਆ।

ਅਧਿਆਏ 23 ਦੀ ਸਾਖੀ ਦਾ ਸਾਰ

ਵਾਜੇ-ਗਾਜਿਆਂ ਦੀ ਘਨਘੋਰ ਵਿੱਚ ਖੁਸ਼ੀਆਂ ਖਲੇਰਦੀ ਜੰਞ, ਵਾਪਸ ਸੁਲਤਾਨਪੁਰ ਪੁੱਜੀ। ਇਥੇ ਦੋ ਰਾਤਾਂ ਠਹਿਰਨ ਤੋਂ ਬਾਅਦ, ਜੰਞ ਤਲਵੰਡੀ ਲਈ ਚੱਲ ਪਈ। ਗੁਰੂ ਜੀ ਨੇ ਮੋਦੀਖਾਨੇ ਦਾ ਕੰਮ ਬਾਲੇ ਨੂੰ ਸੰਭਾਲ ਦਿੱਤਾ ਸੀ।

ਅਧਿਆਏ 24

ਮੂਲ ਪਾਠ

ਕਮਲ ਬਦਨ ਨਿਜ ਸਦਨ ਨ ਆਵਹਿਂ। ਆਪਨ[1] ਪਰ ਨਿਸ ਦਯੋਸ ਬਿਤਾਵਹਿਂ।
ਜੇ ਕਬਿ ਆਵਹਿਂ ਦੀਨਨ ਨਾਥਾ। ਭਨਤਿ ਨ ਬਚਨ ਸੁਲਖਣੀ ਸਾਥਾ॥੫੮॥

ਭਾਵ: ਕਮਲ-ਮੁੱਖ ਵਾਲੇ (ਗੁਰੂ ਜੀ) ਆਪਣੇ ਘਰ (ਹੀ) ਨਹੀਂ ਸਨ ਆਉਂਦੇ। ਦਿਨ ਤੇ ਰਾਤ ਹੱਟੀ[1] (ਮੋਦੀ ਖਾਨੇ) 'ਤੇ ਹੀ ਬਿਤਾਉਂਦੇ। ਜੇਕਰ ਗ਼ਰੀਬਾਂ ਦੇ ਮਾਲਿਕ (ਗੁਰੂ ਜੀ) ਕਦੇ ਘਰ ਆ ਹੀ ਜਾਂਦੇ ਤਾਂ ਸੁਲੱਖਣੀ ਜੀ ਨਾਲ (ਕੋਈ) ਵੀ ਗੱਲਬਾਤ ਨਾ ਕਰਦੇ।

ਕਿੰਚਤ ਪ੍ਰੀਤਿ ਨ ਚਿਤ ਤੇ ਕਰਿਈਂ। ਆਨ ਦਰਬ ਕਛੁ ਧਾਮ ਨ ਧਰਿਈਂ।
ਦੀਨਨਿ ਦੇਨੋ ਦਾਨ ਦਨਾਈ[2]। ਕਰਿ ਦੁਕਾਨ ਜਗ ਰੀਤਿ ਚਲਾਈ॥੫੯॥

ਭਾਵ : (ਉਹ) ਮਨ ਤੋਂ ਰਤੀ ਜਿਨੀ ਵੀ ਪ੍ਰੀਤ ਨਾ ਕਰਦੇ। (ਕਮਾਈ ਵਿੱਚੋਂ) ਕੋਈ

ਰੁਪਿਆ-ਪੈਸਾ ਲਿਆ ਕੇ ਘਰ ਨਾ ਦਿੰਦੇ। (ਸਗੋਂ) ਗ਼ਰੀਬਾਂ ਨੂੰ ਦਾਨ ਦੇਣ ਵਿੱਚ (ਉਹ) ਚਤੁਰਕ (ਦਾਨੇ) ਸਨ। ਮੋਦੀਖਾਨਾ (ਦੁਕਾਨ) ਕਰ ਕੇ (ਚਲਾ ਕੇ) ਲੋਕਾਂ ਲਈ ਗਤੀ ਪੈਦਾ ਕਰ ਦਿੱਤੀ (ਰਸਤਾ ਵਿਖਾ ਦਿੱਤਾ)।

ਦੋਹਰਾ

ਸੁਨਿ ਪਿਖਿ ਖਿਝਹਿ ਸੁਲੱਖਨੀ ਅਸ ਪ੍ਰਕਾਰ ਬਿਵਹਾਰ [6]।
ਘਰ ਕੀ ਪੀਰ ਨ ਜਾਨਈ ਬਾਹਰ ਬਨਯੋ ਉਦਾਰ ॥ ੬੧ ॥

ਭਾਵ : ਸੁਲੱਖਣੀ (ਜੀ) ਇਸ ਤਰ੍ਹਾਂ ਦੇ ਵਰਤਾਉ ਨੂੰ ਸੁਣ ਕੇ ਅਤੇ ਵੇਖ ਕੇ ਖਿੱਝਦੇ ਸਨ- (ਆਪ) ਬਾਹਰ ਤਾਂ (ਬੜੇ) ਦਾਨੀ ਬਣੇ ਫਿਰਦੇ ਹਨ ਤੇ ਘਰ ਦੇ ਦੁੱਖ ਨੂੰ ਜਾਣਦੇ (ਹੀ) ਨਹੀਂ।

ਚੌਪਈ

ਰਾਖਹਿਂ ਦਰਬ ਨ, ਖੋਇਂ ਅਕਾਜੂ [7]। ਸਦਾ ਮੂਲ [8] ਜੋ ਗ੍ਰਸਤਿ ਸਮਾਜੂ।
ਘਰ ਕੇ ਖਰਚ ਅਨਿਕ ਬਿਧਿ ਹੋਇਂ। ਦਰਬ ਪਾਸ ਤੇ ਪੂਜਹਿਂ[9] ਸੋਇ ॥੬੨ ॥

ਭਾਵ: (ਆਪ) ਧਨ (ਰੁਪਏ-ਪੈਸੇ) ਨੂੰ ਸੰਭਾਲਦੇ (ਜੋੜਦੇ) ਨਹੀਂ ਤੇ ਬੇ-ਫ਼ਾਇਦਾ[7] ਗਵਾਈ ਜਾਂਦੇ ਹਨ। (ਉਸ ਧਨ ਨੂੰ) ਜੋ ਕਿ ਹਮੇਸ਼ਾਂ ਹੀ ਸਮਾਜ (ਅਤੇ) ਗ੍ਰਹਿਸਤ ਦਾ ਆਧਾਰ ਹੁੰਦਾ ਹੈ। ਘਰਾਂ ਦੇ ਅਨੇਕਾਂ ਪ੍ਰਕਾਰ ਦੇ ਖਰਚੇ ਹੁੰਦੇ ਹਨ, ਜੋ ਧਨ ਦੀ ਮਦਦ ਨਾਲ ਹੀ ਪੂਰੇ[9] ਹੁੰਦੇ ਹਨ।

ਸਦਾ ਗਿਨਤ ਗਿਨਤੀ ਇਸ ਭਾਂਤੀ। ਹਿਰਦੇ ਦੁਖਤਿ ਰਹਤਿ ਦਿਨ ਰਾਤੀ।
ਕਬਿ ਕਬਿ ਆਇ ਨਾਨਕੀ ਪਾਸਾ। ਕਹੈ ਰੋਸ [12] ਸੋ ਨਿਜ ਦੁਖ [13] ਰਾਸਾ ॥ ੬੪ ॥

ਭਾਵ : (ਸੁਲੱਖਣੀ ਜੀ) ਸਦਾ ਹੀ ਇਸ ਤਰ੍ਹਾਂ ਦੀਆਂ ਸੋਚਾਂ ਵਿੱਚ ਪਈ ਰਹਿੰਦੀ। ਦਿਨ-ਰਾਤ ਉਸ ਦਾ ਮਨ ਦੁਖੀ ਹੁੰਦਾ ਰਹਿੰਦਾ। ਕਦੇ-ਕਦਾਈਂ (ਉਹ) ਨਾਨਕੀ (ਜੀ) ਕੋਲ ਆ ਕੇ ਗੁੱਸੇ ਨਾਲ[12] ਆਪਣਾ ਸਾਰਾ[13] ਦੁੱਖ ਆਖ (ਵੀ) ਦਿੰਦੀ।

ਅਧਿਆਏ 24 ਦੀ ਸਾਖੀ ਦਾ ਸਾਰ

ਵਿਆਹ ਮਗਰੋਂ ਗੁਰੂ ਜੀ ਮਹੀਨਾ-ਭਰ ਤਲਵੰਡੀ ਰਹੇ। ਰਾਇ ਬੁਲਾਰ ਜੀ ਨੂੰ ਵੀ ਮਿਲੇ। ਫਿਰ ਗੁਰੂ ਜੀ ਆਪਣੇ ਮਹਿਲ (ਮਾਤਾ ਸੁਲੱਖਣੀ ਜੀ) ਨੂੰ ਡੋਲੇ ਵਿੱਚ ਨਾਲ ਲੈ ਕੇ ਸੁਲਤਾਨਪੁਰ ਆ ਗਏ। ਕੁੱਝ ਸਮਾਂ ਭੈਣ ਨਾਨਕੀ ਜੀ ਨਾਲ ਰਹੇ। ਪਰ, ਫੇਰ ਵੱਖਰਾ ਘਰ ਬਣਾ ਕੇ ਵਸੇਬਾ ਕਰ ਲਿਆ।

ਗੁਰੂ ਜੀ ਸਦਾ ਸਿਮਰਨ ਅਤੇ ਮੋਦੀਖਾਨੇ ਦੀ ਕਾਰ ਵਿੱਚ ਹੀ ਰੁੱਝੇ ਰਹਿੰਦੇ ਤੇ ਪਤਨੀ ਨਾਲ ਕਦੇ ਗੱਲ ਵੀ ਨਾ ਕਰਦੇ ਕਿਉਂਕਿ ਘਰੇ ਤਾਂ ਘੱਟ-ਵੱਧ ਹੀ ਆਉਂਦੇ ਸਨ ਤੇ

ਜਿਆਦਾ ਸਮਾਂ ਮੋਦੀਖਾਨੇ 'ਤੇ ਬਿਤਾਉਂਦੇ ਸਨ। ਸੁਲੱਖਣੀ ਜੀ ਖਿਝਦੇ ਕਿ ਉਹ ਨਾ ਹੀ ਧਨ ਘਰ ਲਿਆਉਂਦੇ ਹਨ ਅਤੇ ਨਾ ਹੀ ਜੋੜਦੇ ਹਨ, ਸਗੋਂ ਗ਼ਰੀਬਾਂ-ਕੰਗਾਲਾਂ ਨੂੰ ਲੁਟਾਈ ਹੀ ਜਾਂਦੇ ਸਨ। ਅੰਤ, ਦੁਖੀ ਹੋ ਕੇ, ਉਨ੍ਹਾਂ ਨੇ ਨਨਾਣ ਨੂੰ ਉਲ੍ਹਾਮਾ ਦਿੱਤਾ ਪਰ ਨਾਨਕੀ ਜੀ ਨੇ ਉਸ ਨੂੰ, ਪਤੀ ਅਨੁਸਾਰ ਹੀ ਚੱਲਣ ਦੀ ਨਸੀਹਤ ਦਿੱਤੀ। ਉਲੰਘਣਾ ਨਾ ਕਰਨ ਅਤੇ ਪਤੀ ਦੇ ਅਨੁਸਾਰੀ ਹੋਣ ਵਿੱਚ ਹੀ ਸੁਖ-ਪ੍ਰਾਪਤੀ ਦਾ ਭੇਦ ਦਰਸਾਇਆ ਤੇ ਇਹ ਵੀ ਕਿਹਾ ਕਿ ਜਿਸ ਚੀਜ ਦੀ ਇੱਛਾ ਹੋਵੇ, ਉਹ ਉਸ ਨੂੰ ਦੱਸੇ ਅਤੇ ਉਸ ਦੀ ਲੋੜ ਪੂਰੀ ਕਰਵਾ ਦੇਵੇਗੀ।

ਲੇਖਕ (ਗੁਰਦੀਪ ਸਿੰਘ) ਵੱਲੋਂ ਟਿੱਪਣੀਆਂ

1. ਗੁਰੂ ਨਾਨਕ ਸਾਹਿਬ ਦੇ ਪਿਤਾ ਕਲਿਆਣ ਦਾਸ ਜੀ ਨੂੰ, ਕਿਸੇ ਸਾਜਿਸ਼ ਅਧੀਨ, ਬਹੁਤ ਹੀ ਲਾਲਚੀ ਕਿਸਮ ਦੇ ਇਨਸਾਨ ਦੇ ਤੌਰ 'ਤੇ ਦਰਸਾਇਆ ਗਿਆ ਹੈ।
2. ਗੁਰੂ ਨਾਨਕ ਸਾਹਿਬ ਦੇ ਵਿਆਹ 'ਤੇ ਬਹੁਤ ਹੀ ਫ਼ਜ਼ੂਲ ਕਿਸਮ ਦੀਆਂ ਗੁਰਮਤਿ-ਵਿਰੋਧੀ ਰਸਮਾਂ (ਨਾਚੀਆਂ ਤੇ ਵੇਸਵਾਵਾਂ ਦੇ ਨਾਚ ਆਦਿ ਸਮੇਤ) ਅਤੇ ਦਹੇਜ਼ ਦਾ ਲੈਣ/ਦੇਣ ਅਤੇ ਹੋਰ ਬੇ-ਲੋੜੇ ਖਰਚੇ ਤੇ ਵਿਖਾਵੇ ਕੀਤੇ ਦੱਸੇ ਗਏ ਹਨ। ਇਹ ਸਾਰੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਸਤਿਗੁਰਾਂ ਦੇ ਵਿਆਹ ਨਾਲ ਕਿਉਂ ਜੋੜੀਆਂ ਗਈਆਂ ਹਨ? ਵਿਚਾਰਨ ਦਾ ਵਿਸ਼ਾ ਹੈ। ਕੀ ਅਜਿਹਾ ਸਤਿਗੁਰਾਂ ਦੀ ਅਗੰਮੀ ਸ਼ਖਸੀਅਤ ਦੀ ਤੌਹੀਨ ਕਰਨ ਲਈ ਅਤੇ ਨਿਰਮਲ ਗੁਰਮਤਿ ਸਿਧਾਂਤਾਂ ਨੂੰ ਧੁੰਧਲਾ ਕਰਨ ਲਈ ਕੀਤਾ ਗਿਆ ਹੈ?
3. **ਗੁਰੂ ਨਾਨਕ ਸਾਹਿਬ ਨੂੰ ਇੱਕ ਲਾ-ਪਰਵਾਹ ਅਤੇ ਗ਼ੈਰ-ਜ਼ਿੰਮੇਵਾਰ ਪਤੀ ਦੇ ਰੂਪ ਵਿੱਚ ਕਿਉਂ ਪੇਸ਼ ਕੀਤਾ ਗਿਆ ਹੈ? ਕੀ ਮਨੁੱਖਤਾ ਨੂੰ ਲਾਸਾਨੀ ਅਤੇ ਆਦਰਸ਼ਕ ਜੀਵਨ-ਜਾਚ ਵਾਲਾ ਫ਼ਲਸਫ਼ਾ ਦੇਣ ਵਾਲੇ ਸਤਿਗੁਰਾਂ ਦਾ ਆਪਣਾ ਨਿੱਜੀ ਜੀਵਨ ਗੁਰਮਤਿ ਫ਼ਲਸਫ਼ੇ ਦੀ ਉਲੰਘਣਾ ਕਰਨ ਵਾਲਾ ਹੋ ਸਕਦਾ ਹੈ? ਨਹੀਂ। ਹਰਗਿਜ਼ ਨਹੀਂ। ਇਹ, ਨਿਰਸੰਦੇਹ, ਗੁਰ-ਇਤਿਹਾਸ 'ਚ ਜਾਣ-ਬੁੱਝ ਕੇ ਦਾਖਲ ਕੀਤੀ ਗਈ ਸਾਜਿਸ਼ੀ ਮਿਲਾਵਟ ਹੀ ਹੈ।**

ਗੁਰਮਤਿ

ਜਾਲਉ ਐਸੀ ਰੀਤਿ ਜਿਤੁ ਮੈਂ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ (ਮ: ੧, ੫੯੦)

ਭਾਵ : ਮੈਂ ਇਹੋ-ਜਿਹੀ ਰੀਤ ਨੂੰ ਸਾੜ ਦਿਆਂ ਜਿਸ ਕਰ ਕੇ ਪਿਆਰਾ ਪ੍ਰਭੂ ਮੈਨੂੰ ਵਿੱਸਰ ਜਾਏ। ਹੇ ਨਾਨਕ! ਪ੍ਰੇਮ ਉਹੋ ਹੀ ਚੰਗਾ ਹੈ ਜਿਸ ਦੀ ਰਾਹੀਂ ਮਾਲਿਕ-ਪ੍ਰਭੂ ਨਾਲ ਇੱਜ਼ਤ ਬਣੀ ਰਹੇ।

ਸਤਿਗੁਰਾਂ ਦੇ ਵਿਆਹ ਨਾਲ ਜੋੜੀਆਂ ਗਈਆਂ ਉਪਰੋਕਤ ਸਾਰੀਆਂ ਹੀ ਰਸਮਾਂ ਪ੍ਰਭੂ-ਪਿਤਾ ਦੀ ਯਾਦ ਨੂੰ ਵਿਸਾਰਨ ਵਾਲੀਆਂ ਹਨ, ਫ਼ਜ਼ੂਲ ਦੇ ਲੋਕਾਚਾਰੀ ਵਿਖਾਵੇ ਹਨ, ਗੁਰਮਤਿ-ਸਭਿਆਚਾਰ ਦੇ ਵਿਪਰੀਤ (ਗੁਰਮਤਿ-ਵਿਰੋਧੀ) ਹਨ। ਜਿਹੜੇ ਸਤਿਗੁਰੂ ਨੌਂ ਸਾਲ ਦੀ ਨਿੱਕੀ ਜਿਹੀ ਉਮਰ ਵਿੱਚ ਜਨੇਊ-ਧਾਰਨ ਕਰਨ ਦੀ ਗੁਰਮਤਿ-ਵਿਰੋਧੀ (ਗ਼ੈਰ-ਕੁਦਰਤੀ) ਰਸਮ ਨੂੰ ਅਕੱਟ ਦਲੀਲਾਂ ਦੇ ਆਧਾਰ 'ਤੇ ਰੱਦ ਕਰ ਕੇ ਇੱਕ ਲਾਸਾਨੀ (ਗੁਰਮਤਿ) ਇਨਕਲਾਬ ਦਾ ਆਗਾਜ਼ ਕਰ ਚੁੱਕੇ ਸਨ, ਉਹ ਭਲਾ ਆਪਣੇ ਵਿਆਹ ਸਮੇਂ ਅਜਿਹੀਆਂ ਫ਼ਜ਼ੂਲ, ਅਸ਼ਲੀਲ ਤੇ ਗੁਰਮਤਿ-ਵਿਰੋਧੀ ਰਸਮਾਂ ਅਦਾ ਕਰਨ ਲਈ ਕਿਵੇਂ ਸਹਿਮਤ ਹੋ ਸਕਦੇ ਸਨ ? ਨਿਰਸੰਦੇਹ, ਅਜਿਹਾ ਕੂੜ-ਕਬਾੜ ਜਾਂ ਤਾਂ ਭਾਈ ਸੰਤੋਖ ਸਿੰਘ ਦੀ ਗੁਰਮਤਿ ਸਿਧਾਂਤਾਂ ਦੀ ਸਪੱਸ਼ਟ ਸੋਝੀ ਨਾ ਹੋਣ ਕਾਰਨ ਅਤੇ ਜਾਂ ਫਿਰ ਉਨ੍ਹਾਂ ਦੇ ਸਹਿਜੋਗੀ ਪੰਡਤਾਂ ਦੀ ਸ਼ਰਾਰਤ ਕਾਰਨ ਸਤਿਗੁਰਾਂ ਦੇ ਜੀਵਨ-ਬਿਰਤਾਂਤ ਵਿੱਚ ਸ਼ਾਮਿਲ ਹੋਇਆ ਹੈ, ਰੱਦ ਕਰਨਯੋਗ ਅਤੇ ਨਿਖੇਧੀ ਕਰਨਯੋਗ ਹੈ। ਦੁਨਿਆਵੀ ਦਹੇਜ ਲੈਣ/ਦੇਣ ਬਾਰੇ ਵੀ ਗੁਰਮਤਿ ਫ਼ਲਸਫ਼ਾ ਸਖਤੀ ਨਾਲ ਤਾੜਨਾ ਕਰਦਾ ਹੈ -

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈਂ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥...
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥

(ਮ: ੪, ੭੮)

ਭਾਵ : ਹੇ ਮੇਰੇ ਪਿਤਾ। (ਮੈਂ ਤੈਥੋਂ ਦਾਜ ਮੰਗਦੀ ਹਾਂ) ਮੈਨੂੰ ਹਰੀ-ਪ੍ਰਭੂ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇਹ। ਮੈਨੂੰ ਹਰੀ ਦਾ ਨਾਮ ਹੀ (ਦਾਜ ਦੇ) ਕੱਪੜੇ ਦੇਹ, ਮੈਨੂੰ ਹਰੀ ਦਾ ਨਾਮ ਹੀ (ਦਾਜ ਦੇ ਗਹਿਣੇ ਆਦਿਕ) ਧਨ ਦੇਹੁ, ਇਸੇ ਦਾਜ ਨਾਲ ਮੇਰਾ (ਪ੍ਰਭੂ-ਪਤੀ ਨਾਲ) ਵਿਆਹ ਸੋਹਣਾ ਲੱਗਣ ਲੱਗ ਪਏ।

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹੋਰ ਬੰਦੇ ਜਿਹੜਾ ਦਾਜ ਰੱਖ ਕੇ ਵਿਖਾਲਦੇ ਹਨ (ਵਿਖਾਲਾ ਪਾਂਦੇ ਹਨ) ਉਹ ਝੂਠਾ ਅਹੰਕਾਰ (ਪੈਦਾ ਕਰਨ ਵਾਲਾ) ਹੈ, ਉਹ ਕੱਚ (ਸਮਾਨ) ਹੈ, ਉਹ (ਨਿਰਾ) ਵਿਖਾਵਾ ਹੀ ਹੈ।

ਲੋਕ-ਲਾਜ (ਲੋਕਾਚਾਰੀ) ਅਤੇ ਵਿਖਾਵੇ ਲਈ ਕੀਤੀਆਂ ਜਾਣ ਵਾਲੀਆਂ (ਭੇਡਚਾਲੀ) ਰਸਮਾਂ-ਗੀਤਾਂ ਨੂੰ ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ ਮੁੱਢੋਂ ਹੀ ਰੱਦ ਕਰਦਾ ਹੈ -

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ***ਦੁਤੀਆ ਤਿਆਗੀ ਲੋਗਾ ਰੀਤਿ ॥***

(ਮ:੫, ੩੭੦)

ਭਾਵ : (ਹੇ ਭਾਈ!) ਪਹਿਲੀ ਗੱਲ, ਮੈਂ ਆਪਣੀ 'ਮੈਂ-ਮੇਰੀ' ਨੂੰ ਪਿਆਰ ਕਰਨਾ ਛੱਡ ਦਿੱਤਾ ਹੈ ਅਤੇ ਦੂਜੀ ਗੱਲ ਮੈਂ ਲੋਕਾਚਾਰੀ ਦਾ ਤਿਆਗ ਕਰ ਦਿੱਤਾ ਹੈ।

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ (ਮ: ੩, ੨੮)

ਭਾਵ: ਆਪ-ਹੁਦਰਾ (ਮਨਮੁਖ) ਮਨੁੱਖ (ਬਹੁਤੇ ਕੰਮ) ਦੂਜਿਆਂ ਦੀ ਰੀਸੋ-ਰੀਸ ਹੀ ਕਰਦਾ ਹੈ, ਉਸ ਨੂੰ ਹੁਕਮਿ-ਰਜ਼ਾਈ ਚੱਲਣ ਦੀ ਸੋਝੀ ਨਹੀਂ ਪ੍ਰਾਪਤ ਹੁੰਦੀ (ਅਤੇ ਹੁਕਮਿ ਰਜ਼ਾਈ ਚੱਲਣ ਤੋਂ ਬਿਨਾਂ ਮਨੁੱਖਾ ਜਨਮ ਸਫ਼ਲ ਨਹੀਂ ਹੋ ਸਕਦਾ)।

ਭੇਡ-ਚਾਲ

ਭੇਡ ਦਾ ਕੁਦਰਤੀ ਸੁਭਾਅ, ਅੱਗੇ ਚੱਲ ਰਹੀ ਭੇਡ ਦੇ ਪਿੱਛੇ-ਪਿੱਛੇ ਤੁਰਨਾ ਹੀ ਹੁੰਦਾ ਹੈ। ਜੇਕਰ ਅੱਗੇ ਚੱਲ ਰਹੀ ਭੇਡ, ਅਨਭੋਲ ਹੀ, ਕਿਸੇ ਖੂਹ-ਖਾਤੇ ਵਿੱਚ ਡਿੱਗ ਪਵੇ ਤਾਂ ਉਸ ਦੇ ਪਿੱਛੇ ਆ ਰਹੀ ਭੇਡਾਂ ਦੀ ਵਹੀਰ ਵੀ ਉਸੇ ਖੂਹ-ਖਾਤੇ ਵਿੱਚ ਡਿੱਗ ਪਿਆ ਕਰਦੀ ਹੈ। ਆਪਣੇ ਮਨ ਦੀ ਮੱਤ ਦੇ ਪਿੱਛੇ ਚੱਲਣ ਵਾਲੇ (ਮਨਮੁੱਖ) ਮਨੁੱਖਾਂ ਦਾ ਸੁਭਾਅ ਵੀ ਕੁੱਝ ਏਦਾਂ ਦਾ ਹੀ ਹੁੰਦਾ ਹੈ। ਉਹ ਆਪਣੇ ਕਾਰਜ-ਵਿਹਾਰ, ਬਿਨਾਂ ਨਫ਼ਾ-ਨੁਕਸਾਨ ਵਿਚਾਰਨ ਦੇ, ਸਮਾਜ ਵਿੱਚ ਪ੍ਰਚੱਲਤ ਹੋ ਚੁੱਕੀਆਂ ਰਸਮਾਂ-ਰੀਤਾਂ ਅਨੁਸਾਰ ਹੀ ਕਰਦੇ ਰਹਿੰਦੇ ਹਨ। ਸਗੋਂ, ਆਪਣੇ ਸ਼ਰੀਕਾਂ ਨਾਲੋਂ ਵੱਡਾ ਬਣਨ ਲਈ (ਫ਼ੋਕੀ ਸ਼ੋਹਰਤ ਹਾਸਿਲ ਕਰਨ ਲਈ) ਮਨਮੁੱਖ ਬੰਦੇ ਹੋਰ ਵੀ ਭਾਂਤ-ਭਾਂਤ ਦੀਆਂ, ਫ਼ਜ਼ੂਲ ਖਰਚੇ ਵਾਲੀਆਂ ਪਿਰਤਾਂ ਪਾਉਣ ਵਾਲੀਆਂ ਕਾਰਵਾਈਆਂ ਕਰਨ ਲੱਗ ਪੈਂਦੇ ਹਨ। ਉਦਾਹਰਣ ਦੇ ਤੌਰ ਤੇ, ਅੱਜਕਲ ਸਿੱਖ ਸਮਾਜ ਵਿੱਚ, ਗੁਰਮਤਿ-ਅਨੁਸਾਰੀ ਸਾਦਗੀ ਵਾਲੇ ਵਿਆਹਾਂ ਦੀ ਥਾਂ, ਮੈਰਿਜ-ਪੈਲੇਸ ਦਾ ਲੱਚਰ ਅਤੇ ਗੁਰਮਤਿ-ਵਿਰੋਧੀ ਰਿਵਾਜ ਜੜ੍ਹਾਂ ਪਕੜਦਾ ਜਾ ਰਿਹਾ ਹੈ। ਇਹ ਭੇਡਚਾਲ ਅਤੇ ਦੇਖਾ-ਦੇਖੀ ਹੀ ਤਾਂ ਹੈ। ਗੁਰਮਤਿ ਫ਼ਲਸਫ਼ਾ ਮਨੁੱਖਤਾ ਨੂੰ ਇਨ੍ਹਾਂ ਨਾਕਸ ਰਸਮਾਂ-ਰੀਤਾਂ ਤੋਂ ਸਖਤੀ ਨਾਲ ਵਰਜਦਾ ਹੈ ਕਿਉਂਕਿ ਅਜਿਹੀਆਂ ਲੱਚਰ ਤੇ ਫ਼ਜ਼ੂਲ ਖਰਚੇ ਦੀਆਂ ਰਸਮਾਂ ਕੌਮਾਂ ਦੇ ਸਭਿਆਚਾਰ ਨੂੰ ਵਿਗਾੜ ਕੇ ਕੌਮਾਂ ਦੇ ਸੱਤਿਆਨਾਸ਼ ਦਾ ਕਾਰਨ ਬਣ ਜਾਂਦੀਆਂ ਹਨ।

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥

(ਕਬੀਰ ਜੀ, ੧੩੭੩)

ਪਦ-ਅਰਥ : ਪੰਡਿਤ-ਗੁਰਮਤਿ-ਵਿਹੂਣੇ ਧਾਰਮਿਕ ਆਗੂ (ਵਿਦਵਾਨ)। ਬਹੀਰ-ਪਿੱਛ-ਲੱਗ (ਅੰਧ-ਵਿਸ਼ਵਾਸੀ) ਲੋਕਾਂ ਦੀ ਭੀੜ। ਅਵਘਟ-ਔਖੀ। ਘਾਟੀ-ਰਾਹ।

ਭਾਵ : ਹੇ ਕਬੀਰ! (ਗਿਆਨ ਤੋਂ ਸੱਖਣੀ) ਲੋਕਾਈ (ਆਮਤੌਰ 'ਤੇ) ਕੇਵਲ ਧਾਰਮਿਕ ਪਹਿਰਾਵੇ (ਭੇਖ) ਜਾਂ ਹੋਰ ਵਿਖਾਵੇ ਦੀਆਂ ਰਸਮਾਂ-ਰੀਤਾਂ ਨਿਭਾਉਂਣ ਵਾਲੇ ਆਗੂਆਂ ਦੇ ਦੱਸੇ ਰਾਹ 'ਤੇ ਹੀ ਚਲਦੀ ਹੈ (ਅੰਤ ਨੂੰ ਖੁਆਰ ਹੀ ਹੁੰਦੀ ਹੈ) ਤੇ ਪ੍ਰਭੂ-ਪਿਤਾ ਨਾਲ ਮਿਲਾਪ ਹਾਸਿਲ ਨਹੀਂ ਕਰ ਸਕਦੀ। ਪਰ, ਮੈਂ ਤਾਂ ਪ੍ਰਭੂ-ਪਿਤਾ ਵੱਲੋਂ ਦੱਸੇ ਰਾਹ 'ਤੇ ਤੁਰ ਕੇ (ਹੁਕਮਿ ਰਜ਼ਾਈ ਚੱਲ ਕੇ) ਹੀ ਮਾਲਿਕ-ਪ੍ਰਭੂ ਨਾਲ ਮਿਲਾਪ ਹਾਸਿਲ ਕੀਤਾ ਹੈ, ਭਾਵੇਂ ਇਹ ਰਸਤਾ ਕੁੱਝ ਔਖਾ ਜ਼ਰੂਰ ਹੈ।

ਨਾਰੀ ਦਾ ਸਨਮਾਨ

ਸ਼ਾਇਦ ਸੰਸਾਰ ਦੇ ਇਤਿਹਾਸ ਵਿੱਚ, ਗੁਰੂ ਨਾਨਕ ਸਾਹਿਬ ਪਹਿਲੇ ਮਹਾਂ-ਪੁਰਖ ਹਨ ਜਿਨ੍ਹਾਂ ਨੇ ਨਾਰੀ ਨੂੰ ਮਰਦ ਦੇ ਬਰਾਬਰ ਦਾ ਹੀ ਨਹੀਂ ਸਗੋਂ ਮਰਦ ਨਾਲੋਂ ਵੀ ਵੱਧ ਮਾਣ-ਸਤਿਕਾਰ ਦਿੱਤਾ ਹੈ। ਸਤਿਗੁਰਾਂ ਵੱਲੋਂ ਉਚਾਰਨ ਕੀਤੀ ਨਿਰੰਕਾਰ-ਸਰੂਪ ਗੁਰਬਾਣੀ ਇਸ ਹਕੀਕਤ ਦੀ ਪੁਸ਼ਟੀ ਕਰਦੀ ਹੈ -

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਮ: ੧, ੪੭੩)

ਪਦ ਅਰਥ : ਭੰਡੁ-ਇਸਤਰੀ। ਭੰਡਿ-ਇਸਤ੍ਰੀ ਤੋਂ। ਜੰਮੀਐ-ਜੰਮੀਦਾ ਹੈ। ਨਿੰਮੀਐ-ਪ੍ਰਾਣੀ ਦਾ ਸਰੀਰ ਬਣਦਾ ਹੈ। ਰਾਹੁ-(ਸੰਸਾਰ ਦੀ ਉਤਪਤੀ ਦਾ) ਰਸਤਾ। ਬੰਧਾਨੁ-ਰਿਸ਼ਤੇਦਾਰੀ। ਜਿਤੁ-ਜਿਸ ਇਸਤ੍ਰੀ ਤੋਂ।

ਭਾਵ : ਇਸਤ੍ਰੀ (ਦੀ ਕੁੱਖ) ਤੋਂ ਜਨਮ ਲਈਦਾ ਹੈ, ਇਸਤ੍ਰੀ (ਦੀ ਕੁੱਖ) ਵਿੱਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤ੍ਰੀ ਦੀ (ਰਾਹੀਂ ਹੀ) ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤ੍ਰੀ ਦੀ ਰਾਹੀਂ ਹੀ (ਹੋਰ ਲੋਕਾਂ ਨਾਲ) ਸੰਬੰਧ (ਰਿਸ਼ਤੇਦਾਰੀ) ਬਣਦਾ ਹੈ, ਤੇ ਇਸਤ੍ਰੀ ਤੋਂ ਹੀ (ਜਗਤ ਦੀ ਉਤਪਤੀ ਦਾ) ਰਸਤਾ ਚਲਦਾ ਹੈ। ਜੇ ਇਸਤ੍ਰੀ ਅਕਾਲ ਚਲਾਣਾ ਕਰ ਜਾਵੇ ਤਾਂ ਹੋਰ ਇਸਤ੍ਰੀ ਦੀ (ਪਤਨੀ ਦੀ) ਭਾਲ ਕਰੀਦੀ ਹੈ, ਇਸਤ੍ਰੀ ਤੋਂ ਹੀ (ਹੋਰਨਾਂ ਨਾਲ) ਰਿਸ਼ਤੇਦਾਰੀ ਬਣਦੀ ਹੈ। ਜਿਸ ਇਸਤ੍ਰੀ (ਜਾਤੀ) ਤੋਂ ਰਾਜੇ (ਭੀ) ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ।

ਸਤਿਗੁਰਾਂ ਨੇ ਗੁਰਬਾਣੀ ਨੂੰ ਅਮਲੀ ਤੌਰ 'ਤੇ ਜਿਊਂ ਕੇ ਦੱਸਿਆ ਹੈ। ਇਹ ਸੋਚਣਾ ਹੀ ਮੂਰਖਤਾਈ ਅਤੇ ਮਹਾਂ ਪਾਪ ਹੈ ਕਿ ਸਤਿਗੁਰੂ ਜੀ ਆਪਣੇ ਹੀ ਉਪਦੇਸ਼ਾਂ ਦੀ ਉਲੰਘਣਾ ਕਰਦੇ ਹੋਣਗੇ -

ਸਤਿਗੁਰ ਕੀ ਬਾਨੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ (ਮ:੩, ੩੦੪)

ਸਤਿਗੁਰੂ ਜੀ ਆਪਣੀ ਕਿਰਤ-ਕਮਾਈ 'ਚੋਂ ਲੋੜਵੰਦਾਂ ਲਈ ਦਸਵੰਧ ਤੋਂ ਵੀ ਵੱਧ ਸਹਾਇਤਾ ਕਢਦੇ ਹੋਣਗੇ। ਪਰ, ਇਹ ਲਿਖਣਾ ਕਿ ਉਹ ਆਪਣੇ ਪਰਵਾਰ ਦੀਆਂ ਵਾਜ਼ਬ ਲੋੜਾਂ ਨੂੰ ਵੀ ਨਜ਼ਰ-ਅੰਦਾਜ਼ ਕਰਦੇ ਸਨ ਅਤੇ ਮਾਤਾ ਸੁਲੱਖਣੀ ਜੀ ਨੂੰ ਬਣਦਾ ਪਿਆਰ ਤੇ ਸਤਿਕਾਰ ਨਹੀਂ ਦਿੰਦੇ ਸਨ, ਸਾਜਿਸ਼ੀ ਕੂੜ-ਪ੍ਰਚਾਰ ਹੈ, ਇਸ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ।

ਅਧਿਆਏ ਪੱਚੀਵਾਂ - ਮੂਲੇ ਅਤੇ ਚੰਦੋਰਾਣੀ ਦਾ ਆ ਕੇ ਗੁਸੇ ਹੋਣਾ

ਮੂਲ ਪਾਠ

ਮੋਚਤਿ ਲੋਚਨ ਬੂੰਦਨ ਨੀਰਾ। ਕਹਿਤ ਬਚਨ ਕੋ ਹੋਤਿ ਅਧੀਰਾ।
ਸੁਨਿ ਪਿਤ ਭਲੇ ਸੰਗ ਹੌ ਲਾਈ। ਜਿਹ ਨਿਕੇਤ ਕੀ ਚਿੰਤ ਨ ਕਾਈ॥ ੫॥

ਭਾਵ : (ਉਸ ਦੇ) ਨੈਣ ਪਾਣੀ ਦੀਆਂ ਬੂੰਦਾਂ ਛਡਦੇ (ਕੇਰਦੇ) ਸਨ। ਗੱਲਾਂ ਕਰ-ਕਰ ਕੇ (ਉਹ) ਵਿਆਕੁਲ ਹੋ ਰਹੀ ਸੀ। "ਪਿਤਾ ਜੀ ਸੁਣੋ! ਤੁਸੀਂ ਮੈਨੂੰ ਚੰਗੇ (ਮਨੁੱਖ) ਦੇ ਲੜ ਲਾਇਆ ਹੈ ਜਿਸ ਨੂੰ (ਆਪਣੇ) ਘਰ ਦੀ ਕੋਈ ਚਿੰਤਾ ਹੀ ਨਹੀਂ ਹੈ।

ਕਰਿ ਸਨਬੰਧ ਡੋਬ ਤੁਮ ਦੀਨੀ। *ਪੂਰਬ ਜਨਮ ਕਰਮ ਮੈਂ ਹੀਨੀ।*
ਮਾਸ ਏਕ ਦੋ ਬਹਿਰ ਬਿਤਾਵਹਿਂ। ***ਕਬਿ ਨ ਸਦਨ ਮਹਿਂ ਬਦਨ ਦਿਖਾਵਹਿਂ॥੬॥***

ਭਾਵ : ਇਸ ਨਾਲ ਮੇਰਾ ਸੰਬੰਧ ਜੋੜ ਕੇ, ਤੁਸਾਂ ਮੈਨੂੰ ਡੋਬ (ਹੀ) ਦਿੱਤਾ ਹੈ। ਮੈਂ ਪੂਰਬਲੇ ਜਨਮ ਦੇ ਕਿਸੇ ਕਰਮ ਦੇ ਕਾਰਨ ਹੀਣੀ ਹੋਈ ਹੋਵਾਂਗੀ। (ਇਹ) ਇੱਕ-ਦੋ ਮਹੀਨੇ (ਤੋਂ ਸਮਾਂ) ਬਾਹਰ ਹੀ ਗੁਜ਼ਾਰਦੇ ਹਨ, ਕਦੇ ਘਰ ਵਿੱਚ ਮੂੰਹ ਵੀ ਨਹੀਂ ਦਿਖਾਉਂਦੇ।

ਜਿਉਂ ਨਿਸਿ ਬਸੈ ਆਨ ਪਰਦੇਸੀ। ਉਰ ਨਿਰਮੋਹ ਗੀਤਿ ਤਿਹ ਤੈਸੀ।
ਅਨਗਨ ਧਨ ਆਪਨ ਪਰ ਆਵਹਿਂ। ਸਰਬ ਸਦਨ ਤੇ ਬਹਿਰ ਲੁਟਾਵਹਿਂ॥੭॥

ਭਾਵ : ਜਿਵੇਂ ਕੋਈ ਪਰਦੇਸੀ ਆ ਕੇ ਰਾਤ ਕਟਦਾ ਹੈ। ਇਨ੍ਹਾਂ ਦੇ ਹਿਰਦੇ (ਵਿੱਚ) ਮਮਤਾ-ਰਹਿਤ ਵਿਵਹਾਰ (ਸੁਭਾਉ) ਇਸੇ ਤਰ੍ਹਾਂ ਦਾ ਹੈ। ਮੋਦੀਖਾਨੇ 'ਤੇ ਅਣਗਿਣਤ ਧਨ ਆਉਂਦਾ ਹੈ ਜੋ ਸਾਰਾ, ਘਰ ਤੋਂ ਬਾਹਰ ਹੀ ਲੁਟਾ ਦੇਂਦੇ ਹਨ।

ਮੇਲੀ ਸਦਾ ਬਿਸ਼ਾਲ ਫ਼ਕੀਰਨ। ਘਰ ਕੀ ਬੂਝਹਿਂ ਪੀਰ ਅਪੀਰ ਨ।
ਨਹਿ ਰੰਚਕ ਭਰ ਮਮ ਸਤਿਕਾਰਾ। ਸਹੌਂ ਰਿਦੈ ਸਦ ਹੀ ਦੁਖ ਭਾਰਾ॥੯॥

ਭਾਵ : ਇਨ੍ਹਾਂ ਦੇ ਮੇਲੀ-ਗੇਲੀ ਤਾਂ ਬਹੁਤੇ ਫ਼ਕੀਰ (ਮੰਗਤੇ) ਹੀ ਹਨ ਤੇ ਘਰ ਦਾ ਦੁੱਖ-ਸੁੱਖ ਵੀ ਕਦੇ ਪੁਛਦੇ ਨਹੀਂ। ਮੇਰਾ (ਘਰ ਵਿੱਚ) ਥੋੜ੍ਹਾ ਜਿੰਨਾ ਵੀ ਆਦਰ ਨਹੀਂ। ਮੈਂ ਸਦਾ ਤੋਂ ਹੀ ਮਨ 'ਤੇ ਭਾਰਾ ਦੁੱਖ ਸਹਿ ਰਹੀ ਹਾਂ।

ਗਯੋ ਜੈਰਾਮ ਪਾਸ ਤਤਕਾਲਾ। ਮੁਖ ਬੋਲਤਿ ਦੁਰਬਾਕ ਬਿਸਾਲਾ।
ਤਿਹ ਛਿਨ ਸ੍ਰੀ ਨਾਨਕ ਜੈਰਾਮਾ। ਬੈਸੇ ਏਕ ਥਾਨ ਅਭਿਰਾਮਾ॥ ੧੨॥

ਭਾਵ : (ਅਤੇ) ਫੌਰਨ ਜੈਰਾਮ ਕੋਲ ਗਿਆ ਤੇ ਮੂਹੋਂ ਬਹੁਤ ਭੈੜੇ ਵਾਕ ਬੋਲਣ ਲੱਗਿਆ। ਉਸ ਵੇਲੇ ਗੁਰੂ ਨਾਨਕ ਸਾਹਿਬ (ਅਤੇ) ਜੈ ਰਾਮ ਇੱਕ ਸੁੰਦਰ ਥਾਂ 'ਤੇ (ਇਕੱਠੇ) ਬੈਠੇ ਸਨ।

ਪੂਰਬ ਜਨਮ ਸ਼ੱਤਰੁਤਾ ਤੇਰੀ। ਯਾਂ ਤੇ ਦਸ਼ਾ ਕਰੀ ਅਸ ਮੇਰੀ।
ਯਹਿ ਜੋ ਸਦਾ ਫ਼ਕੀਰਨ ਸੰਗੀ। ਤਾਂ ਕੇ ਹੇਤ ਸੁਤਾ ਮੁਰਿ ਮੰਗੀ॥ ੧੪॥

ਭਾਵ : ਮੇਰੇ ਨਾਲ ਤੇਰੀ ਕੋਈ ਪਿਛਲੇ ਜਨਮ ਦੀ ਦੁਸ਼ਮਣੀ ਸੀ ਜਿਸ ਵਾਸਤੇ (ਤੂੰ) ਮੇਰੀ ਅਜਿਹੀ ਹਾਲਤ ਕੀਤੀ ਹੈ। ਇਹ ਜਿਹੜਾ ਸਦਾ (ਹੀ) ਮੰਗਤਿਆਂ ਦਾ ਸਾਥੀ ਹੈ, ਇਸ ਨਾਲ ਮੇਰੀ ਪੁੱਤਰੀ (ਦਾ) ਸਾਕ ਕਰ ਦਿੱਤਾ।

ਗੁਰਮਤਿ

ਇਸ ਸਾਖੀ ਵਿੱਚ, ਜੋਤਿ ਨਿਰੰਜਨੀ, ਗੁਰੂ ਨਾਨਕ ਸਾਹਿਬ ਨੂੰ ਨਿਰ-ਮੋਹੀ, ਲਾ-ਪਰਵਾਹ, ਆਪਣੀ ਕਿਰਤ-ਕਮਾਈ ਨੂੰ ਅਜਾਈਂ ਲੁਟਾਣ ਵਾਲਾ, ਮੰਗਤਿਆਂ ਦਾ ਜੋੜੀਦਾਰ, ਆਪਣੀ ਪਤਨੀ (ਮਾਤਾ ਸੁਲੱਖਣੀ) ਨੂੰ ਆਦਰ-ਸਤਿਕਾਰ ਨਾ ਦੇਣ ਵਾਲਾ ਅਤੇ ਗ੍ਰਿਹਸਤੀ ਜੀਵਨ ਦੀਆਂ ਸਮੁੱਚੀਆਂ ਜ਼ਿੰਮੇਵਾਰੀਆਂ ਤੋਂ ਭਗੌੜਾ ਹੋਣ ਵਾਲਾ ਦਰਸਾਇਆ ਗਿਆ ਹੈ। ਹਾਂ, ਵਿਆਹ ਦੇ ਅਰੰਭਕ ਸਮੇਂ ਦੌਰਾਨ ਪਤੀ-ਪਤਨੀ ਲਈ, ਇੱਕ-ਦੂਜੇ ਦੇ ਵਿਚਾਰਾਂ, ਜਜ਼ਬਾਤਾਂ 'ਤੇ ਵਲਵਲਿਆਂ ਨੂੰ ਸਮਝਣ ਲਈ ਕੁੱਝ ਸਮਾਂ ਲੱਗ ਸਕਦਾ ਹੈ, ਕੁੱਝ ਕੁ ਮਾਮੂਲੀ ਜਿਹੇ ਗਿਲੇ-ਸ਼ਿਕਵੇ ਵੀ ਹੋ ਸਕਦੇ ਹਨ। ਪਰ, ਕੁੱਝ ਕੁ ਹਫਤੇ ਇਕੱਠੇ ਰਹਿਣ ਨਾਲ ਅਜਿਹੀਆਂ ਮਾਮੂਲੀ ਗੱਲਾਂ ਦਾ ਹੱਲ ਹੋ ਜਾਣਾ ਚਾਹੀਦਾ ਹੈ। ਇਹ ਤਾਂ ਗੱਲ ਹੈ ਆਮ ਸਾਧਾਰਨ ਦੰਪਤੀ ਦੀ। ਪਰ, **ਗੁਰਬਾਣੀ-ਸਰੂਪ ਗੁਰੂ ਨਾਨਕ ਸਾਹਿਬ ਤਾਂ, ਮਾਲਿਕ-ਪ੍ਰਭੂ ਦੀ ਰਜ਼ਾ ਅਨੁਸਾਰ ਸਮੁੱਚੀ ਮਨੁੱਖਤਾ ਨੂੰ ਕਾਦਿਰ ਦੀ ਕੁਦਰਤਿ ਦੇ ਨਿਯਮਾਂ ਦੇ ਅਨੁਕੂਲ ਆਦਰਸ਼ਕ ਜੀਵਨ-ਜਾਚ ਦੀ ਸਿੱਖਿਆ ਦੇ ਕੇ ਪ੍ਰਸਪਰ ਪ੍ਰੇਮ-ਸਤਿਕਾਰ ਵਾਲਾ ਵਿਸ਼ਵ-ਪੱਧਰੀ ਸਮਾਜ-ਪ੍ਰਬੰਧ ਸਥਾਪਤ ਕਰਨ ਹਿਤ, ਅਮਲੀ ਤੌਰ 'ਤੇ ਰਾਹ-ਦਸੇਰੇ ਬਣ ਕੇ ਵਿਚਰੇ ਸਨ। ਫਿਰ, ਉਨ੍ਹਾਂ ਦਾ ਆਪਣਾ ਨਿੱਜੀ ਪਰਿਵਾਰਕ ਜੀਵਨ ਆਪਣੇ ਵੱਲੋਂ ਹੀ ਗੁਰਬਾਣੀ ਦੇ ਰੂਪ ਵਿੱਚ ਕੀਤੇ ਉਪਦੇਸ਼ਾਂ ਦੇ ਉਲਟ ਕਿਵੇਂ ਹੋ ਸਕਦਾ ਸੀ ?** ਨਿਹਸੰਦੇਹ, ਗੁਰਮਤਿ-ਵਿਰੋਧੀ ਧਿਰਾਂ ਵੱਲੋਂ ਸਤਿਗੁਰਾਂ ਦੀ ਅਗੰਮੀ ਸ਼ਖ਼ਸੀਅਤ ਦਾ ਚਰਿਤ੍ਰਘਾਤ ਕਰਨ ਅਤੇ ਗੁਰ-ਇਤਿਹਾਸ ਨੂੰ ਦੂਸ਼ਤ ਕਰਨ ਲਈ ਰਚੀ ਗਈ ਸਾਜਿਸ਼ ਅਧੀਨ ਹੀ ਅਜਿਹਾ ਨਾ-ਬਖ਼ਸ਼ਣਯੋਗ ਅਪਰਾਧ ਕੀਤਾ ਗਿਆ ਹੈ। ਗੁਰਮਤਿ ਫ਼ਲਸਫ਼ਾ ਆਦਰਸ਼ਕ ਪਤੀ-ਪਤਨੀ ਦੀ ਤਸਵੀਰ ਇੰਜ ਪੇਸ਼ ਕਰਦਾ ਹੈ -

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥੩॥ (ਮ: ੩, ੭੮੮)

ਭਾਵ : ਜੋ ਸਿਰਫ਼ (ਸਰੀਰਕ ਤੌਰ 'ਤੇ ਹੀ) ਰਲ ਕੇ ਬਹਿਣ, ਉਨ੍ਹਾਂ ਨੂੰ ਅਸਲ ਵਿੱਚ ਪਤੀ-ਪਤਨੀ (ਜੀਵਨ-ਸਾਥੀ) ਨਹੀਂ ਆਖੀਦਾ। ਪਰ, ਜਿਨ੍ਹਾਂ ਦੇ ਸਰੀਰ ਤਾਂ ਭਾਵੇਂ ਦੋ ਹਨ (ਅਲੱਗ-ਅਲੱਗ ਹਨ), ਪਰ ਉਨ੍ਹਾਂ ਦਾ ਆਚਾਰ-ਵਿਹਾਰ (ਆਪਸੀ ਵਰਤ-ਵਰਤਾਰਾ) ਸ਼ਬਦ-ਗੁਰੂ ਦੇ ਉਪਦੇਸ਼ਾਂ ਅਨੁਸਾਰ (ਪ੍ਰੇਮ-ਭਾਵਨਾ ਵਾਲਾ) ਹੋ ਜਾਏ, ਉਹ ਹੀ ਅਸਲ ਵਿੱਚ

(ਸੁਚੱਜੇ) ਪਤੀ ਤੇ ਪਤਨੀ ਕਹੇ ਜਾ ਸਕਦੇ ਹਨ।

ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਂਦੇ ਮਾਰਗਿ ਪਾਏ ॥
ਤਿਸੁ ਗੁਰ ਸੇਵ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ।
(ਮ: ੧, ੧੦੩੧)

ਭਾਵ : ਭੁੱਲੇ ਹੋਏ ਬੰਦੇ ਨੂੰ ਸਿੱਖਿਆ ਦੇ ਕੇ ਗੁਰੂ (ਸਹੀ ਜੀਵਨ-ਰਾਹ ਦੀ) ਸਮਝ ਬਖਸ਼ਦਾ ਹੈ, ਕੁਰਾਹੇ ਜਾਂਦੇ ਨੂੰ (ਠੀਕ) ਰਾਹ 'ਤੇ ਪਾਂਦਾ ਹੈ। (ਹੇ ਭਾਈ! ਤੂੰ ਦਿਨ ਰਾਤ ਉਸ ਗੁਰੂ ਦੀ ਦੱਸੀ ਹੋਈ ਕਾਰ ਕਰ। ਗੁਰੂ ਦੁੱਖਾਂ ਦੇ ਨਾਸ਼ ਕਰਨ ਵਾਲੇ ਪਰਮਾਤਮਾ ਦੇ ਚਰਨਾਂ ਵਿੱਚ ਜੋੜ ਕੇ, ਪ੍ਰਭੂ ਨਾਲ ਮਿੱਤ੍ਰਤਾ ਬਣਾ ਦੇਂਦਾ ਹੈ।)

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
(ਮ: ੪, ੭੭੩)

ਭਾਵ : ਹੇ ਰਾਮ ਜੀ! ਮੈਂ ਤੈਥੋਂ ਸਦਕੇ ਹਾਂ। (ਤੇਰੀ ਮਿਹਰ ਨਾਲ ਗੁਰੂ ਨੇ ਸਿੱਖ ਨੂੰ) ਹਰਿ ਨਾਮ ਜਪਣ ਦੇ ਆਹਰ ਵਿੱਚ ਰੁੱਝਣ ਦਾ ਕੰਮ ਨਿਸਚੇ ਕਰਾਇਆ ਹੈ (ਤਾਕੀਦ ਕੀਤੀ ਹੈ)। ਇਹੀ ਹੈ ਪ੍ਰਭੂ-ਪਤੀ ਨਾਲ (ਜੀਵ-ਇਸਤ੍ਰੀ ਦੇ ਵਿਆਹ ਦੀ) ਪਹਿਲੀ ਸੋਹਣੀ ਲਾਂਵ।

ਨੋਟ : ਦੁਨਿਆਵੀ ਵਿਆਹ ਲਈ ਵੀ ਪਤੀ-ਪਤਨੀ ਲਈ ਇੱਕ ਦੂਜੇ ਪ੍ਰਤੀ ਪਰਸਪਰ ਪਿਆਰ, ਵਿਸ਼ਵਾਸ ਅਤੇ ਸਤਿਕਾਰ ਦਾ ਹੋਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਕਿ ਜੀਵ-ਇਸਤ੍ਰੀ ਲਈ ਪ੍ਰਭੂ-ਪਤੀ ਨਾਲ ਸਦੀਵੀ ਰਿਸ਼ਤਾ ਜੋੜਨ ਲਈ ਪ੍ਰੇਮ ਨਾਲ ਨਾਮ ਜਪਣਾ (ਹੁਕਮਿ ਰਜਾਈ ਚਲਣਾ)। ਪਤੀ-ਪਤਨੀ ਇੱਕ-ਦੂਜੇ ਪ੍ਰਤੀ ਲਾ-ਪਰਵਾਹੀ, ਨਿਰਮੋਹੀਪੁਣਾ ਅਤੇ ਆਦਰ-ਸਤਿਕਾਰ ਦੀ ਅਣਹੋਂਦ ਦੇ ਧਾਰਨੀ ਬਣ ਕੇ, ਪ੍ਰਭੂ-ਪਤੀ ਨਾਲ ਮਿਲਾਪ ਦੀ ਆਸ ਹਰਗਿਜ਼ ਨਹੀਂ ਰੱਖ ਸਕਦੇ। **ਨਿਹਸੰਦੇਹ, ਇਸ ਸਾਖੀ ਵਿਚ ਗੁਰੂ ਨਾਨਕ ਸਾਹਿਬ 'ਤੇ ਲਾਏ ਗਏ ਸਾਰੇ ਦੋਸ਼ ਨਿਰਮੂਲ ਅਤੇ ਸ਼ਰਾਰਤ-ਆਮੇਜ਼ ਹਨ। ਜਿਵੇਂ ਕਿ ਡਾ. ਕਿਰਪਾਲ ਸਿੰਘ ਜੀ ਨੇ ਵੀ ਫ਼ੁੱਟਨੋਟ ਵਿਚ ਸਪੱਸ਼ਟ ਕੀਤਾ ਹੈ ਕਿ ਸਾਖੀ ਦੇ ਇਸ ਭਾਗ ਦਾ ਕੋਈ ਇਤਿਹਾਸਕ ਅਧਾਰ ਨਹੀਂ ਹੈ। ਇਹ ਸਿਰਫ਼ ਸਾਖੀ ਨੂੰ ਰੌਚਕ ਬਣਾਉਣ ਲਈ ਹੀ ਲਿਖਿਆ ਗਿਆ ਹੈ।**

ਸਾਖੀ ਦਾ ਸਾਰ

ਵਿਆਹ ਦੇ ਕੁੱਝ ਸਮੇਂ ਮਗਰੋਂ, ਮੂਲਾ ਆਪਣੀ ਪੁੱਤਰੀ ਨੂੰ ਮਿਲਣ ਲਈ ਸੁਲਤਾਨਪੁਰ ਆਇਆ ਤਾਂ ਸੁਲੱਖਣੀ ਨੇ, ਰੋ-ਰੋ ਕੇ, ਦੁੱਖੜੇ ਫੋਲੇ। ਉਸ ਨੇ ਕਿਹਾ ਕਿ ਤੁਸੀਂ ਨਿਰਮੋਹੀ, ਲਾ-ਪਰਵਾਹ ਤੇ ਰੁੱਖੇ ਬੰਦੇ ਦੇ ਲੜ ਲਾ ਕੇ ਮੈਨੂੰ ਡੋਬ ਦਿੱਤਾ ਹੈ। ਉਹ ਤਾਂ ਘਰੋਂ ਬਾਹਰ ਹੀ ਸਮਾਂ ਬਿਤਾਉਂਦਾ ਹੈ ਤੇ, ਪਰਦੇਸੀ ਸਮਾਨ, ਰਾਤ ਕੱਟਣ ਲਈ ਹੀ ਘਰ ਆਉਂਦਾ ਹੈ। ਧਨ ਕਮਾ ਕੇ ਲੁਟਾਈ ਜਾਂਦਾ ਹੈ, ਮੰਗਤਿਆਂ ਦਾ ਜੋੜੀਦਾਰ ਹੈ। ਇਸ ਨੂੰ ਕੋਈ ਵੀ ਰੋਕਦਾ ਸਮਝਾਉਂਦਾ ਨਹੀਂ, ਇਹ ਗ੍ਰਹਿਸਤ ਦੀ ਰੀਤ ਤੋਂ ਉਲਟ ਚਲਦਾ ਹੈ।

ਮੂਲਾ, ਸੁਣ-ਸੁਣ ਕੇ, ਰੋਇਆ ਤੇ ਪੁੱਤਰੀ ਨੂੰ ਤਸੱਲੀ ਦੇ ਕੇ ਅੱਗ-ਬਗੋਲਾ ਹੋਇਆ, ਜੈ ਰਾਮ ਕੋਲ ਬੜੇ ਦੁਰਬਚਨ ਬੋਲਿਆ। ਗੁਰੂ ਜੀ ਵੀ ਉਥੇ ਹੀ ਸਨ, ਜੋ ਚੁੱਪ-ਚਾਪ ਰਹੇ। ਮੂਲੇ ਨੇ ਕਿਹਾ ਤੂੰ ਮੰਗਤਿਆਂ ਦੇ ਸਾਥੀ ਨੂੰ ਮੇਰੀ ਪੁੱਤਰੀ ਮੰਗ ਕੇ ਮੈਥੋਂ ਪਿਛਲੇ ਜਨਮ ਦਾ ਕੋਈ ਬਦਲਾ ਲਿਆ ਹੈ। ਜੇਕਰ ਮੈਨੂੰ ਪਤਾ ਹੁੰਦਾ ਤਾਂ ਮੈਂ ਕਦੇ ਵੀ ਰਿਸ਼ਤਾ ਨਾ ਕਰਦਾ।

ਜੈ ਰਾਮ ਨੇ ਤਸੱਲੀ ਦਿੱਤੀ ਕਿ ਉਨ੍ਹਾਂ ਦੀ ਪੁੱਤਰੀ ਨੂੰ ਖਾਣ, ਪਹਿਨਣ, ਹੰਢਾਉਣ, ਪਾਉਣ ਆਦਿ ਦੀ ਕੋਈ ਘਾਟ ਨਹੀਂ। ਜੇ ਉਹ ਸਮਝਦੀ ਹੈ, ਤਾਂ ਮੈਂ ਪੂਰੀ ਕਰਵਾ ਦਿਆਂਗਾ। ਇਸ ਮਿੱਠੀ ਤੇ ਪ੍ਰਸੰਸਾ ਰੂਪ ਗੱਲ ਨੇ ਮੂਲੇ ਨੂੰ ਸ਼ਾਂਤ ਕਰ ਦਿੱਤਾ।

ਪਿੰਡ ਜਾ ਕੇ ਮੂਲੇ ਨੇ ਆਪਣੀ ਪਤਨੀ, ਚੰਦੋਰਾਣੀ ਨੂੰ ਸਾਰੀ ਗੱਲ ਦੱਸੀ। ਉਹ ਵੀ ਅੱਗ-ਬਗੋਲਾ ਹੋਈ ਤੇ ਸੁਲਤਾਨਪੁਰ ਜਾ ਕੇ, ਪੁੱਤਰੀ ਦੇ ਗਲ਼ ਲੱਗ ਕੇ ਰੋਈ ਤੇ ਉਸ ਦੇ ਦੁੱਖੜੇ ਸੁਣੇ। ਸੁਲੱਖਣੀ ਨੇ ਫੇਰ ਉਹੋ ਸਾਰੇ ਸ਼ਿਕਵੇ ਮਾਂ ਨੂੰ ਦੱਸੇ। ਚੰਦੋਰਾਣੀ ਕ੍ਰੋਧਵਾਨ ਹੋ ਕੇ ਬੇਬੇ ਨਾਨਕੀ ਜੀ ਨੂੰ ਜਾ ਟੱਕਰੀ ਕਿ ਤੁਸਾਂ ਹੀ ਰਿਸ਼ਤਾ ਕਰਵਾਇਆ ਸੀ, ਤੇ ਹੁਣ ਆਪਣੇ ਭਰਾ ਨੂੰ ਨਹੀਂ ਸਮਝਾਉਂਦੇ। ਬੇਬੇ ਨਾਨਕੀ ਨੇ ਕਿਹਾ ਕਿ ਤੁਹਾਡੀ ਪੁੱਤਰੀ ਨੂੰ ਕਿਸੇ ਚੀਜ ਦੀ ਘਾਟ ਨਹੀਂ। ਹਾਂ, ਇਹ ਪੇਕਿਆਂ ਦੀ ਲਾਡਲੀ ਹੋਣ ਕਰ ਕੇ ਜ਼ਿੱਦੀ, ਕਠੋਰ, ਖਰ੍ਹਵੀ ਤੇ ਘੁਮੰਡੀ ਹੈ। ਨਾਨਕ ਜੀ ਨਿਮਰ, ਭਗਤ ਤੇ ਪਰ-ਉਪਕਾਰੀ ਹਨ। ਉਨ੍ਹਾਂ ਨੂੰ ਮੈਂ ਭਰਾ ਨਹੀਂ, ਸਗੋਂ ਪਰਮੇਸ਼ਰ ਦਾ ਰੂਪ ਮੰਨਦੀ ਹਾਂ।

ਨਾਨਕੀ ਜੀ ਨੇ ਫੇਰ ਸੁਲੱਖਣੀ ਜੀ ਨੂੰ ਨਸੀਹਤ ਕੀਤੀ ਕਿ ਤੇਰਾ ਪਤੀ ਪਾਕ-ਪਵਿੱਤਰ, ਉਦਾਰ, ਧਰਮ ਦਾ ਪੱਕਾ ਤੇ ਗੁਣਾਂ ਦੀ ਖਾਣ ਹੈ। ਤੂੰ ਨਿਮਰਤਾ ਸਹਿਤ ਉਸ ਦੀ ਸੇਵਾ ਕਮਾ ਕੇ ਤੇ ਆਗਿਆ ਅਨੁਸਾਰ ਚੱਲ ਕੇ ਸੁੱਖ-ਅਨੰਦ ਮਾਣ ਸਕਦੀ ਹੈਂ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫੁੱਟਨੋਟ

1. ਇਹ ਵਾਰਤਾਲਾਪ ਬਹੁਤ ਮਨੋਵਿਗਿਆਨਕ ਹੈ ਜਿਸ ਵਿੱਚ ਮਾਤਾ ਸੁਲੱਖਣੀ ਜੀ ਆਪਣੇ ਪਿਤਾ ਨਾਲ ਦਿਲ ਦੀਆਂ ਡੂੰਘਾਈਆਂ ਵਿੱਚੋਂ ਗੱਲਾਂ ਕਰਦੀ ਹੈ। ਕਵੀ ਦੀ ਇਤਿਹਾਸਕ-ਕਲਪਨਾ ਇਸ ਨੂੰ ਯਥਾਰਥ ਦੇ ਨੇੜੇ ਲੈ ਆਉਂਦੀ ਹੈ ਅਤੇ ਰੌਚਕ ਬਣਾ ਦੇਂਦੀ ਹੈ।

2. ਭਾਈ ਸੰਤੋਖ ਸਿੰਘ ਵਾਰਤਾਲਾਪ ਲਿਖਣ ਵਿੱਚ ਬਹੁਤ ਮਾਹਿਰ ਹਨ। ਉਹ ਮਨੋ-ਵਿਗਿਆਨ ਢੰਗ ਨਾਲ ਲਿਖਦੇ ਹਨ, ਇਸ ਲਈ ਬਹੁਤ ਪ੍ਰਭਾਵਤ ਕਰ ਜਾਂਦੇ ਹਨ। ਇਹੋ ਇਸ ਰਚਨਾ ਦੀ ਪ੍ਰਸਿੱਧੀ ਦਾ ਇੱਕ ਵੱਡਾ ਕਾਰਨ ਹੈ। ਪਰ, ਇਨ੍ਹਾਂ ਵਾਰਤਾਲਾਪਾਂ ਦਾ ਕੋਈ ਇਤਿਹਾਸਕ-ਆਧਾਰ ਨਹੀਂ ਹੈ।

ਅਧਿਆਏ ਤੇਤੀਵਾਂ - ਮਾਤਾ ਸੁਲੱਖਣੀ ਜੀ ਦਾ ਪੇਕੇ ਜਾਣਾ

ਮੂਲ-ਪਾਠ

ਦੋਹਰਾ

ਧਰਿਕਰਿ ਭੇਖ ਦਿਖਾਵਈ ਸਾਧ ਬਨਯੋ ਜਗ ਮਾਂਹਿ।
ਉਭੈ 2 ਆਤਮਜ 3, ਭਾਰਜਾ 4 ਕਹੁ ਕਿਹ ਭਾਂਤ ਬਿਤਾਹਿਂ॥੧੦॥

ਭਾਵ : ਐਹੋ ਜਿਹਾ ਭੇਸ ਬਣਾ ਕੇ ਜੱਗ ਨੂੰ ਦਿਖਾ ਰਿਹਾ ਹੈਂ ਕਿ ਮੈਂ ਸਾਧ ਬਣ ਗਿਆ ਹਾਂ। ਪਰ, ਦੋ$_2$ ਪੁੱਤਰ$_3$ ਅਤੇ ਜੋ ਪਤਨੀ$_4$ ਹੈ ਉਹ ਕਿਵੇਂ ਸਮਾਂ ਬਤੀਤ ਕਰਨਗੇ?

ਚੌਪਈ

ਹਮਹਿ ਦੁਸਹਿ ਦੁਖ ਦੇਨੇ ਹੇਤੁ। ਜਨਮਯੋ ਤੂੰ ਜਿਉਂ ਭਵ$_5$ ਉਦਿਕੇਤੁ।
ਇਵ ਜੇ ਹੋਨਾ ਹੁਤੋ ਫ਼ਕੀਰਾ। ਕਰ ਬਿਆਹ ਕਿਉਂ ਡੋਬ ਅਧੀਰਾ॥੧੧॥

ਭਾਵ: ਸਾਨੂੰ ਘਣੇ ਦੁੱਖ ਦੇਣ ਵਾਸਤੇ ਹੀ ਤੂੰ ਪੈਦਾ ਹੋਇਆ ਸੀ। ਸਾਡੇ ਮੁਤਾਬਕ ਤਾਂ ਤੂੰ ਜਿਵੇਂ ਸੰਸਾਰ$_5$ 'ਚ ਬੋਦੀ ਵਾਲਾ ਤਾਰਾ ਨਿਕਲਿਆ ਹੋਵੇਂ। ਜੇ ਇਸ ਤਰ੍ਹਾਂ ਫ਼ਕੀਰ ਹੀ ਹੋਣਾ ਸੀ ਤਾਂ ਵਿਆਹ ਕਰ ਕੇ ਆਸਰੇ ਤੋਂ ਬਗੈਰ ਪ੍ਰਵਾਰ ਨੂੰ ਹੀ ਡੋਬਣਾ ਸੀ।

ਤਿਹ ਪਰ ਕਰਾਤ$_6$ ਗੁਜਾਰ ਸੁ ਬੈਸੇ। ਤੋ ਕੁਟੰਬ ਅਬ ਕਰਿਹੈ ਕੈਸੇ?
ਕਿਹ ਅਧਾਰ ਜਗ ਮਹਿਂ ਸੋ ਰਹਿਹੀ। ਉੱਤਰ ਕਿਉਂ ਨ ਬਦਨ ਤੇ ਕਹਿਹੀ?॥੧੩॥

ਭਾਵ : ਇਸ ਤਰ੍ਹਾਂ ਬੈਠਿਆਂ ਉਨ੍ਹਾਂ ਦਾ ਗੁਜ਼ਾਰਾ ਕਿਵੇਂ ਕਰਾਏਂਗਾ$_6$, ਤੇਰਾ ਟੱਬਰ ਹੁਣ ਕੀ ਕਰੂਗਾ? ਉਹ ਕਿਸ ਦੇ ਆਸਰੇ ਜੱਗ ਵਿੱਚ ਰਹਿ ਸਕਣਗੇ? ਤੂੰ ਮੂੰਹੋਂ ਬੋਲਦਾ ਕਿਉਂ ਨਹੀਂ?

ਕ੍ਰਿਤ ਕੁਟੰਬਹਿ ਤਜਿ ਅਬ ਸੋਊ। ਭਏ ਰੰਕ ਜਿਉਂ ਆਲਯ$_2$ ਖੋਊ!
ਤਦ ਸੋਵਤਿ ਥੇ ਸੇਜ ਸੁਖਾਲੀ। ਅਬ ਫਿਰਿਯੇ ਉਦਿਆਨ ਬਿਹਾਲੀ$_3$॥੧੭॥

ਭਾਵ : ਹੁਣ ਟੱਬਰ ਨੂੰ ਅਤੇ ਕਿਰਤ ਕਰਨੀ ਛੱਡ ਕੇ ਜਿਵੇਂ ਘਰ$_2$ ਉਜਾੜੂ ਕੰਗਲਾ; ਬਣ ਗਿਆ ਹੈਂ। ਉਦੋਂ ਤੂੰ ਆਪਣੀ ਸੁਖ ਵਾਲੀ ਸੇਜ 'ਤੇ ਸੌਂਦਾ ਸੀ, ਹੁਣ ਜੰਗਲ ਵਿੱਚ ਬੁਰੇ ਹਾਲ$_3$ ਤੁਰਿਆ ਫਿਰਦਾ ਹੈਂ।

ਸਾਖੀ ਦਾ ਸਾਰ

"ਬਾਬਾ ਨਾਨਕ ਜੀ, ਬੇਬੇ ਨਾਨਕੀ ਪਾਸ ਰਹਿ ਰਹੇ ਸਨ ਤਾਂ ਮੂਲਾ ਚੋਣਾ ਜੀ ਅਤੇ ਚੰਦੋਰਾਣੀ ਜੀ ਜਦੋਂ ਉਥੇ ਉਨ੍ਹਾਂ ਪਾਸ ਪਹੁੰਚੇ ਅਤੇ ਗੁਰੂ ਸਾਹਿਬ ਨੂੰ ਫ਼ਕੀਰਾਂ ਵਰਗੇ ਭੇਸ ਵਿੱਚ ਵੇਖ ਕੇ ਗੁੱਸੇ ਵਿੱਚ ਕਹਿਣ ਲੱਗੇ ਕਿ, "ਇਹ ਕੀ ਤੂੰ ਫ਼ਕੀਰਾਂ ਵਰਗਾ ਭੇਸ ਬਣਾਈ ਬੈਠਾ ਹੈਂ? ਦੁਨੀਆਂ ਨੂੰ ਇਹ ਭੇਸ ਦਿਖਾ ਕੇ ਇਹ ਕਹਿ ਰਿਹਾ ਹੈਂ ਕਿ ਮੈਂ ਸਾਧ ਬਣ ਗਿਆ

ਹਾਂ। ਪਰ, ਜੋ ਤੇਰੇ ਪੁੱਤਰ ਤੇ ਪਤਨੀ ਹਨ, ਉਨ੍ਹਾਂ ਦਾ ਵਕਤ ਕਿਵੇਂ ਲੰਘੇਗਾ? ਤੂੰ ਤਾਂ ਸੁਖ ਦੇਣ ਦੀ ਬਜਾਇ ਬੋਦੀ ਵਾਲਾ ਤਾਰਾ ਹੀ ਨਿਕਲਿਆ। ਜੇਕਰ ਤੂੰ ਪਰਿਵਾਰ ਨੂੰ ਆਸਰਾ ਨਹੀਂ ਸੀ ਦੇਣਾ ਤਾਂ ਵਿਆਹ ਕਿਉਂ ਕਰਵਾਇਆ ਸੀ? **ਤੇਰੇ ਕੋਲ ਮੋਦੀਖਾਨੇ ਦਾ ਕੰਮ ਸੀ, ਤੂੰ ਉਸ ਨੂੰ ਛੱਡ ਕੇ ਫ਼ਕੀਰ ਬਣ ਗਿਆ ਤੇ ਹੁਣ ਜੰਗਲਾਂ ਵਿੱਚ ਬੁਰੇ-ਹਾਲ ਤੁਰਿਆ ਫਿਰਦਾ ਹੈਂ।"**

ਬੇਬੇ ਨਾਨਕੀ ਦੇ ਵਾਰ-ਵਾਰ ਕਹਿਣ 'ਤੇ ਕਿ ਨਾਨਕ ਜੀ ਅੰਤਰਜਾਮੀ ਹਨ, ਉਨ੍ਹਾਂ ਦੇ ਕੌਤਕ ਨਿਆਰੇ ਹਨ, ਤੁਸੀ ਮੇਰੇ ਭਰਾ ਦੀਆਂ ਗੱਲਾਂ ਦਾ ਗੁੱਸਾ ਨਾ ਕਰੋ, ਪਰ, ਗੁਰੂ ਜੀ ਦੇ ਸੱਸ ਅਤੇ ਸਹੁਰਾ ਨਹੀਂ ਸਨ ਮੰਨੇ ਤੇ ਉਹ ਦੁੱਖੀ ਹੋ ਕੇ ਮਾਤਾ ਸੁਲੱਖਣੀ ਅਤੇ ਲੱਖਮੀ ਦਾਸ ਨੂੰ ਆਪਣੇ ਨਾਲ ਲੈ ਗਏ ਸਨ। ਸ੍ਰੀਚੰਦ ਨੂੰ ਬੇਬੇ ਨਾਨਕੀ ਪਾਸ ਹੀ ਛੱਡ ਦਿੱਤਾ ਸੀ।"

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਉਦਿਕੇਤੁ (ਭਾਵ ਕੇਤੂ ਤਾਰੇ ਦਾ ਉਦੇ ਹੋਣਾ)

ਖਗੋਲ ਵਿਗਿਆਨ ਵਿੱਚ ਮੰਦਾ ਤਾਰਾ, ਜੋ ਅਜਗਰ ਦੀ ਪੂਛ ਵਰਗਾ ਹੁੰਦਾ ਹੈ। ਇਹ ਬੋਦੀ ਵਾਲਾ ਤਾਰਾ ਅਤੇ ਨੌਂਵਾਂ ਗ੍ਰਹਿ ਹੈ। ਇਹ ਕਸ਼ਟ ਦਾ ਸੂਚਕ ਮੰਨਿਆ ਜਾਂਦਾ ਹੈ। ਪੁਰਾਣਾਂ ਅਨੁਸਾਰ, ਇਹ ਦਾਨਵ (ਦੈਂਤ) ਹੈ ਅਤੇ ਵਿਪ੍ਰਚਿੱਤੀ ਸਿੰਹਿਕਾ ਦਾ ਪੁੱਤਰ ਹੈ। ਇਸ ਨੂੰ ਕੇਸ਼ਹੀਣ, ਕੱਟਿਆ ਹੋਇਆ ਅਤੇ ਮੂੰਡ (ਗੰਜਾ) ਵੀ ਕਹਿੰਦੇ ਹਨ (ਹਿੰਦੂ ਮਿਥਿਹਾਸ ਕੋਸ਼ ਵਿੱਚੋਂ)।

2. ....

3. ....

4. ਜਦ ਗੁਰੂ ਜੀ ਉਦਾਸੀਆਂ 'ਤੇ ਚੱਲ ਪਏ ਸਨ ਤਾਂ ਮਾਤਾ ਸੁਲੱਖਣੀ ਜੀ ਆਪਣੇ ਛੋਟੇ ਪੁੱਤਰ ਲੱਖਮੀਦਾਸ ਨੂੰ ਲੈ ਕੇ ਆਪਣੇ ਮਾਤਾ-ਪਿਤਾ ਕੋਲ ਰਹਿਣ ਲੱਗ ਪਈ ਸੀ। ਜਦ ਗੁਰੂ ਜੀ ਸਾਰੀਆਂ ਉਦਾਸੀਆਂ ਪੂਰੀਆਂ ਕਰਕੇ ਵਾਪਸ ਪਰਤੇ ਸਨ ਤਾਂ ਗੁਰੂ ਜੀ ਮਾਤਾ ਸੁਲੱਖਣੀ ਜੀ ਅਤੇ ਆਪਣੇ ਦੋਹਾਂ ਬੱਚਿਆਂ ਨੂੰ ਨਾਲ ਲੈ ਕੇ, ਕਰਤਾਰਪੁਰ ਆਬਾਦ ਕਰ ਕੇ, ਇਕੱਠੇ ਰਹਿਣ ਲੱਗੇ ਸਨ।

ਗੁਰਮਤਿ

ਸਤਿਗੁਰੂ ਜੀ, ਫ਼ਕੀਰੀ ਲਿਬਾਸ ਪਹਿਨ ਕੇ, ਜੰਗਲਾਂ-ਬੇਲਿਆਂ ਵਿੱਚ ਹਰਗਿਜ਼ ਨਹੀਂ ਘੁੰਮ ਸਕਦੇ ਸਨ ਕਿਉਂਕਿ ਅਜਿਹਾ ਵਰਤਾਰਾ ਗੁਰਮਤਿ ਫ਼ਲਸਫ਼ੇ ਦੇ ਵਿਪਰੀਤ (ਉਲਟ) ਹੈ -

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ॥
ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥ (ਮ:੧, ੨੨)

ਭਾਵ : (ਗੁਰੂ ਦੀ ਸ਼ਰਣ ਛੱਡ ਕੇ) ਜੇ ਮਨੁੱਖ (ਸਨਿਆਸ-ਭੇਖ ਧਾਰ ਕੇ) ਦੇਸ-ਦੇਸ ਵਿੱਚ ਭੌਂਦਾ ਫਿਰੇ, (ਥਾਂ-ਥਾਂ) ਭੌਂਣ ਨਾਲ (ਤ੍ਰਿਸ਼ਨਾ ਦੀ) ਅੱਗ ਬੁਝ ਨਹੀਂ ਸਕਦੀ, ਅੰਦਰੋਂ (ਵਿਕਾਰਾਂ ਦੀ) ਮੈਲ ਨਹੀਂ ਲਹਿੰਦੀ, ਅਜਿਹਾ ਜੀਵਨ ਫਿਟਕਾਰਯੋਗ ਹੀ ਰਹਿੰਦਾ ਹੈ, ਅਜਿਹਾ ਭੇਖ ਫਿਟਕਾਰ ਹੀ ਖਾਂਦਾ ਹੈ। (ਇਹ ਗੱਲ ਪੱਕੀ ਜਾਣੋ ਕਿ) ਸਤਿਗੁਰੂ (ਸ਼ਬਦ-ਗੁਰੂ) ਦੀ ਸਿੱਖਿਆ ਗ੍ਰਹਣ ਕਰਨ ਤੋਂ ਬਿਨਾਂ ਹੋਰ ਕਿਸੇ ਥਾਂ ਭੀ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ (ਤੇ ਭਗਤੀ ਤੋਂ ਬਿਨਾਂ ਤ੍ਰਿਸ਼ਨਾ ਨਹੀਂ ਮੁਕਦੀ)।

ਗੁਰੂ ਨਾਨਕ ਸਾਹਿਬ ਮੋਦੀਖਾਨੇ ਦੀ ਕਿਰਤ ਛੱਡ ਕੇ, ਗੁਰਮਤਿ ਫ਼ਲਸਫ਼ੇ ਦੇ ਉਲਟ, ਵਿਹਲੜਾਂ ਦੀ ਤਰ੍ਹਾਂ ਨਹੀਂ ਸਨ ਘੁੰਮਦੇ-ਫਿਰਦੇ। ਉਹ ਤਾਂ ਗੁਰਮਤਿ ਫ਼ਲਸਫ਼ੇ ਅਨੁਸਾਰ, ਆਖਰੀ ਦਮ ਤੱਕ ਇੱਕ ਸਾਧਾਰਨ ਕਿਰਸਾਣ ਦੀ ਤਰ੍ਹਾਂ ਆਪਣੇ ਖੇਤਾਂ ਵਿੱਚ ਧਰਮ ਦੀ ਕਿਰਤ ਕਰਦੇ ਰਹੇ ਸਨ -

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥ (ਮ:੧, ੧੨੪੫)

ਭਾਵ : ਜੋ ਮਨੁੱਖ ਦਿਆਨਤਦਾਰੀ ਨਾਲ ਧਰਮ ਦੀ ਸੁੱਚੀ ਕਿਰਤ ਕਰ ਕੇ, ਆਪਣੇ ਪਰਿਵਾਰ ਦੀ ਪਾਲਣਾ ਕਰਦਾ ਹੋਇਆ, ਆਪਣੀ ਨੇਕ-ਕਮਾਈ ਵਿੱਚੋਂ (ਦਸਵੰਧ ਦੇ ਰੂਪ ਵਿੱਚ) ਦੁਖੀਆਂ, ਗ਼ਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ, ਉਸੇ ਨੂੰ ਹੀ ਮਨੁੱਖਾ ਜੀਵਨ ਸਫਲ ਕਰ ਕੇ ਪਰਮਾਤਮਾ ਦੇ ਮਿਲਾਪ ਵਾਲੇ ਰਾਹ ਦੀ ਸੋਝੀ ਪ੍ਰਾਪਤ ਹੁੰਦੀ ਹੈ।

ਮੂਲਾ ਜੀ ਅਤੇ ਮਾਤਾ ਚੰਦੋਰਾਣੀ ਜੀ ਵੱਲੋਂ ਗੁਰੂ ਸਾਹਿਬ ਪ੍ਰਤੀ ਕਹੇ ਕਠੋਰ ਬਚਨ, ਠੀਕ ਨਹੀਂ ਜਾਪਦੇ। ਇਹ ਤਾਂ ਮੰਨਣ ਵਿੱਚ ਆ ਸਕਦਾ ਹੈ ਕਿ ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਘਰ ਛੱਡ ਕੇ ਪ੍ਰਚਾਰ ਫੇਰੀਆਂ 'ਤੇ ਨਾ ਜਾਣ ਲਈ ਜ਼ੋਰ ਪਾਇਆ ਹੋਵੇ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਦਲੀਲ ਦੇ ਕੇ, ਕਿ ਉਹ ਪ੍ਰਭੂ-ਪਿਤਾ ਦੇ ਹੁਕਮ ਅਨੁਸਾਰ ਸਰਬੱਤ ਦੇ ਭਲੇ ਦੇ ਕਾਰਜ ਲਈ ਜਾ ਰਹੇ ਹਨ, ਉਨ੍ਹਾਂ ਨੂੰ ਸਮਝਾ ਕੇ ਰਾਜ਼ੀ ਕਰ ਲਿਆ ਹੋਵੇ। ਕਿਉਂਕਿ ਭਾਈ ਜੈ ਰਾਮ ਅਤੇ ਬੇਬੇ ਨਾਨਕੀ ਜੀ ਦੇ ਘਰ ਕੋਈ ਔਲਾਦ ਨਹੀਂ ਸੀ ਬਖਸ਼ੀ ਮਾਲਿਕ ਪ੍ਰਭੂ ਨੇ, ਇਸ ਲਈ ਸੰਭਵ ਹੈ ਕਿ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਪਰਿਵਾਰ ਦੀ ਵਿਦਾਇਗੀ ਸਮੇਂ, ਉਨ੍ਹਾਂ ਨੇ ਸ੍ਰੀਚੰਦ ਜੀ ਨੂੰ, ਸਾਰੇ ਮੈਂਬਰਾਂ ਦੀ ਸਹਿਮਤੀ ਨਾਲ, ਆਪਣੇ ਕੋਲ ਰੱਖ ਲਿਆ ਹੋਵੇ।

ਸਪੱਸ਼ਟ ਹੈ ਕਿ ਸਾਖੀ ਦਾ ਇਹ ਅੰਸ਼ ਵੀ ਗੁਰਮਤਿ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ। ਇਹ ਸੋਚਣਾ ਹੀ ਮਹਾਂ ਪਾਪ ਅਤੇ ਸਿਰੇ ਦੀ ਮੂਰਖਤਾਈ ਹੈ ਕਿ ਗੁਰੂ ਸਾਹਿਬ ਗੁਰੂ-ਬਾਣੀ ਦੇ ਉਪਦੇਸ਼ਾਂ ਦੀ ਆਪ ਹੀ ਉਲੰਘਣਾ ਕਰਦੇ ਹੋਣਗੇ। ਸਾਖੀ ਦੇ ਅਜਿਹੇ ਅੰਸ਼ ਸਤਿਗੁਰਾਂ ਦੀ ਅਗੰਮੀ ਸ਼ਖਸੀਅਤ ਦਾ ਚ੍ਰਿਤ੍ਰਘਾਤ ਕਰਨ ਲਈ ਹੀ (ਇਕ ਬਹੁਤ ਖ਼ਤਰਨਾਕ ਸਾਜਿਸ਼ ਦੀ ਕੜੀ ਵਜੋਂ) ਅੰਕਿਤ ਕੀਤੇ ਗਏ ਜਾਪਦੇ ਹਨ। ਇਹ ਹਕੀਕਤ ਦੇ ਵਿਪਰੀਤ ਹਨ, ਗੁਮਰਾਹਕੁਨ ਹਨ ਅਤੇ ਰੱਦ ਕਰਨਯੋਗ ਹਨ।

✲✲✲

੩. ਗੁਰੂ ਨਾਨਕ ਸਾਹਿਬ ਦੀਆਂ ਪ੍ਰਚਾਰ ਫੇਰੀਆਂ (1507 ਤੋਂ 1522)

"ਗੁਰੂ ਨਾਨਕ ਸਾਹਿਬ ਜੀ ਦੇ ਵੇਈਂ-ਪ੍ਰਵੇਸ਼ ਵਾਂਗ, ਸ਼ਬੇ-ਅਲਮੇਅਰਜ (ਭਾਵ, ਰਾਤ ਦਾ ਸਫ਼ਰ) ਮੁਹੰਮਦ ਸਾਹਿਬ ਦੇ ਜੀਵਨ ਵਿੱਚ ਇੱਕ ਮਹਾਨਤਾ ਵਾਲੀ ਘਟਨਾ ਹੈ। ਇਸ ਰਾਤ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ, ਜ਼ਬਰਾਈਲ ਫ਼ਰਿਸ਼ਤਾ, ਸੱਤਾਂ ਅਸਮਾਨਾਂ ਉੱਤੇ, ਅੱਲਾ ਕੋਲ ਲੈ ਗਿਆ ਸੀ। ਉਨ੍ਹਾਂ ਨੇ 40 ਸਾਲ ਦੀ ਉਮਰ ਵਿੱਚ ਪੈਗ਼ੰਬਰ ਜਾਂ ਨਵੀ ਹੋਣ ਦਾ ਦਾਅਵਾ ਕੀਤਾ ਅਤੇ ਫਿਰ 11-12 ਸਾਲਾਂ ਪਿੱਛੋਂ, 621 ਈ: ਨੂੰ ਸ਼ਬੇ-ਮੇਅਰਾਜ ਪ੍ਰਾਪਤ ਹੋਈ, ਭਾਵ ਰੱਬ ਨਾਲ ਮਿਲਾਪ ਹੋਇਆ। ਪਰ, ਗੁਰੂ ਨਾਨਕ ਸਾਹਿਬ, ਜੋ ਸਿੱਖ ਧਰਮ ਦੇ ਬਾਨੀ ਸਨ, ਨੂੰ ਜਗਤ ਸੁਧਾਰ ਲਈ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਤੋਂ ਪਹਿਲਾਂ ਹੀ ਅਕਾਲ ਪੁਰਖੁ ਨਾਲ ਮੇਲ ਹੋ ਗਿਆ ਸੀ। ਇਸ ਤੱਥ ਨੂੰ ਜਨਮ-ਸਾਖੀਆਂ ਨੇ 'ਵੇਈਂ ਪ੍ਰਵੇਸ਼' ਕਰ ਕੇ ਲਿਖਿਆ ਹੈ। ਸੁਲਤਾਨਪੁਰ ਰਹਿੰਦਿਆਂ, ਉਹ ਹਰ ਰੋਜ਼, ਵੇਈਂ ਨਦੀ 'ਤੇ ਇਸ਼ਨਾਨ ਕਰਨ ਜਾਂਦੇ ਸਨ। ਇੱਕ ਦਿਨ ਇਸ਼ਨਾਨ ਕਰਨ ਗਏ ਅਤੇ ਤਿੰਨ ਦਿਨ ਬਾਹਰ ਹੀ ਨਾ ਨਿਕਲੇ। ਭਾਈ ਗੁਰਦਾਸ ਲਿਖਦੇ ਹਨ -

ਪਹਿਲਾਂ ਬਾਬੇ ਪਾਯਾ ਬਖਸੁ ਦਰਿ, ਪਿਛੋਦੇ ਫਿਰ ਘਾਲਿ ਕਮਾਈ।...
ਬਾਬਾ ਪੈਧਾ ਸਚਿ ਖੰਡਿ, ਨਉ ਨਿਧਿ ਨਾਮੁ ਗਰੀਬੀ ਪਾਈ॥

(ਭਾ: ਗੁ: ਵਾਰ ੧, ਪਉੜੀ ੨੪)

ਭਾਈ ਗੁਰਦਾਸ ਦੀ ਵਾਰ ਪਹਿਲੀ 'ਚ ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦੀ ਰੂਪ-ਰੇਖਾ

ਗੁਰੂ ਨਾਨਕ ਸਾਹਿਬ ਦੀਆਂ ਰਵਾਇਤਾਂ ਨੂੰ ਲਿਖਤੀ ਰੂਪ ਦੇਣ ਲਈ ਭਾਈ ਗੁਰਦਾਸ ਇੱਕ ਆਦਰਸ਼ਕ ਵਿਅਕਤੀ ਮੰਨੇ ਜਾਂਦੇ ਹਨ। ਉਹ ਤੀਸਰੇ ਗੁਰੂ ਅਮਰਦਾਸ ਜੀ ਦੇ ਭਤੀਜੇ, ਗੁਰੂ ਰਾਮਦਾਸ ਜੀ ਦੇ ਸਮੇਂ ਦੇ ਸਿੱਖ ਧਰਮ ਦੇ ਉੱਘੇ ਮਿਸ਼ਨਰੀ, ਗੁਰੂ ਅਰਜੁਨ ਸਾਹਿਬ ਜੀ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਸਨ। ...ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਵਿੱਚ, ਗੁਰੂ ਨਾਨਕ ਸਾਹਿਬ ਜੀ ਦੇ ਸਫ਼ਰਾਂ ਦੀ ਤਰਤੀਬ ਦਿੱਤੀ ਹੈ।

ਬਹੁਤ ਸਾਰੇ ਹਿੰਦੂ ਤੀਰਥ (ਕੁਰੂਕਸ਼ੇਤਰ, ਹਰਦੁਆਰ, ਅਲਾਹਬਾਦ, ਬਾਨਾਰਸ, ਜਗਨਨਾਥਪੁਰੀ ਆਦਿ) ਪੂਰਬ ਵੱਲ ਸਥਿਤ ਸਨ। ਇਸ ਲਈ ਪਹਿਲੀ ਉਦਾਸੀ ਪੂਰਬ ਵੱਲ ਕੀਤੀ। ਗੁਰੂ ਸਾਹਿਬ ਦੇ ਲੰਕਾ ਅਤੇ ਦੱਖਣੀ ਭਾਰਤ ਜਾਣ ਦੀ ਰਵਾਇਤ ਪੱਕੀ

ਹੈ।...ਇਸ ਉਦਾਸੀ ਦਾ ਸਿੱਟਾ ਭਾਈ ਗੁਰਦਾਸ ਨੇ ਇਸ ਤਰ੍ਹਾਂ ਦੱਸਿਆ ਹੈ -

ਗੁਰਮੁਖਿ ਕੋਇ ਨ ਦਿਸਈ, ਢੂੰਡੇ ਤੀਰਥਿ ਜਾਤ੍ਰੀ ਮੇਲੇ।

(ਭਾ.ਗੁ. ਵਾਰ ੧, ਪਉੜੀ ੨੬)

ਪੂਰਬ ਅਤੇ ਦੱਖਣ ਦੀ ਉਦਾਸੀ ਪਿੱਛੋਂ, ਉੱਤਰ ਦੀ ਉਦਾਸੀ ਦਾ ਕਥਨ ਹੈ, ਜਿੱਥੇ ਸਿੱਧਾਂ ਨਾਲ ਗੋਸ਼ਟੀ ਹੋਈ -

ਬਾਬੇ ਡਿੱਠੀ ਪਿਰਥਮੀ, ਨਵੈ ਖੰਡਿ ਜਿਥੈ ਤਕਿ ਆਹੀ।
ਫਿਰਿ ਜਾਇ ਚੜ੍ਹਿਆ ਸੁਮੇਰ ਪਰਿ, ਸਿਧਿ ਮੰਡਲੀ ਦ੍ਰਿਸਟੀ ਆਈ।

(ਭਾ.ਗੁ. ਵਾਰ ੧, ਪਉੜੀ ੨੮)

ਪੂਰਬ, ਦੱਖਣ, ਉੱਤਰ ਦੀ ਉਦਾਸੀ ਉਪਰੰਤ ਪੱਛਮ ਵੱਲ ਕਥਨ ਹੈ -

ਬਾਬਾ ਫਿਰਿ ਮੱਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ, ਕਿਤਾਬ ਕਛਿ, ਕੂਜਾ ਬਾਂਗ ਮੁਸਲਾ ਧਾਰੀ॥

(ਭਾ.ਗੁ. ਵਾਰ ੧, ਪਉੜੀ ੩੨)

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਭਾਈ ਗੁਰਦਾਸ ਜੀ ਨੇ ਮੱਕੇ ਜਾਣ ਦਾ ਕਥਨ ਪਹਿਲਾਂ ਕੀਤਾ ਹੈ ਤੇ ਬਗ਼ਦਾਦ ਦਾ ਪਿੱਛੋਂ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਪਹਿਲਾਂ ਮੱਕੇ ਗਏ। ਜ਼ਰੂਰੀ ਹੈ ਕਿ ਮੱਕੇ ਸਮੁੰਦਰੀ ਰਸਤੇ ਗਏ ਹੋਣਗੇ ਤੇ ਵਾਪਸੀ ਉੱਤੇ ਖੁਸ਼ਕ-ਰਸਤੇ ਆਉਂਦੇ ਹੋਏ ਬਗ਼ਦਾਦ ਆਦਿ ਥਾਵਾਂ 'ਤੇ ਠਹਿਰੇ। ਫੇਰ ਕਰਤਾਰਪੁਰ ਰਹਿਣ ਦਾ ਕਥਨ ਹੈ -

ਫਿਰਿ ਬਾਬਾ ਆਇਆ ਕਰਤਾਰਪੁਰਿ, ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕੱਪੜੇ, ਮੰਜੀ ਬੈਠਿ ਕੀਆ ਅਵਤਾਰਾ॥

(ਭਾ: ਗੁ: ਵਾਰ ੧, ਪਉੜੀ ੩੮)

ਕਰਤਾਰਪੁਰ ਵਿੱਚ ਰਹਿੰਦਿਆਂ, ਆਪ ਅਚਲ-ਵਟਾਲੇ, ਸ਼ਿਵਰਾਤਰੀ ਦੇ ਮੇਲੇ 'ਤੇ ਗਏ, ਜਿਸ ਬਾਰੇ ਵਾਰ ਪਹਿਲੀ ਵਿੱਚ ਸੰਕੇਤ ਹੈ -

ਮੇਲਾ ਸੁਣਿ ਸ਼ਿਵਰਾਤਿ ਦਾ, ਬਾਬਾ ਅਚਲ ਵਟਾਲੇ ਆਈ।

(ਭਾ: ਗੁ: ਵਾਰ ੧, ਪਉੜੀ ੩੯)

ਮੇਲਿਓ ਬਾਬਾ ਉਠਿਆ, ਮੁਲਤਾਨੇ ਦੀ ਜਾਰਤਿ ਜਾਈ।

(ਭਾ: ਗੁ: ਵਾਰ ੧, ਪਉੜੀ ੪੪)

ਇਉਂ ਜਾਪਦਾ ਹੈ ਕਿ ਵੱਡੀਆਂ ਉਦਾਸੀਆਂ ਪਿੱਛੋਂ, ਗੁਰੂ ਨਾਨਕ ਸਾਹਿਬ ਨੇ ਅਚਲ-ਵਟਾਲੇ ਅਤੇ ਮੁਲਤਾਨ ਦੇ ਸਫ਼ਰ, ਕਰਤਾਰਪੁਰ ਤੋਂ ਹੀ ਕੀਤੇ।

ਭਾਈ ਬਾਲੇ ਦੀ 1658 ਈ.ਵਾਲੀ ਜਨਮ-ਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦਾ ਵੇਰਵਾ

ਭਾਈ ਬਾਲੇ ਦੀ ਜਨਮ-ਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦਾ ਵੇਰਵਾ, ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਵਿੱਚ ਦਿੱਤੇ ਸਫ਼ਰਾਂ ਦੀ ਰੂਪ-ਰੇਖਾ ਨਾਲ ਮੇਲ ਨਹੀਂ ਖਾਂਦਾ, ਸਗੋਂ ਬਿਲਕੁਲ ਵੱਖਰਾ ਹੈ। ਇਉਂ ਜਾਪਦਾ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਲੇਖਕ ਨੇ ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਨਹੀਂ ਵੇਖੀ ਜਾਂ ਉਸ ਦਾ ਅਧਿਐਨ ਨਹੀਂ ਕੀਤਾ ਅਤੇ ਨਾ ਹੀ ਉਸ ਨੇ ਪੁਰਾਤਨ ਜਨਮ-ਸਾਖੀ ਵੇਖੀ ਹੈ।.... ਭੂਗੋਲਕ ਪੱਖ ਤੋਂ ਵੇਖਿਆਂ, ਭਾਈ ਬਾਲੇ ਵਾਲੀ ਜਨਮ-ਸਾਖੀ ਤੋਂ ਪਤਾ ਲਗਦਾ ਹੈ ਕਿ ਜਨਮ-ਸਾਖੀ ਵਿੱਚ ਦੱਸੇ ਨਾਵਾਂ ਦੀ ਸਥਿਤੀ ਦਾ, ਕਰਤਾ ਨੂੰ ਪਤਾ ਨਹੀਂ।.... ਸਫ਼ਰਾਂ ਦੇ ਰਸਤਿਆਂ ਦੀ ਜਾਣਕਾਰੀ ਨਾ ਹੋਣ ਕਰ ਕੇ, ਉਡਾਰੀਆਂ ਤੋਂ ਕੰਮ ਲਿਆ ਹੈ। ਸ਼ਾਇਦ, ਇਸ ਤੋਂ ਬਗ਼ੈਰ ਕੋਈ ਚਾਰਾ ਹੀ ਨਹੀਂ ਸੀ।.... ਭਾਈ ਗੁਰਦਾਸ ਜੀ ਦੀ ਵਿਉਂਤ ਵਿੱਚ ਕੋਈ ਮਿਥਿਹਾਸਕ ਤੱਥ ਨਹੀਂ ਹੈ। ਭਾਈ ਗੁਰਦਾਸ ਜੀ ਦੀ ਰਚਨਾ ਵਿੱਚ ਜਿਨ੍ਹਾਂ ਥਾਵਾਂ ਦਾ ਕਥਨ ਹੈ, ਉਨ੍ਹਾਂ ਦਾ ਭੂਗੋਲਕ ਪੱਖ ਤੋਂ ਵਿਸ਼ਲੇਸ਼ਨ ਕੀਤਾ ਜਾ ਸਕਦਾ ਹੈ, ਅਤੇ ਜਿਨ੍ਹਾਂ ਵਿਅਕਤੀਆਂ ਦਾ ਕਥਨ ਹੈ, ਉਨ੍ਹਾਂ ਨੂੰ ਇਤਿਹਾਸਕ ਪੱਖ ਤੋਂ ਪਛਾਣਿਆ ਜਾ ਸਕਦਾ ਹੈ।

ਭਾਈ ਬਾਲੇ ਦੀ ਸਭ ਤੋਂ ਪੁਰਾਣੀ ਪੱਤਰੀ ਵਿੱਚ, ਗੁਰ-ਨਿੰਦਾ ਦੇ ਨਾਲ ਬਹੁਤ ਸਾਰੇ ਕਲਪਿਤ ਤੱਥ ਪਾ ਦਿੱਤੇ ਹਨ। ਬਾਬਾ ਹੰਦਾਲ ਨੂੰ, ਗੁਰੂ ਜੀ ਤੋਂ ਬਹੁਤ ਵੱਡਾ ਦੱਸਿਆ ਹੈ। ਇਸ ਤੋਂ ਇਲਾਵਾ, ਗੁਰੂ ਨਾਨਕ ਸਾਹਿਬ ਜੀ ਦੇ ਸਫ਼ਰ ਵਿਉਤਣ ਕਰਕੇ, ਬਹੁਤ ਸਾਰੇ ਕਲਪਿਤ ਵਿਅਕਤੀ ਅਤੇ ਥਾਵਾਂ ਦੀ ਭਰਮਾਰ ਕਰ ਦਿੱਤੀ ਹੈ, ਜਿਵੇਂ ਕਿ ਮਾਰੂਫ ਦੇਸ, ਅਲਲਾਚੀਨ ਪਰਬਤ, ਕੂਨਾ ਪਰਬਤ, ਕਲਪਿਤ ਵਿਅਕਤੀਆਂ ਦੇ ਨਾਮ ਇਸ ਤਰ੍ਹਾਂ ਹਨ-

ਰਾਜਾ ਮਧੁਰਬੈਨ, ਰਾਜਾ ਦੇਵਲੂਤ, ਰਾਜਾ ਕਉਲਨੈਨ ਆਦਿ।

......

ਭਾਈ ਸੰਤੋਖ ਸਿੰਘ ਜੀ ਨੇ ਬਾਲੇ ਦੀ ਜਨਮ-ਸਾਖੀ ਨੂੰ ਪ੍ਰਮੁੱਖ (ਆਧਾਰ) ਰੱਖਿਆ ਹੈ।.... ਭਾਈ ਗੁਰਦਾਸ ਜੀ ਦੀ ਸਫ਼ਰਾਂ ਸੰਬੰਧੀ ਵਿਉਂਤਬੰਦੀ ਦੂਜੇ ਦੋਹਾਂ, ਉਪਰੋਕਤ ਰਚੈਤਾਵਾਂ ਨਾਲੋਂ ਵੱਧ ਵਿਗਿਆਨਕ ਹੈ।

ਕਰਾਮਾਤ ਜਾਂ ਚਮਤਕਾਰ ਧਰਮ, ਵਿਸ਼ਵਾਸ਼ ਅਤੇ ਸ਼ਰਧਾ ਦੀ ਉਪਜ ਹੈ। ਪ੍ਰਾਚੀਨ ਕਾਲ ਵਿੱਚ, ਲੋਕ, ਧਰਮ ਵਿੱਚ ਅਟੁੱਟ ਵਿਸ਼ਵਾਸ਼ ਰਖਦੇ ਸਨ। ਇਸ ਲਈ ਉਹ ਕਰਾਮਾਤਾਂ ਨੂੰ ਧਾਰਮਕ-ਉੱਚਤਾ ਦਾ ਪ੍ਰਤੀਕ ਸਮਝਦੇ ਸਨ। ਬਾਈਬਲ ਅਤੇ ਕੁਰਾਨ-ਸਰੀਫ਼ ਵਿੱਚ ਕਈ ਕਰਾਮਾਤਾਂ ਦੱਸੀਆਂ ਹੋਈਆਂ ਹਨ। ਪੰਜਾਬ ਵਿੱਚ ਲਿਖੇ ਗਏ ਇਸਲਾਮੀ ਧਾਰਮਕ ਸਾਹਿਤ ਵਿੱਚ ਕਰਾਮਾਤਾਂ ਭਰੀਆਂ ਪਈਆਂ ਹਨ।.... ਇਸੇ ਤਰ੍ਹਾਂ, ਭਾਈ ਗੁਰਦਾਸ ਨੇ ਜੋਗੀਆਂ ਦੀਆਂ ਕਰਾਮਾਤਾਂ ਦੱਸੀਆਂ ਹਨ -

ਰੂਪ ਵਟਾਏ ਜੋਗੀਆਂ, ਸਿੰਘ, ਬਾਘ, ਘਹੁ ਚਲਿਤਿ ਦਿਖਾਈ।

ਇਕਿ ਪਰਿ ਕਰਿ ਕੈ ਉਡਰਨਿ, ਪੰਖੀ ਜਿਵੈ ਰਹੇ ਲੀਲਾਈ।

(ਭਾ. ਗੁ. ਵਾਰ ੧, ਪਉੜੀ ੨੪)

ਕਰਾਮਾਤਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :

1. **ਆਤਮਕ ਕਰਾਮਾਤਾਂ** : ਜਿਨ੍ਹਾਂ ਨਾਲ ਮਨੁੱਖ ਦਾ ਚਿੰਤਨ ਹੀ ਬਦਲ ਦਿੱਤਾ ਜਾਵੇ। ਅਤਮਾ ਨੂੰ ਬਲਵਾਨ ਅਤੇ ਉੱਚਾ ਕਰ ਦਿੱਤਾ ਜਾਏ ਕਿ ਹਰ ਕੰਮ ਕੀਤਾ ਕਰਾਮਾਤੀ ਨਜ਼ਰ ਆਉਣ ਲੱਗ ਪਵੇ। ਜਿਵੇਂ ਚਿੜੀਆਂ ਜੇਹੇ ਕਮਜ਼ੋਰਾਂ ਨੂੰ ਸ਼ਕਤੀਸ਼ਾਲੀ ਅਤੇ ਗਿੱਦੜਾਂ ਨੂੰ ਸ਼ੇਰ ਬਣਾਉਣਾ।

2. **ਪ੍ਰਕਿਰਤਕ ਕਰਾਮਾਤਾਂ** : ਜੋ ਕੁਦਰਤਿ ਦੇ ਨਿਯਮਾਂ ਦੇ ਉਲਟ ਹੋਣ। ਜਿਵੇਂ ਕਿ ਹਵਾ ਵਿੱਚ ਉੱਡਣਾ, ਪਾਣੀ 'ਤੇ ਤੁਰਨਾ, ਮੁਰਦੇ ਨੂੰ ਜਿੰਦਾ ਕਰਨਾ, ਆਦਿ।

ਕਰਾਮਾਤ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਇਸ ਤਰ੍ਹਾਂ ਲਿਖਦੇ ਹਨ -

'ਸਤਿਗੁਰਾਂ ਆਤਮਕ ਕਰਾਮਾਤ ਨਾਲ ਕੁਕਰਮੀਆਂ ਅਤੇ ਨਾਸਤਕਾਂ ਨੂੰ ਆਸਤਕ, ਆਲਸੀਆਂ ਨੂੰ ਕਰਮ-ਯੋਗੀ, ਜਾਤ-ਵਿਰੋਧੀਆਂਨੂੰ ਕੌਮ ਦੇ ਪਿਆਰੇ ਤੇ ਸੇਵਕ ਬਣਾ ਦਿੱਤਾ। ਬਿਨਾ ਸਮਝੇ, ਅਨੇਕ ਇਤਿਹਾਸਕ ਲੇਖਕਾਂ ਨੇ ਗੁਰੂ ਸਾਹਿਬ ਨੂੰ ਪ੍ਰਕਿਰਤੀ ਵਿਰੁੱਧ ਕਰਾਮਾਤਾਂ ਕਰਨ ਵਾਲੇ ਬਹੁਤ ਪ੍ਰਸੰਗ ਅਜਿਹੇ ਲਿਖ ਦਿੱਤੇ ਜਿਨ੍ਹਾਂ ਤੋਂ ਉਸਤਤ ਵਯਾਜ ਨਿੰਦਾ ਪ੍ਰਗਟ ਹੁੰਦੀ ਹੈ। ਪ੍ਰਕਿਰਤੀ ਦੇ ਵਿਰੁੱਧ ਕੰਮ ਕਰਨ ਵਾਲੀ ਕਰਾਮਾਤ ਦੇ, ਗੁਰੂ ਸਾਹਿਬਾਨ ਵਿਰੁੱਧ ਸਨ। (ਗੁਰਮਤ ਮਾਰਤੰਡ, ਭਾਗ ਪਹਿਲਾ, ਸ੍ਰੋ.ਗੁ.ਪ੍ਰ. ਕਮੇਟੀ ਅੰਮ੍ਰਿਤਸਰ, 1999, ਪੰਨਾ 285-86)

ਗੁਰਮਤਿ-ਗਿਆਨ, ਜੋ ਹੁਕਮ ਤੇ ਰਜ਼ਾ ਵਿੱਚ ਚੱਲਣ ਦੀ ਤਾਕੀਦ ਕਰਦਾ ਹੈ, ਕੁਦਰਤੀ-ਕਾਨੂੰਨ ਦੇ ਵਿਰੁੱਧ ਕਿਵੇਂ ਹੋ ਸਕਦਾ ਹੈ ?

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ (ਮ:੧, ੪੭੪-੭੫)

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥

(ਮ: ੩, ੬੫੦)

ਭਾਵ: ਨਾਮ ਤੋਂ ਬਿਨਾਂ ਖਾਣਾ ਤੇ ਪਹਿਨਣਾ ਸਭ ਵਿਅਰਥ ਹੈ (ਜੇ ਨਾਮ ਨਹੀਂ ਤਾਂ) ਉਹ ਸਿੱਧੀ ਤੇ ਕਰਾਮਾਤ ਫ਼ਿਟਕਾਰ-ਯੋਗ ਹੈ; ਇਹੀ (ਉਸ ਦੀ) ਸਿੱਧੀ ਹੈ ਤੇ ਇਹੀ ਕਰਾਮਾਤ ਹੈ ਕਿ ਚਿੰਤਾ ਤੋਂ ਰਹਿਤ ਹਰੀ ਉਸ ਨੂੰ (ਨਾਮ ਦੀ) ਦਾਤਿ ਬਖ਼ਸ਼ੇ; ਹੇ ਨਾਨਕ! ਗੁਰੂ ਦੇ

ਸਨਮੁਖ ਹੋ ਕੇ (ਭਾਵ, ਕਿ ਹੁਕਮਿ ਰਜ਼ਾਈ ਚੱਲ ਕੇ) ਹਰੀ ਦਾ ਨਾਮ ਮਨ ਵਿੱਚ ਵਸਦਾ ਹੈ - ਇਹੀ ਸਿੱਧੀ ਤੇ ਕਰਾਮਾਤ ਹੁੰਦੀ ਹੈ।" (ਡਾ. ਕਿਰਪਾਲਸਿੰਘ : ਸ੍ਰੀ ਗੁਰ ਨਾਨਕ ਪ੍ਰਕਾਸ਼ ਪੰਨੇ 13-19)

"੧. *ਸਿੱਧੀਂ ਮਨੇ ਬੀਚਾਰਿਆ, ਕਿਵੈ ਦਰਸਨ ਏ ਲੇਵੈ ਬਾਲਾ।*
੨. *ਐਸਾ ਜੋਗੀ ਕਲੀ ਮਹਿ, ਹਮਰੇ ਪੰਥ ਕਰੇ ਉਜਿਆਲਾ।*
੩. *ਖਪਰ ਦਿਤਾ ਨਾਥ ਜੀ, ਪਾਣੀ ਭਰਿ ਲੈਵਣਿ ਉਠਿ ਚਾਲਾ।*
੪. *ਬਾਬਾ ਆਇਆ ਪਾਣੀਐ, ਡਿਠੇ ਰਤਨ ਜਵਾਹਰ ਲਾਲਾ।*
੫. *ਸਤਿਗੁਰ ਅਗਮ ਅਗਾਧਿ ਪੁਰਖੁ, ਕੇਹੜਾ ਝਲੇ ਗੁਰੂ ਦੀ ਝਾਲਾ।*
੬. *ਫਿਰਿ ਆਇਆ ਗੁਰ ਨਾਥ ਜੀ, ਪਾਣੀ ਠਉੜ ਨਹੀਂ ਉਸਿ ਤਾਲਾ।*
੭. ***ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ।***
੮. ***ਕਲਜੁਗਿ, ਨਾਨਕ, ਨਾਮੁ ਸੁਖਾਲਾ॥*** *ਭਾ.ਗੁ.ਵਾਰ ੧, ਪਉੜੀ੩੧॥*

੧. ਸਿੱਧਾਂ ਨੇ ਮਨ ਵਿਖੇ ਸੋਚ ਕੀਤੀ ਕਿ ਕਿਸੇ ਤਰ੍ਹਾਂ ਇਹ ਬਾਲਕਾ (ਜੋਗੀ) ਭੇਖ ਲਵੇ।
੨. (ਕਿਉਂਕਿ) ਅਜਿਹਾ ਜੋਗੀ ਕਲੀ ਵਿਖੇ ਸਾਡੇ ਪੰਥ ਨੂੰ ਰੌਸ਼ਨ ਕਰ ਦੇਵੇਗਾ।
੩. (ਤਦ) ਨਾਥ ਨੇ ਚਿੱਪੀ ਦਿੱਤੀ ਪਾਣੀ ਭਰਨ ਲਈ, (ਬਾਬਾ) ਉਠ ਤੁਰਿਆ।
੪. (ਜਦ) ਬਾਬਾ ਪਾਣੀ ਕੋਲ ਗਿਆ (ਅੱਗੋਂ) ਰਤਨ ਜਵਾਹਰ ਤੇ ਮਾਣਕ ਡਿੱਠੇ।
੫. ਸਤਿਗੁਰ ਵੱਡੇ ਅਗਮ ਤੇ ਪੂਰਨ ਪੁਰਖ (ਸਨ, ਉਸ) ਗੁਰੂ ਦੀ ਝਾਲ ਕੌਣ ਝੱਲੇ?
੬. ਗੁਰੂ (ਬਾਬਾ) ਮੁੜ ਆਇਆ (ਤੇ ਗੋਰਖ ਨੂੰ ਕਿਹਾ-) ਨਾਥ ਜੀ! ਉਸ ਥਾਵੇਂ ਤਾਲ ਵਿੱਚ ਪਾਣੀ ਨਹੀਂ ਹੈ (ਭਾਵ ਕਿ ਨਾਥ ਦਾ ਛਲ, ਨਾਥ ਪਰ ਵਿਦਤ ਕਰ ਦਿੱਤਾ)।
੭. (ਗੁਰੂ ਜੀ ਨੇ) ਸ਼ਬਦ ਨਾਲ ਸਾਰੀ ਸਿੱਧ-ਮੰਡਲੀ ਜਿੱਤ ਲੀਤੀ, ਆਪਣਾ ਪੰਥ ਵੱਖਰਾ ਕੀਤਾ।
੮. ਕਲਜੁਗ ਵਿੱਚ (ਗੁਰੂ) ਨਾਨਕ (ਦਾ ਦੱਸਿਆ ਹੋਇਆ) ਨਾਮ ਹੀ ਸੁੱਖਾਂ ਦਾ ਘਰ ਹੈ।

ਭਾਵ : ਗੋਰਖ ਨਾਥ ਨੇ ਗੁਰੂ ਜੀ ਨੂੰ, ਲਾਲਚ ਨਾਲ, ਆਪਣੇ ਮੱਤ ਵਿਖੇ ਲਿਆਉਂਣ ਲਈ ਤਲਾਉ ਵਿਖੇ ਰਤਨ ਤੇ ਮਾਣਿਕ ਭਰ ਦਿੱਤੇ ਕਿ ਗੁਰੂ ਜੀ ਦੇਖ ਕੇ ਭਰਮ ਜਾਣਗੇ। ਗੁਰੂ ਜੀ ਦੀ ਝਾਲ ਕੌਣ ਝੱਲੇ? ਉਨ੍ਹਾਂ ਨੂੰ ਹੀਰੇ ਜਵਾਹਰਾਂ ਦੀ ਜਰਾ ਭੀ ਚਾਹ ਨਾ ਫੁਰੀ। ਜਦ ਹੈਰਾਨ ਹੋ ਕੇ ਗੋਰਖ ਨੇ ਆਪਣੀ ਵਰਤਾਈ ਮਾਇਆ ਵੱਲ ਤੱਕਿਆ ਤਾਂ ਉਸ ਦੀ ਰਚਨਾ ਗੁੰਮ

ਸੀ। ਫੇਰ ਸ਼ਬਦ ਦੀ ਚਰਚਾ ਹੋਈ, ਜਿਸ ਵਿੱਚ ਜੋਗੀ ਸਿੱਧ ਸਾਰੇ ਹਾਰ ਗਏ, ਗੁਰੂ ਜੀ ਨੇ ਆਪਣਾ ਪੰਥ ਨਿਰਾਲਾ ਕਰ ਕੇ ਉਨ੍ਹਾਂ ਨੂੰ ਦਿਖਾ ਦਿੱਤਾ। ਇਹ ਚਰਚਾ 'ਸਿਧ ਗੋਸਟ', ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਜਿਸ ਦਾ ਭਾਵ ਇਹ ਹੈ ਕਿ ਕਲਜੁਗ ਵਿੱਚ (ਭਾਵ ਹਰ ਸਮੇਂ ਅੰਦਰ) ਨਾਮ ਹੀ ਸਾਧਨ ਹੈ, ਅਰ ਬਹੁਤ ਸਿੱਧਾ ਤੇ ਮੁਕੰਮਲ ਯਤਨ ਹੈ, ਜੋ ਗੁਰੂ ਜੀ ਦਾ ਮੱਤ ਹੈ।" (ਵਾਰਾਂ ਭਾਈ ਗੁਰਦਾਸ ਸਟੀਕ: ਭਾਈ ਵੀਰ ਸਿੰਘ)।

ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਕਰਾਮਾਤਾਂ ਦਾ ਪ੍ਰਯੋਗ

"ਉੱਪਰ ਦਿੱਤੇ ਵਿਸਥਾਰ ਅਨੁਸਾਰ ਭਾਈ ਸੰਤੋਖ ਸਿੰਘ ਜੀ ਨੇ ਆਤਮਕ ਅਤੇ ਪ੍ਰਕ੍ਰਿਤਕ, ਦੋਹਾਂ ਕਰਾਮਾਤਾਂ ਦਾ ਪ੍ਰਯੋਗ ਕੀਤਾ ਹੈ। ਆਤਮਕ-ਕਰਾਮਾਤ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ ਹੋ ਸਕਦਾ ਕਿ ਗੁਰੂ ਨਾਨਕ ਸਾਹਿਬ ਨੇ ਲੋਕਾਂ ਦੇ ਚਿੰਤਨ ਨੂੰ ਬਦਲ ਦਿੱਤਾ ਅਤੇ ਆਤਮਕ ਤੌਰ 'ਤੇ ਉੱਚਾ ਚੁੱਕਿਆ।

ਪ੍ਰਕਿਰਤਕ-ਕਰਾਮਾਤਾਂ ਬਾਰੇ ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਮੁਸਲਮਾਨ ਤੇ ਹਿੰਦੂਆਂ ਨੇ ਆਪਣੇ ਇਸ਼ਟਾਂ ਨਾਲ ਬਹੁਤ ਕਰਾਮਾਤਾਂ ਜੋੜੀਆਂ ਹਨ। ਆਮ ਲੋਕ ਵੀ ਕਰਾਮਾਤ ਵਿੱਚ ਬਹੁਤ ਵਿਸ਼ਵਾਸ਼ ਰਖਦੇ ਸਨ ਅਤੇ ਕਰਾਮਾਤ ਨੂੰ ਆਤਮਿਕ ਉੱਚਤਾ ਦਾ ਪ੍ਰਤੀਕ ਸਮਝਦੇ ਸਨ। ਇਸ ਵਾਤਾਵਰਣ ਵਿੱਚ ਭਾਈ ਬਾਲੇ ਦੀ ਜਨਮ-ਸਾਖੀ ਦੇ ਕਰਤਾ ਤੇ ਭਾਈ ਸੰਤੋਖ ਸਿੰਘ ਨੇ, ਪ੍ਰਕ੍ਰਿਤਕ ਕਰਾਮਾਤਾਂ ਗੁਰੂ ਨਾਨਕ ਸਾਹਿਬ ਦੇ ਜੀਵਨ-ਬਿਰਤਾਂਤ ਵਿੱਚ ਜੋੜੀਆਂ, ਤਾਂ ਜੋ ਸਿੱਖ ਧਰਮ ਦੇ ਬਾਨੀ ਨੂੰ, ਮੁਸਲਮਾਨ ਅਤੇ ਹਿੰਦੂ, ਕੁਦਰਤੀ ਕਰਾਮਾਤਾਂ ਕਰਨ ਤੋਂ ਅਸਮਰੱਥ ਨਾ ਸਮਝ ਲੈਣ।

ਗੁਰੂ ਨਾਨਕ ਸਾਹਿਬ ਦੇ ਮਹਾਨ ਸਫ਼ਰਾਂ ਵਿੱਚ ਕਰਾਮਾਤੀ ਅੰਸ਼ ਦੇ ਹੋਰ ਵੀ ਕਈ ਕਾਰਨ ਹਨ। ਭਾਈ ਬਾਲੇ ਦੀ ਸਾਖੀ, ਜਿਸ ਨੂੰ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਣ ਲਈ ਸਾਹਮਣੇ ਰੱਖਿਆ ਹੈ, ਵਿੱਚ ਪ੍ਰਕ੍ਰਿਤਕ-ਕਰਾਮਾਤਾਂ ਦਾ ਪ੍ਰਯੋਗ ਆਮ ਹੈ। ਇਸ ਦਾ ਕਾਰਨ ਇਹ ਹੈ ਕਿ ਸਤਾਰਵੀਂ ਸਦੀ ਦੇ ਮੱਧ (1658 ਈ. ਵਿੱਚ ਸੱਭ ਤੋਂ ਪੁਰਾਣੀ ਲੱਭੀ, ਭਾਈ ਬਾਲੇ ਦੀ ਜਨਮ-ਸਾਖੀ) ਤੱਕ ਅਤੇ ਭਾਈ ਸੰਤੋਖ ਸਿੰਘ ਜੀ ਦੇ ਸਮੇਂ ਤੱਕ ਭੂਗੋਲਿਕ-ਵਿਗਿਆਨ ਹਾਲੀ ਵਿਕਸਤ ਨਹੀਂ ਸੀ ਹੋਇਆ। ਸ਼ਹਿਰਾਂ ਅਤੇ ਨਗਰਾਂ ਦੀ ਭੂਗੋਲਿਕ ਸਥਿੱਤੀ ਬਾਰੇ ਜਾਣਕਾਰੀ ਬਹੁਤ ਘੱਟ ਸੀ। ਇਹ ਘਾਟ ਭਾਈ ਬਾਲੇ ਦੀ ਜਨਮ-ਸਾਖੀ ਅਤੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿੱਚ ਉਲੇਖਿਤ ਗੁਰੂ ਸਾਹਿਬ ਦੇ ਸਫ਼ਰਾਂ ਦੇ ਵਰਣਨ ਤੋਂ ਸਪੱਸ਼ਟ ਹੁੰਦੀ ਹੈ। ਜਿਵੇਂ ਕਿ ਐਮਨਾਬਾਦ (ਪੱਛਮੀ ਪੰਜਾਬ) ਤੋਂ ਕਾਮਰੂਪ (ਆਸਾਮ) ਅਤੇ ਕਾਮਰੂਪ ਤੋਂ ਨਾਗਾਪਟਨਮ ਆਦਿ।

ਦੂਜਾ ਵੱਡਾ ਕਾਰਨ ਇਹ ਸੀ ਕਿ ਵਪਾਰਕ-ਰਸਤਿਆਂ ਦੀ, ਲਿਖਾਰੀਆਂ ਨੂੰ ਜਾਣਕਾਰੀ ਨਹੀਂ ਸੀ। ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਦੇ ਪ੍ਰਚਲਤ ਰਸਤੇ ਵਪਾਰੀ ਜਾਣਦੇ ਸਨ,ਜੋ ਕਾਫ਼ਲੇ ਲੈਕੇ ਚਲਦੇ ਸਨ। ਇਸ ਜਾਣਕਾਰੀ ਦੀ ਅਣਹੋਂਦ ਨੂੰ ਪੂਰਾ ਕਰਨ ਲਈ ਕਰਾਮਾਤਾਂ ਨੂੰ ਜੋੜਿਆ ਗਿਆ ਹੈ। 1658 ਵਿੱਚ ਲੱਭੀ ਭਾਈ ਬਾਲੇ ਦੀ ਜਨਮ-ਸਾਖੀ

ਵਿੱਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਨਾਨਕ, ਭਾਈ ਬਾਲਾ ਅਤੇ ਮਰਦਾਨਾ ਨੇ ਉਡਾਰੀ ਲੀਤੀ ਆਦਿ।

ਸਮੁੰਦਰੀ ਸਫ਼ਰ ਕਰਨ ਲੱਗਿਆਂ ਗੁਰੂ ਨਾਨਕ ਸਾਹਿਬ, ਭਾਈ ਬਾਲਾ ਅਤੇ ਮਰਦਾਨਾ ਕੋਲੋਂ ਮੱਛ ਦੀ ਸਵਾਰੀ ਕਰਵਾ ਦਿੱਤੀ ਜਿਸ ਤੋਂ ਪਤਾ ਲਗਦਾ ਹੈ ਕਿ ਲਿਖਾਰੀ ਨੂੰ ਇਹ ਜਾਣਕਾਰੀ ਨਹੀਂ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਬਾਦਬਾਨੀ-ਜਹਾਜ਼ ਚਲਦੇ ਸਨ। ਪੁਰਤਗਾਲ ਦਾ ਵਾਸੀ 'ਵਾਸਕੋਡੇਗਾਮਾ' ਬਾਦਬਾਨੀ ਜਹਾਜ਼ ਰਾਹੀਂ 1498 ਈ. ਵਿੱਚ ਭਾਰਤ ਦੇ ਪੱਛਮੀ ਤੱਟ ਉੱਤੇ ਪੁੱਜਾ। ਸੋ ਬਹੁਤ ਸਾਰੀਆਂ ਕਰਾਮਾਤਾਂ ਦਾ ਕਾਰਨ ਭੂਗੋਲਿਕ ਅਗਿਆਨਤਾ ਜਾਪਦੀ ਹੈ।" (ਡਾ. ਕਿਰਪਾਲ ਸਿੰਘ : ਸ੍ਰੀ ਗੁਰ ਨਾਨਕ ਪ੍ਰਕਾਸ਼ ਪੰਨੇ 19-20)।

ਲੇਖਕ (ਗੁਰਦੀਪ ਸਿੰਘ) ਵੱਲੋਂ ਟਿੱਪਣੀਆਂ

ਸਿੱਧੀਆਂ (ਕਰਾਮਾਤੀ ਸ਼ਕਤੀਆਂ) ਤੇ ਗੁਰਮਤਿ

ਹਰਿ ਜੀ ਏਹ ਤੇਰੀ ਵਡਿਆਈ ॥
ਭਗਤਾਂ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥

ਰਿਧੀ ਸਿਧਿ ਸਭ ਭਗਤਾਂ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥

(ਮ: ੩, ੬੩੭)

ਭਾਵ : ਹੇ ਹਰੀ! ਹੇ ਸੁਆਮੀ! ਭਗਤ ਤੇਰੀ ਸ਼ਰਣ ਪਏ ਰਹਿੰਦੇ ਹਨ। ਤੂੰ ਆਪਣੇ ਭਗਤਾਂ ਦੀ ਇੱਜ਼ਤ ਰੱਖ। ਹੇ ਹਰੀ! (ਭਗਤਾਂ ਦੀ ਇੱਜ਼ਤ) ਤੇਰੀ ਹੀ ਇੱਜ਼ਤ ਹੈ। ਰਹਾਉ।

ਭਗਤ ਸ਼ਬਦ-ਗੁਰੂ ਦੀ ਰਾਹੀਂ (ਸ਼ਬਦ-ਗੁਰੂ ਦੀ ਸ਼ਰਣ ਪੈ ਕੇ) ਆਤਮਕ ਅਡੋਲਤਾ ਵਿੱਚ, ਪ੍ਰਭੂ-ਪਿਆਰ ਵਿੱਚ (ਟਿਕੇ ਰਹਿੰਦੇ ਹਨ, ਇਸ ਵਾਸਤੇ) **ਸਭ ਕਰਾਮਾਤੀ ਤਾਕਤਾਂ ਭਗਤਾਂ ਦੀ ਚਰਨੀ ਲੱਗੀਆਂ ਰਹਿੰਦੀਆਂ ਹਨ।**

ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ *(ਮ:੩, ੫੯੩)*

ਭਾਵ : ਕਿਸੇ ਮਨੁੱਖ ਨੇ ਮਨ ਦੇ ਹਠ ਨਾਲ ਰੱਬ ਨੂੰ ਨਹੀਂ ਲੱਭਾ, ਸਾਰੇ ਜੀਵ (ਭਾਵ, ਕਈ ਮਨੁੱਖ) (ਹਠ ਨਾਲ) ਕਰਮ ਕਰ ਕੇ (ਓੜਕ) ਥੱਕ ਗਏ ਹਨ; ਮਨ ਦੇ ਹਠ ਨਾਲ (ਕਈ ਤਰ੍ਹਾਂ ਦੇ) ਭੇਖ ਕਰ ਕੇ ਭਟਕਦੇ ਹਨ ਤੇ ਮਾਇਆ ਦੇ ਮੋਹ ਵਿੱਚ ਦੁੱਖ ਉਠਾਉਂਦੇ ਹਨ।

ਰਿਧੀਆਂ ਤੇ ਸਿੱਧੀਆਂ (ਭੀ) ਨਿਰੋਲ ਮੋਹ (ਰੂਪ) ਹਨ, (ਇਨ੍ਹਾਂ ਨਾਲ) ਹਰੀ ਦਾ ਨਾਮ ਹਿਰਦੇ ਵਿੱਚ ਨਹੀਂ ਵਸ ਸਕਦਾ।

ਜਿੱਥੇ ਸਿੱਧੀਆਂ ਦੀ ਹੋਂਦ ਨੂੰ ਨਿਕਾਰਿਆ ਨਹੀਂ ਜਾ ਸਕਦਾ, ਉੱਥੇ ਰੱਬੀ-ਪਿਆਰ 'ਚ ਰੱਤੀਆਂ ਰੂਹਾਂ ਇਨ੍ਹਾਂ ਦੀ ਵਰਤੋਂ ਕਰਨ ਨੂੰ ਗੁਰਮਤਿ ਅਸੂਲਾਂ ਦੀ ਉਲੰਘਣਾ ਸਮਝਦੇ ਹੋਏ, ਇਨ੍ਹਾਂ ਵੱਲ ਤਕਦੀਆਂ ਭੀ ਨਹੀਂ ਹਨ ਕਿਉਂਕਿ ਕਿਸੇ ਨੂੰ ਪ੍ਰਭਾਵਤ ਕਰਨ ਲਈ ਸਿੱਧੀਆਂ ਦਾ ਪ੍ਰਦਰਸ਼ਨ ਕਰਨਾ ਮਾਇਆ ਦੀਆਂ ਖੇਡ੍ਹਾਂ ਖੇਡ੍ਹਣਾ ਹੀ ਤਾਂ ਹੈ। ਪਰਮੇਸ਼ਰ ਦੇ ਭਗਤਾਂ ਨੂੰ ਸਿੱਧੀਆਂ ਦੇ ਪ੍ਰਦਰਸ਼ਨ, ਡਰਾ, ਭਰਮਾ ਜਾਂ ਡੁਲਾਅ ਵੀ ਨਹੀਂ ਸਕਦੇ। ਇੰਜ ਜਾਪਦਾ ਹੈ ਕਿ ਜਦੋਂ ਸਿੱਧਾਂ ਵੱਲੋਂ ਕੀਤਾ ਸ਼ਕਤੀਆਂ ਦਾ ਪ੍ਰਦਰਸ਼ਨ (ਸਿੱਧੀਆਂ ਦਾ ਪ੍ਰਗਟਾਵਾ) ਗੁਰੂ ਨਾਨਕ ਸਾਹਿਬ ਨੂੰ ਪ੍ਰਭਾਵਤ ਨਾ ਕਰ ਸਕਿਆ ਤਾਂ ਸਿੱਧ ਮਨ ਵਿੱਚ ਬਹੁਤ ਸ਼ਰਮਿੰਦੇ ਹੋਏ ਹੋਣਗੇ ਅਤੇ ਆਪਣੀ ਹਾਰ ਮੰਨ ਲਈ ਹੋਵੇਗੀ। ਪਰ, ਅਸਲ ਵਿੱਚ ਕੀ ਭਾਣਾ ਵਰਤਿਆ ਸੀ, ਇਸ ਬਾਰੇ ਪਰਮੇਸ਼ਰ ਹੀ ਜਾਣੇ। ਇਤਿਹਾਸਕਾਰ ਇਸ ਦੀ ਖ਼ੋਜ ਕਰਨ।

ਬੀਤੇ ਸਮੇਂ ਦੇ ਸਿੱਧ ਗੁਰੂ ਨਾਨਕ ਸਾਹਿਬ ਨੂੰ ਕਿਵੇਂ ਮਿਲੇ ?

"ਗੁਰੂ ਨਾਨਕ ਸਾਹਿਬ ਦਾ ਜਨਮ 1469 ਈ. ਵਿੱਚ ਹੋਇਆ ਤੇ ਉਹ 1539 ਵਿੱਚ ਜੋਤੀ ਜੋਤਿ ਸਮਾ ਗਏ। ਜਿਨ੍ਹਾਂ ਸਿੱਧਾਂ ਦੇ ਨਾਮ ਅਸੀਂ ਦੇ ਆਏ ਹਾਂ, ਉਨ੍ਹਾਂ ਦਾ ਗੁਰੂ ਨਾਨਕ ਜੀ ਨਾਲ ਮੇਲ ਹੋਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ। ਇਹ ਸਾਰੇ ਸਿੱਧ ਨਿਸ਼ਚੇ ਤੌਰ (ਸਰੀਰਕ ਤੌਰ) 'ਤੇ ਕਈ ਸਦੀਆਂ (ਇਕ ਤੋਂ ਚਾਰ ਸਦੀਆਂ) ਪਹਿਲਾਂ ਹੋਏ ਸਨ। ਪਰ, ਸਰੀਰਕ ਤੌਰ'ਤੇ ਗੁਰੂ ਸਾਹਿਬ ਨਾਲ ਗੋਸ਼ਟ ਜਾਂ ਚਰਚਾ ਹੋਈ ਲਿਖੀ ਹੈ। ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਇਸ ਦਾ ਨਿਰਣਾ ਕਰਨਾ ਜ਼ਰੂਰੀ ਹੈ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦਾ ਸਿੱਧਾਂ ਦੀਆਂ ਆਤਮਾਵਾਂ ਨਾਲ ਮੇਲ ਹੋਇਆ ਹੈ। ਕਿਉਂਕਿ ਮਹਾਂ-ਪੁਰਖਾਂ ਦੀਆਂ ਆਤਮਾਵਾਂ ਸਥਾਨ ਅਤੇ ਕਾਲ ਤੋਂ ਮੁਕਤ ਹੁੰਦੀਆਂ ਹਨ। ਅਨੁਭਵੀ ਮਨੁੱਖਾਂ ਨੂੰ ਸ਼ਾਇਦ ਇਸ ਗੱਲ ਦੀ ਸਮਝ ਆਉਂਦੀ ਹੋਵੇ ਪਰ, ਸਾਧਾਰਨ ਮਨੁੱਖ ਲਈ ਇਹ ਗੱਲ ਅਨੁਭਵ ਕਰਨੀ ਔਖੀ ਹੈ। ਆਤਮਾਵਾਂ ਦਾ ਮੇਲ ਕਿਸੇ ਥਾਂ 'ਤੇ ਵੀ ਹੋ ਸਕਦਾ ਸੀ, ਫਿਰ ਬਿੱਖੜੇ ਪੰਧ ਚੱਲਣ ਅਤੇ ਪਹਾੜਾਂ 'ਤੇ ਜਾਣ ਦੀ ਕੀ ਲੋੜ ਸੀ ?...

ਭਾਰਤ ਵਿੱਚ ਸਿੱਧਾਂ ਦੀ ਪੁਰਾਣੀ ਪਰੰਪਰਾ ਚਲਦੀ ਰਹੀ ਹੈ, ਉਨ੍ਹਾਂ ਦੇ ਪ੍ਰਮੁੱਖ ਚੇਲੇ ਹੁੰਦੇ ਸਨ ਜੋ ਉਨ੍ਹਾਂ ਦੇ ਉੱਤਰ-ਅਧਿਕਾਰੀ ਮੰਨੇ ਜਾਂਦੇ ਸਨ। ਉਹ ਆਪਣੇ ਨਾਂ ਵੀ ਆਪਣੇ ਸੰਚਾਲਕ ਦੇ ਨਾਂ ਉੱਤੇ ਰਖਦੇ ਸਨ। ਜਿਵੇਂ ਗੋਰਖ ਦੇ ਚੇਲੇ ਗੋਰਖ ਹੀ ਅਖਵਾਉਂਦੇ ਸਨ। ਚਰਪਟ ਦੇ ਚੇਲੇ ਚਰਪਟ ਅਖਵਾਉਂਦੇ ਸਨ। ਇਸ ਤਰ੍ਹਾਂ, ਸੰਚਾਲਕ ਅਤੇ ਉਸ ਦੇ ਚੇਲੇ, ਵੱਖ-ਵੱਖ ਸਮੇਂ 'ਚ ਹੋਣ ਦੇ ਬਾ-ਵਜੂਦ ਵੀ, ਉਹ ਇੱਕੋ ਨਾਮ ਨਾਲ ਜਾਣੇ ਜਾਂਦੇ ਸਨ। ਜਿਵੇਂ ਗੁਰੂ ਨਾਨਕ ਸਾਹਿਬ ਦੇ ਉੱਤਰ-ਅਧਿਕਾਰੀਆਂ ਨੇ ਆਪਣੇ ਆਪ ਨੂੰ 'ਨਾਨਕ' ਹੀ ਲਿਖਿਆ ਹੈ। ਸ਼ੇਖ਼ ਫ਼ਰੀਦ ਦੇ ਚੇਲੇ, ਜੋ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ, ਆਪਣੇ ਆਪ ਨੂੰ ਫ਼ਰੀਦ ਹੀ ਅਖਵਾਉਂਦੇ ਸਨ। ਸ਼ੇਖ਼ ਇਬਰਾਹੀਮ ਨੂੰ ਫ਼ਰੀਦ ਸਾਨੀ ਕਿਹਾ ਜਾਂਦਾ ਸੀ।

ਠੀਕ ਇਸੇ ਤਰ੍ਹਾਂ, ਜਿਨ੍ਹਾਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨਾਲ ਚਰਚਾ ਕੀਤੀ, ਉਹ ਆਪਣੇ ਸਿੱਧ ਸੰਚਾਲਕਾਂ ਦੇ ਉੱਤਰ-ਅਧਿਕਾਰੀ ਸਨ।" (ਡਾ. ਕਿਰਪਾਲ ਸਿੰਘ : ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨੇ 31-32)।

ਅਧਿਆਇ ਅਠੱਤੀ - ਭਾਈ ਲਾਲੋ ਨਾਲ ਮਿਲਾਪ

ਮੂਲ ਪਾਠ

ਸੁਨਿ ਕਰਿ ਸ੍ਰੀ ਮੁਖ ਬਚਨਾਂ ਭਾਖੇ 'ਆਨਹੁ ਇਹ ਠਾਂ ਜਾਈ'॥
ਕਹਿ ਲਾਲੋ 'ਤੁਮਰੇ ਗਲ ਜੰਞੂ ਵਹਿਰ ਅਸਨ ਕਿਉਂ ਪਾਈ ?
ਚੌਂਕੇ ਅੰਦਰ ਚਲ ਕਰਿ ਜੇਵੋ, ਉਤਮ ਜਨਮ ਤੁਮਾਰਾ।
ਜੇ ਇਹ ਠਾਂ ਮੰਗਵਾਵਹੁ ਸਵਾਮੀ। ਸੰਸੈ ਖੋਇ ਹਮਾਰਾ॥੨੪॥

ਭਾਵ: ਗੁਰੂ ਜੀ ਸੁਣ ਕੇ ਬਚਨ ਕੀਤਾ, "(ਤੁਸੀਂ) ਖਾਣਾ ਇਸ ਥਾਂ ਪਰ ਹੀ ਲੈ ਆਵੋ"। ਲਾਲੋ ਆਖਿਆ, "ਤੁਹਾਡੇ ਗਲ ਵਿੱਚ ਜਨੇਊ ਹੈ ਜੀ, ਇਸ ਲਈ ਭੋਜਨ ਬਾਹਰ ਕਿਉਂ ਛਕਦੇ ਹੋ ? ਤੁਸੀਂ (ਅੰਦਰ ਚੌਂਕੇ ਵਿੱਚ ਬੈਠ ਕੇ ਛਕ ਲਵੋ। ਤੁਸਾਂ ਦਾ ਉੱਤਮ ਜਨਮ ਹੈ। ਹੇ ਸੁਆਮੀ ਜੀ! ਤੁਸੀਂ ਇਥੇ ਜੇਕਰ ਖਾਣਾ ਮੰਗਵਾਣਾ ਚਾਹੁੰਦੇ ਹੋ ਤਾਂ ਮੇਰੇ ਮਨ ਦੀ ਇਹ ਸ਼ੰਕਾ ਨਵਿਰਤ ਕਰੋ॥"

ਗੁਰਮਤਿ

ਪਿੱਛੇ ਜ਼ਿਕਰ ਆ ਚੁੱਕਾ ਹੈ ਕਿ ਪੰਡਿਤਾਂ (ਬ੍ਰਾਹਮਣਾਂ) ਨੇ ਮੱਲੋ-ਮੱਲੀ (ਇੱਕ ਝੂਠੀ ਕਹਾਣੀ ਘੜ ਕੇ) ਗੁਰੂ ਨਾਨਕ ਸਾਹਿਬ ਦੇ ਗਲ ਵਿੱਚ ਜਨੇਊ ਪਾ ਦਿੱਤਾ ਸੀ। ਇਥੇ ਫਿਰ ਭਾਈ ਲਾਲੋ ਕਹਿ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਜਨੇਊਧਾਰੀ ਬਣੇ ਰਹੇ। ਅਜਿਹਾ ਕਹਿਣਾ ਸਤਿਗੁਰਾਂ ਦੀ ਨਾ-ਬਖਸ਼ਣਯੋਗ ਤੌਹੀਨ ਹੈ ਅਤੇ ਗੁਰਮਤਿ ਸਿਧਾਂਤਾਂ ਦਾ ਘਾਣ। ਸਤਿਗੁਰੂ ਜੀ ਕਹਿਣੀ ਅਤੇ ਕਰਣੀ ਦੇ ਸੂਰੇ ਸਨ। ਉਨ੍ਹਾਂ ਨੇ, ਰੱਬੀ-ਰਜ਼ਾ ਅਨੁਸਾਰ ਪ੍ਰਗਟ ਹੋਈ, ਗੁਰਬਾਣੀ ਨੂੰ ਅਮਲੀ ਤੌਰ 'ਤੇ ਜਿਉਂ ਕੇ ਦਰਸਾਇਆ ਹੈ। ਇਹ ਸੋਚਣਾ ਹੀ ਮਹਾਂ ਪਾਪ ਹੈ ਕਿ ਸਤਿਗੁਰੂ ਜੀ ਦਾ ਅਮਲੀ ਜੀਵਨ ਉਨ੍ਹਾਂ ਦੇ ਮਨੁੱਖਤਾ ਲਈ ਦਿੱਤੇ ਉਪਦੇਸ਼ਾਂ ਤੋਂ ਉਲਟ ਸੀ। ਸਤਿਗੁਰਾਂ ਨੇ ਬ੍ਰਾਹਮਣ ਵੱਲੋਂ ਧਰਮ ਦੇ ਨਾਂ 'ਤੇ ਪ੍ਰਚੱਲਤ ਕੀਤੇ ਸਾਰੇ ਕਰਮ-ਕਾਂਡਾਂ (ਸਮੇਤ ਜਨੇਊ ਧਾਰਨ ਕਰਨ ਦੀ ਰਸਮ ਦੇ) ਅਤੇ ਵਹਿਮਾਂ-ਭਰਮਾਂ ਅਤੇ ਫੋਕਟ ਰਸਮਾਂ-ਰੀਤਾਂ ਨੂੰ, ਅਕੱਟ ਦਲੀਲਾਂ ਦੇ ਆਧਾਰ 'ਤੇ, ਥੋਥੇ ਸਾਬਤ ਕਰ ਕੇ, ਇਨ੍ਹਾਂ ਦਾ ਮੁਕੰਮਲ ਤੌਰ 'ਤੇ ਖੰਡਨ ਕੀਤਾ ਹੈ। ਸਾਖੀਆਂ ਦੇ ਅਜਿਹੇ ਸ਼ਰਾਰਤ-ਆਮੇਜ਼ ਹਿੱਸੇ ਜਿੱਥੇ ਆਲਮਗੀਰੀ ਗੁਰਮਤਿ ਸਿਧਾਂਤਾਂ ਨੂੰ ਗੰਧਲਾ ਕਰਨ ਲਈ ਅੰਕਿਤ ਕੀਤੇ ਗਏ ਹਨ, ਉੱਥੇ ਸਤਿਗੁਰੂ ਜੀ ਦੀ ਅਗੰਮੀ ਪਾਵਨ ਸ਼ਖਸੀਅਤ ਦਾ ਵੀ ਨਾ-ਬਖ਼ਸ਼ਣਯੋਗ ਨਿਰਾਦਰ ਕਰਦੇ ਹਨ।

ਸਾਖੀ ਦਾ ਸਾਰ

ਗੁਰੂ ਜੀ ਮਰਦਾਨੇ ਸਮੇਤ, ੭ ਦਿਨਾਂ ਵਿੱਚ ਐਮਨਾਬਾਦ ਪਹੁੰਚੇ ਸਨ। ਉਥੇ ਇੱਕ ਸੱਚੀ ਕਿਰਤ ਕਰਨ ਵਾਲਾ ਲਾਲੋ ਤਰਖਾਣ ਰਹਿੰਦਾ ਸੀ। ਗੁਰੂ ਜੀ ਉਸ ਪਾਸ ਗਏ ਤਾਂ ਉਸ ਨੇ ਪ੍ਰੇਮਾ-ਭਾਵ ਸਹਿਤ ਬੜੀ ਸ਼ਰਧਾ ਨਾਲ ਗੁਰੂ ਜੀ ਨੂੰ ਖਾਣਾ ਛਕਣ ਲਈ ਘਰ ਜਾਣ ਲਈ ਕਿਹਾ ਤਾਂ ਗੁਰੂ ਜੀ ਨੇ ਕਿਹਾ ਕਿ ਐਥੇ ਬਾਹਰ ਹੀ ਲੈ ਆਵੋ। ਤਾਂ ਉਸ ਕਿਹਾ, **"ਤੁਹਾਡੇ ਗਲ ਵਿੱਚ ਜੰਞੂ ਪਾਇਆ ਹੈ, ਇਹ ਜਗ੍ਹਾ ਸੁੱਚੀ ਨਹੀਂ ਹੈ"**। ਤਾਂ ਗੁਰੂ ਜੀ ਨੇ ਸਮਝਾਇਆ ਕਿ ਭਾਈ ਲਾਲੋ ਜੇ ਬੰਦਾ ਉਸ (ਰੱਬ) ਦੇ ਸੱਚ ਵਿੱਚ ਰੰਗਿਆ ਗਿਆ ਹੋਵੇ ਤਾਂ ਸਭ ਥਾਵਾਂ ਹੀ ਸੁੱਚੀਆਂ ਹੁੰਦੀਆਂ ਹਨ, ਤਾਂ ਲਾਲੋ ਨੇ ਕੋਧਰੇ (ਬਾਜਰੇ) ਦੀ ਰੋਟੀ ਦਾ ਭੋਜਨ ਕਰਵਾਇਆ ਸੀ। ਗੁਰੂ ਜੀ ਨੇ ਬਹੁਤ ਅੰਨਦ ਨਾਲ ਭੋਜਨ ਕੀਤਾ। ਜਦ ਗੁਰੂ ਜੀ ਉਥੋਂ ਚੱਲਣ ਲੱਗੇ ਤਾਂ ਲਾਲੋ ਦੇ ਬੇਨਤੀ ਕਰਨ ਸਦਕਾ ਗੁਰੂ ਜੀ ਨੇ ਇੱਕ ਮਹੀਨਾ ਹੋਰ ਉਥੇ ਰਹਿਣਾ ਸਵੀਕਾਰ ਕਰ ਲਿਆ ਸੀ। ਮਰਦਾਨਾ, ਗੁਰੂ ਜੀ ਤੋਂ ਆਗਿਆ ਲੈ ਕੇ, ਆਪਣੇ ਪਰਿਵਾਰ ਦੀ ਖ਼ਬਰ-ਸਾਰ ਲੈਣ ਲਈ ਤਲਵੰਡੀ ਆ ਗਿਆ ਸੀ।

ਡਾ. ਕਿਰਪਾਲ ਸਿੰਘ ਜੀ ਵੱਲੋਂ ਫੁੱਟਨੋਟ

1. ....

2. ਮਿਰਾਸੀ, ਇੱਕ ਮੁਸਲਮਾਨ ਜਾਤ ਹੈ ਜੋ ਭੱਟਾਂ ਤੁੱਲ ਹੈ। ਇਹ ਜਾਤ ਆਪਣੇ ਜਜਮਾਨਾਂ ਦੀ ਵੰਸਾਵਲੀ (ਪੀੜ੍ਹੀਆਂ) ਦਾ ਹਾਲ ਪੜ੍ਹਦੀ ਅਤੇ ਗਾਉਣ ਦਾ ਕੰਮ ਵੀ ਕਰਦੀ ਸੀ, ਉਨ੍ਹਾਂ ਤੋਂ ਨਿਸ਼ਚਿੰਤ ਆਮਦਨ ਨੂੰ ਆਪਣੀ ਮਿਰਾਸ ਜਾਣਦੀ। ਭਾਈ ਮਰਦਾਨਾ ਜੀ ਵੀ ਮਿਰਾਸੀ ਜਾਤ ਦੇ ਸਨ ਅਤੇ ਗੁਰੂ ਜੀ ਦੇ ਸਿੱਖ ਬਣੇ।

3. ਪੁਰਾਣੇ ਸਮੇਂ ਵਿੱਚ ਹਿੰਦੂ ਲੰਗੋਟੀ ਤੋਂ ਇਲਾਵਾ ਆਪਣੇ ਵਰਣਾ (ਜਾਤ) ਅਨੁਸਾਰ ਜਨੇਊ ਵੀ ਪਹਿਨਦੇ ਸਨ, ਜਿਸ ਤੋਂ ਜਨੇਊ ਦੇ ਦੇਖਣ ਅਨੁਸਾਰ ਹੀ ਉਨ੍ਹਾਂ ਦਾ ਵਰਣ ਪਤਾ ਲੱਗ ਜਾਂਦਾ ਸੀ। ਮਨੂੰ-ਸਿੰਮ੍ਰਤੀ ਵਿੱਚ ਲਿਖਿਆ ਹੈ ਕਿ ਬ੍ਰਾਹਮਣ ਦਾ ਜਨੇਊ ਕਪਾਹ, ਖੱਤਰੀ ਦਾ ਸਣ ਅਤੇ ਵੈਸ਼ ਦਾ ਮੀਢੇ ਦੀ ਉੱਨ ਦਾ ਹੋਣਾ ਚਾਹੀਦਾ ਹੈ।

ਅਧਿਆਏ ਸਤਵੰਜੁਵਾਂ - ਗੁਰੂ ਜੀ ਦਾ ਮੱਕੇ ਜਾਣਾ

ਮੂਲ ਪਾਠ

'ਗਰੇ ਜਨੇਊ ਪਾਇ ਕ੍ਰਿਪਾਲਾ। ਤਿਲਕ ਕਰਯੋ ਸੁੰਦਰ ਪੁਨ ਭਾਲਾ।
ਸੁਨਹੁ ਗੁਰੂ ਅੰਗਦ! ਰਸ ਭੀਨੇ। ਕੂਜਾ ਮੁਝਹਿ ਮੁਸੱਲਾ ਦੀਨੇ॥੨੨॥

ਭਾਵ: ਕਿਰਪਾ-ਨਿਧਾਨ (ਗੁਰੂ ਜੀ) ਨੇ ਗਲੇ ਵਿੱਚ ਜਨੇਊ ਪਹਿਨ ਲਿਆ ਤੇ ਮੱਥੇ 'ਤੇ ਸੁੰਦਰ ਤਿਲਕ ਲਗਾ ਲਿਆ। ਹੇ ਗੁਰੂ ਅੰਗਦ ਜੀ! ਪ੍ਰਭੂ-ਰਸ ਵਿੱਚ ਭਿੱਜੇ ਹੋਏ (ਗੁਰੂ ਜੀ

ਨੇ) ਮੈਨੂੰ (ਉਨ੍ਹਾਂ ਨੇ) ਲੋਟਾ ਅਤੇ ਮੁਸੱਲਾ (ਚਟਾਈ) ਫੜਾ ਦਿੱਤੀ ਸੀ।

ਗਰ ਮਹਿੰ ਸੇਲੀ ਪਾਇ ਬਿਸਾਲਾ। *ਬਨੇ ਸੁ ਹਾਜੀ ਰੂਪ ਕ੍ਰਿਪਾਲਾ।*
ਕਉਤਕ ਹਿਤ ਯਿਹ ਰੂਪ ਬਨਾਏ। ਹਿੰਦੂ ਤੁਰਕ ਨਾ ਜਾਤਿ ਲਖਾਏ ॥੨੩॥

ਭਾਵ: ਗਲੇ ਵਿੱਚ ਅਨੇਕ ਸੁੰਦਰ ਸੇਲੀਆਂ (ਰੇਸ਼ਮ ਦੀਆਂ ਰੱਸੀਆਂ) ਮਾਲਾਂ ਪਾ ਕੇ ਕਿਰਪਾ-ਨਿਧਾਨ (ਗੁਰੂ ਜੀ) ਨੇ ਹਾਜੀ ਦਾ ਰੂਪ ਇਸ ਲਈ ਬਣਾਇਆ ਤਾਂ ਕਿ ਉਹ ਹਿੰਦੂ ਅਤੇ ਮੁਸਲਮਾਨ (ਤੁਰਕ) ਦੋਨੋਂ ਹੀ ਨਾ ਲੱਗਣ।

ਚਹੁ ਜੁਗ ਕੇ ਦੀਪਕ ਚਤਰ ਕਰਤਿ ਉਜਾਲਾ ਬੇਦ।
ਬ੍ਰਹਮੇ ਕੀ ਰੱਖਯਾ ਨਮਿਤ, ਮਧੁਕੈਟਭ ਦਿਯ ਛੇਦ ॥੬੧॥

ਭਾਵ: ਇਹ ਬੇਦ ਹੀ ਹਨ ਜੋ ਚਾਰੇ ਯੁਗਾਂ ਨੂੰ ਚੌਹਾਂ ਦੀਪਕਾਂ ਦੇ ਰੂਪ ਵਿੱਚ (ਗਿਆਨ-ਰੂਪੀ) ਪ੍ਰਕਾਸ਼ ਦੇਣ ਵਾਲੇ ਹਨ। ਤੇ ਬ੍ਰਹਮਾ ਦੀ ਰੱਖਿਆ ਕਰਨ ਲਈ ਮਧੁਕੈਟਭ ਨਾਮੀ ਦੈਂਤ ਦਾ ਨਾਸ਼ ਕੀਤਾ।

ਨਾਮ ਵਡਾਈ ਦੀਜੀਏ ਮੋ ਕੋ ਸ੍ਰੀ ਕਰਤਾਰ!
ਹਿੰਦਨ ਕੋ ਥਿਰ ਧਰਮ ਹਵੈ, ਕਾਰਜ ਯਹੀ ਹਮਾਰ ॥੬੯॥

ਭਾਵ: ਹੇ ਪ੍ਰਭੂ ! ਮੈਨੂੰ ਆਪਣੇ ਨਾਮ ਦੀ ਵਡਿਆਈ ਬਖ਼ਸ਼ੋ। ਹਿੰਦੂ ਆਪਣੇ ਧਰਮ ਵਿੱਚ ਅਟੱਲ ਰਹਿਣ। ਬੱਸ ਮੇਰੇ ਆਉਣ ਦਾ ਇਥੇ ਇਹ ਹੀ ਮੁੱਖ ਕਾਰਜ ਹੈ।

ਇੰਜ ਲਗਦਾ ਹੈ ਕਿ ਸਤਿਗੁਰੂ ਜੀ ਨੇ ਮੱਕੇ ਜਾਣ ਲਈ ਮੁਸਲਮਾਨ ਹਾਜੀਆਂ ਵਾਲਾ ਪਹਿਰਾਵਾ ਧਾਰਨ ਕੀਤਾ ਸੀ ਕਿਉਂਕਿ ਕਿਸੇ ਗ਼ੈਰ-ਮੁਸਲਮਾਨ ਨੂੰ ਮੱਕੇ ਜਾ ਕੇ ਹੱਜ ਕਰਨ ਦੀ ਆਗਿਆ ਨਹੀਂ ਹੈ। ਪਰ, ਸਿੱਖ ਕੌਮ ਨੂੰ ਗੁਮਰਾਹ ਕਰਨ ਲਈ ਭਾਈ ਸੰਤੋਖ ਸਿੰਘ ਜੀ ਦੇ ਸਹਾਇਕ ਸ਼ਾਤਰ ਪੰਡਤਾਂ ਨੇ ਗੁਰੂ ਸਾਹਿਬ ਦੇ ਗਲ ਵਿੱਚ ਜਨੇਊ ਹੀ ਪੁਆ ਕੇ ਸਬਰ ਨਹੀਂ ਕੀਤਾ ਬਲਕਿ ਮੱਥੇ 'ਤੇ ਤਿਲਕ, ਅਤੇ ਗੱਲ ਵਿੱਚ ਰੇਸ਼ਮ ਦੀਆਂ ਰੱਸੀਆਂ ਪੁਆ ਕੇ ਮਾਲਾ-ਧਾਰੀ ਵੀ ਬਣਾ ਛੱਡਿਆ ਹੈ। ਯਾਨੀ ਕਿ, ਇਹ ਪ੍ਰਭਾਵ ਦੇਣ ਦੀ ਕੋਝੀ ਸ਼ਰਾਰਤ ਕੀਤੀ ਹੈ ਕਿ ਸਿੱਖ ਮੱਤ, ਹਿੰਦੂ-ਮੱਤ ਦਾ ਹੀ ਇੱਕ ਫ਼ਿਰਕਾ ਹੈ। ਸਿੱਖ-ਮੱਤ ਦਾ ਇਨ੍ਹਾਂ ਅਖੌਤੀ ਹਿੰਦੂ-ਮੱਤ ਦੇ ਧਾਰਮਕ ਚਿੰਨ੍ਹਾਂ ਨਾਲ ਕੋਈ ਦੂਰ ਦਾ ਵੀ ਵਾਹ-ਵਾਸਤਾ ਨਹੀਂ ਹੈ।

ਪਰ, ਜਾਪਦਾ ਹੈ ਕਿ ਅਜਿਹੀਆਂ ਸਾਜਿਸ਼ੀ ਸਾਖੀਆਂ ਦੀ ਬਦੌਲਤ ਸਤਿਗੁਰਾਂ ਦੀਆਂ ਮਨੋਕਲਪਿਤ ਤਸਵੀਰਾਂ ਦੇ ਹੱਥਾਂ ਵਿੱਚ, ਦਸਤਾਰ ਅਤੇ ਗਲੇ ਵਿੱਚ ਵੀ ਮਾਲਾ ਪਾਈ ਹੋਈ ਦਿਖਾਈ ਜਾ ਰਹੀ ਹੈ। ਪਹਿਲੀ ਗੱਲ ਤਾਂ ਸਿੱਖ ਲਈ ਸਰੀਰ ਦੀਆਂ ਮੂਰਤੀਆਂ (ਸਮੇਤ ਤਸਵੀਰਾਂ ਦੇ) ਅਰਥਹੀਣ ਹਨ, ਪਰ ਅੱਜ ਸ਼ਬਦ-ਗੁਰੂ ਦੇ ਸਿਧਾਂਤਾਂ ਨਾਲੋਂ ਟੁੱਟਿਆ ਹੋਇਆ ਸਿੱਖ ਕੌਮ ਦਾ ਇੱਕ ਵੱਡਾ ਹਿੱਸਾ ਇਨ੍ਹਾਂ ਮੂਰਤੀਆਂ ਦੀ ਪੂਜਾ ਕਰਦਾ ਦੇਖਿਆ ਜਾ ਸਕਦਾ ਹੈ। ਸਦ ਅਫ਼ਸੋਸ!

ਅਸਲ ਵਿੱਚ, ਯਹੂਦੀ-ਮੱਤ, ਬੁੱਧ-ਮੱਤ, ਜੈਨ-ਮੱਤ, ਈਸਾਈ-ਮੱਤ, ਇਸਲਾਮ-ਮੱਤ ਅਤੇ ਸਿੱਖ-ਮੱਤ ਦੀ ਤਰ੍ਹਾਂ, 'ਹਿੰਦੂ-ਮੱਤ' ਕੋਈ ਮੱਤ (ਮਜ਼੍ਹਬ) ਹੀ ਨਹੀਂ ਹੈ, ਕਿਉਂਕਿ ਅਖੌਤੀ ਹਿੰਦੂ-ਮੱਤ ਦਾ, ਬਾਕੀ ਮੱਤਾਂ (ਮਜ਼੍ਹਬਾਂ) ਦੀ ਤਰ੍ਹਾਂ, ਕੋਈ ਇੱਕ ਬਾਨੀ ਨਹੀਂ ਹੈ, ਕੋਈ ਇੱਕਸਾਰਤਾ ਵਾਲਾ ਫ਼ਲਸਫ਼ਾ ਨਹੀਂ ਹੈ, ਕੋਈ ਇੱਕ-ਇਸ਼ਟ ਨਹੀਂ ਹੈ ਅਤੇ ਨਾ ਹੀ ਕੋਈ ਅਤੀਤ ਦੀਆਂ ਮਾਣ-ਮੱਤੀਆਂ ਰਾਜਨੀਤਕ, ਸਮਾਜਕ, ਧਾਰਮਕ, ਸਭਿਆਚਾਰਕ ਅਤੇ ਭਾਵਨਾਤਮਿਕ ਸਾਂਝਾਂ ਵਾਲਾ ਇਤਿਹਾਸ ਹੀ ਹੈ। ਹਕੀਕਤ ਇਹ ਹੈ ਕਿ ਅਖੌਤੀ ਹਿੰਦੂ-ਮੱਤ ਅਖੌਤੀ ਬ੍ਰਾਹਮਣਾਂ (ਪੁਜਾਰੀਆਂ) ਵੱਲੋਂ ਧਰਮ ਦੇ ਨਾਂ 'ਤੇ ਪ੍ਰਚੱਲਤ ਕੀਤੇ ਗ਼ੈਰ-ਕੁਦਰਤੀ ਕਰਮ-ਕਾਂਡਾਂ, ਫੋਕਟ ਰਸਮਾਂ-ਰੀਤਾਂ ਤੇ ਵਹਿਮਾਂ-ਭਰਮਾਂ ਦਾ ਪੁਲੰਦਾ ਹੀ ਹੈ, ਜਿਸ ਵਿੱਚੋਂ ਧਰਮ (ਇਨਸਾਨੀਅਤ) ਮੁਕੰਮਲ ਤੌਰ 'ਤੇ ਮਨਫ਼ੀ ਹੈ। ਸ਼ਾਤਰ ਪੁਜਾਰੀ, ਵਰਨ-ਆਸ਼ਰਮ (ਮਨੂੰਵਾਦੀ) ਸਮਾਜ ਨੂੰ ਅਜਿਹੇ ਵਹਿਮਾਂ-ਭਰਮਾਂ ਤੇ ਕਰਮ-ਕਾਂਡਾਂ ਦੇ ਮੱਕੜ-ਜਾਲ 'ਚ ਉਲਝਾ ਕੇ ਸਦੀਆਂ ਤੋਂ ਆਪਣੀ ਸਰਦਾਰੀ ਕਾਇਮ ਕਰੀ ਬੈਠਾ ਹੈ।

ਗੁਰਮਤਿ ਤੇ 'ਹਿੰਦੂ-ਮੱਤ' (ਮਨੂੰਵਾਦ)

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ਾ ਗ਼ੈਰ-ਕੁਦਰਤੀ ਸਮੁੱਚੀ ਮਨੂੰਵਾਦੀ ਵਿਚਾਰਧਾਰਾ ਨੂੰ ਮੁੱਢੋਂ ਹੀ ਰੱਦ ਕਰਦਾ ਹੈ -

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥ (ਮ:੧, ੫੫੬)

ਭਾਵ : ਹਿੰਦੂ ਉੱਕਾ ਹੀ ਭੁੱਲੇ ਹੋਏ ਖੁੰਝੇ ਜਾ ਰਹੇ ਹਨ, ਜੋ ਨਾਰਦ ਨੇ ਆਖਿਆ ਉਹੀ ਪੂਜਾ ਕਰਦੇ ਹਨ। ਇਨ੍ਹਾਂ ਅੰਨ੍ਹਿਆਂ ਗੁੰਗਿਆਂ ਵਾਸਤੇ ਹਨ੍ਹੇਰਾ ਘੁੱਪ ਬਣਿਆ ਪਿਆ ਹੈ (ਭਾਵ ਨਾਹ ਇਹ ਸਹੀ ਰਸਤਾ ਵੇਖ ਰਹੇ ਹਨ ਤੇ ਨਾਹ ਮੂੰਹੋਂ ਪ੍ਰਭੂ ਦੇ ਗੁਣ ਗਾਉਂਦੇ ਹਨ), ਇਹ ਮੂਰਖ ਗਵਾਰ ਪੱਥਰ ਲੈ ਕੇ ਪੂਜ ਰਹੇ ਹਨ।

ਗੁਰਮਤਿ ਦਾ ਤਿਲਕ, ਜੰਞੂ ਤੇ ਮਾਲਾ ਬਾਰੇ ਨਿਰਣਾ

ਤਿਲਕ, ਜੰਞੂ ਅਤੇ ਮਾਲਾ ਆਦਿਕ ਅਖੌਤੀ ਧਾਰਮਿਕ ਚਿੰਨ੍ਹਾਂ ਦਾ ਸਤਿਗੁਰਾਂ ਨੇ ਗੁਰਬਾਣੀ ਅੰਦਰ ਭਰਵਾਂ ਖੰਡਨ ਕੀਤਾ ਹੈ। ਜਨੇਊ ਬਾਰੇ ਉੱਪਰ ਵਿਚਾਰ ਹੋ ਚੁੱਕੀ ਹੈ। ਮਾਲਾ ਤੇ ਤਿਲਕ ਆਦਿ ਬਾਰੇ ਸ਼ਬਦ-ਗੁਰੂ ਦੇ ਫੁਰਮਾਣ ਹੇਠਾਂ ਦਰਜ ਕੀਤੇ ਜਾ ਰਹੇ ਹਨ

***ਗਲਿ ਮਾਲਾ ਤਿਲਕੁ ਲਿਲਾਟੰ ॥** ਦੁਇ ਧੋਤੀ ਬਸਤ੍ਰ ਕਪਾਟੰ ॥*
*ਜੇ ਜਾਣਸਿ ਬ੍ਰਹਮੰ ਕਰਮੰ ॥ **ਸਭਿ ਫੋਕਟ ਨਿਸਚਉ ਕਰਮੰ ॥***
ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥
(ਮ:੧, ੪੭੦)

ਭਾਵ : (ਪੰਡਿਤ) ਗਲ਼ ਵਿੱਚ ਮਾਲਾ ਰਖਦਾ ਹੈ ਤੇ ਮੱਥੇ ਉੱਤੇ ਤਿਲਕ ਲਾਂਦਾ ਹੈ;

(ਸਦਾ) ਦੋ ਧੋਤੀਆਂ ਪਾਸ ਰਖਦਾ ਹੈ ਤੇ (ਸੰਧਿਆ ਕਰਨ ਵੇਲੇ) ਸਿਰ ਉੱਤੇ ਇੱਕ ਵਸਤਰ ਧਰ ਲੈਂਦਾ ਹੈ।

ਪਰ, ਜੇ ਇਹ ਪੰਡਤ ਰੱਬ (ਦੀ ਸਿਫ਼ਤਿ-ਸਾਲਾਹ) ਦਾ ਕੰਮ ਜਾਣਦਾ ਹੋਵੇ, ਤਦ ਨਿਸਚਾ ਕਰ ਕੇ ਜਾਣ ਲਵੋ ਕਿ, **ਇਹ ਸਭ ਕੰਮ ਫੋਕੇ ਹਨ। ਆਖ, ਹੇ ਨਾਨਕ! (ਮਨੁੱਖ) ਸ਼ਰਧਾ ਧਾਰ ਕੇ ਰੱਬ ਨੂੰ ਸਿਮਰੇ (ਭਾਵ, ਹੁਕਮਿ ਰਜਾਈ ਚੱਲੇ) ਕੇਵਲ ਇਹੋ ਰਸਤਾ ਗੁਣਕਾਰੀ ਹੈ,** (ਪਰ) ਇਹ ਰਸਤਾ ਸਤਿਗੁਰੂ (ਸ਼ਬਦ-ਗੁਰੂ) ਤੋਂ ਬਿਨਾ ਨਹੀਂ ਲੱਭਦਾ।

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ***ਸੁਕ੍ਰਿਤੁ ਤੁਲਸੀ ਮਾਲਾ ॥***
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥ (ਮ:੧, ੧੧੭੦)

ਭਾਵ : ਹੇ ਬ੍ਰਾਹਮਣ! ਪਰਮਾਤਮਾ ਦਾ ਨਾਮ ਸਿਮਰ ਕੇ (ਸੰਸਾਰ-ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਵਿੱਚੋਂ ਪਾਰ ਲੰਘਣ ਲਈ) ਇਹ ਬੇੜਾ ਤਿਆਰ ਕਰੋ, (ਸਦਾ ਪਰਮਾਤਮਾ ਦੇ ਦਰ 'ਤੇ ਅਰਦਾਸ ਕਰੋ ਤੇ ਆਖੋ-) ਹੇ ਦਿਆਲੂ ਪ੍ਰਭੂ! (ਮੇਰੇ ਉੱਤੇ) ਦਇਆ ਕਰ (ਤੇ ਮੈਨੂੰ ਆਪਣੇ ਨਾਮ ਦੀ ਦਾਤ ਦੇਹ)। ਹੇ ਬ੍ਰਾਹਮਣ! ਉਸ ਦਿਆਲੂ ਪ੍ਰਭੂ ਦੀ ਪੂਜਾ ਕਰੋ, (ਭਾਵ, ਹੁਕਮਿ ਰਜਾਈ ਚੱਲੋ) ਉਸ ਨੂੰ ਪ੍ਰਸੰਨ ਕਰੋ, ਇਹੀ ਹੈ ਸਾਲਗ੍ਰਾਮ (ਦੀ ਪੂਜਾ)। **ਨੇਕ ਆਚਰਣ ਬਣਾਓ ਇਹ ਹੈ ਤੁਲਸੀ ਦੀ ਮਾਲਾ।**

ਗੁਰਮਤਿ ਤੇ ਵੇਦ

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ***ਚਾਰੇ ਬੇਦ ਕਥਹਿ ਆਕਾਰ ॥***
ਤੀਨਿ ਅਵੈਸਥਾ ਕਹਹਿ ਵਖਿਆਨੁ ॥ *ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥*
ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥
ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥ *(ਮ: ੧, ੧੫੪)*

ਭਾਵ : ਜਨਮ-ਮਰਨ ਦਾ ਗੇੜ, ਮਾਨੋਂ ਇੱਕ ਘੁੰਮਣਘੇਰੀ ਹੈ, ਇਸ ਵਿੱਚੋਂ ਪਰਮਾਤਮਾ ਦੀ ਭਗਤੀ ਅਤੇ ਗੁਰੂ ਦੀ ਦੱਸੀ ਹੋਈ ਕਾਰ ਕਰ ਕੇ (ਹੁਕਮਿ ਰਜਾਈ ਚੱਲ ਕੇ) ਪਾਰ ਲੰਘ ਜਾਈਦਾ ਹੈ, (ਜੇਹੜਾ ਲੰਘ ਜਾਂਦਾ ਹੈ, ਉਸ ਨੂੰ) ਮੁੜ ਨਾ ਜਨਮ ਹੁੰਦਾ ਹੈ, ਨਾ ਮੌਤ। (ਉਸ ਅਵੱਸਥਾ ਨੂੰ ਤੁਰੀਆ ਅਵੱਸਥਾ ਕਹਿ ਲਵੋ)। ਰਹਾਉ।

(ਜੋ ਮਨੁੱਖ ਪ੍ਰਭੂ-ਭਗਤੀ ਤੋਂ ਸੱਖਣਾ ਹੈ), ਉਸ ਦਾ ਤ੍ਰੈਗੁਣੀ ਸੰਸਾਰ ਨਾਲ ਹੀ ਹਿੱਤ ਹੋਣ ਕਰ ਕੇ, ਉਹ ਜੰਮਦਾ ਮਰਦਾ ਰਹਿੰਦਾ ਹੈ। **ਚਾਰੇ ਵੇਦ ਇਸ ਤ੍ਰੈਗੁਣੀ ਸੰਸਾਰ ਦਾ ਹੀ ਜ਼ਿਕਰ ਕਰਦੇ ਹਨ (ਤੁਰੀਆ ਅਵੱਸਥਾ ਦੀ ਗੱਲ ਵੇਦਾਂ 'ਚ ਨਹੀਂ ਕੀਤੀ ਹੋਈ)।** ਤੁਰੀਆ ਅਵੱਸਥਾ ਦੀ ਸੋਝੀ-ਪ੍ਰਾਪਤੀ ਸ਼ਬਦ-ਗੁਰੂ ਦੇ ਉਪਦੇਸ਼ਾਂ ਨੂੰ ਅਮਲੀ ਜੀਵਨ ਵਿੱਚ ਢਾਲ ਕੇ ਹੀ ਹੋ ਸਕਦੀ ਹੈ (ਵੇਦਾਂ ਦੀ ਸਿੱਖਿਆ 'ਤੇ ਚੱਲ ਕੇ ਨਹੀਂ)।੧।

ਹਰੇਕ ਜੀਵ ਧਰਮ, ਅਰਥ, ਕਾਮ, ਮੋਖ (ਮੁਕਤੀ) ਇਨ੍ਹਾਂ ਚਾਰ ਪਦਾਰਥਾਂ ਦਾ ਜ਼ਿਕਰ ਤਾਂ ਕਰਦਾ ਹੈ, ਸਿੰਮ੍ਰਿਤੀਆਂ ਸ਼ਾਸਤ੍ਰਾਂ ਦੇ ਪੰਡਿਤਾਂ ਦੇ ਮੂਹੋਂ ਵੀ ਇਹੀ ਸੁਣੀਦਾ ਹੈ, ਪਰ ਮੁਕਤਿ-ਪਦਾਰਥ ਕੀਹ ਹੈ (ਉਹ ਅਵੱਸਥਾ ਇਹੋ ਜਿਹੀ ਹੈ ਜਿੱਥੇ ਜੀਵ ਮਾਇਆ ਦੇ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਨਿਰਲੇਪ ਹੋ ਜਾਂਦਾ ਹੈ), ਗੁਰੂ ਦੀ ਸ਼ਰਣ ਪੈਣ ਤੋਂ ਬਿਨਾ ਇਸ ਦਾ ਅਨੁਭਵ ਨਹੀਂ ਹੋ ਸਕਦਾ, ਇਹ ਪਦਾਰਥ ਪਰਮਾਤਮਾ ਦੀ ਭਗਤੀ ਕੀਤਿਆਂ (ਹੁਕਮਿ ਰਜਾਈ ਚੱਲਿਆਂ) ਹੀ ਮਿਲਦਾ ਹੈ।੨।

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ॥
(ਕਬੀਰ ਜੀ, ੧੧੫੮)

ਭਾਵ : (ਲੋਕ) ਮੱਥੇ ਉੱਤੇ ਤਿਲਕ ਲਾ ਲੈਂਦੇ ਹਨ, ਹੱਥ ਵਿੱਚ ਮਾਲਾ ਫੜ ਲੈਂਦੇ ਹਨ, ਧਾਰਮਿਕ ਪਹਿਰਾਵਾ (ਬਾਨਾ) ਬਣਾ ਲੈਂਦੇ ਹਨ, (ਤੇ ਸਮਝਦੇ ਹਨ ਕਿ ਪਰਮਾਤਮਾ ਦੇ ਭਗਤ ਬਣ ਗਏ ਹਾਂ), ਲੋਕਾਂ ਨੇ ਪਰਮਾਤਮਾ ਨੂੰ ਖਿਡਾਉਣਾ (ਭਾਵ, ਅੰਞਾਣਾ ਬਾਲਕ) ਸਮਝ ਲਿਆ ਹੈ (ਕਿ ਇੰਨ੍ਹੀਂ ਗੱਲੀਂ ਉਸ ਨੂੰ ਪਰਚਾਇਆ ਜਾ ਸਕਦਾ ਹੈ)।

ਗਜ ਸਾਢੇ ਤੈ ਤੈ ਧੋਤੀਆ ***ਤਿਹਰੇ ਪਾਇਨਿ ਤਗ ॥***
ਗਲੀ ਜਿਨ੍ਾਂ ਜਪਮਾਲੀਆ *ਲੋਟੇ ਹਥਿ ਨਿਬਗ ॥*
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥
ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ॥
(ਕਬੀਰ ਜੀ, ੪੭੬)

ਭਾਵ: **(ਜੋ ਮਨੁੱਖ)** ਸਾਢੇ ਤਿੰਨ ਤਿੰਨ ਗਜ਼ (ਲੰਮੀਆਂ) ਧੋਤੀਆਂ (ਪਹਿਨਦੇ, ਅਤੇ) **ਤਿਹਰੀਆਂ ਤੰਦਾਂ ਵਾਲੇ ਜਨੇਊ ਪਾਂਦੇ ਹਨ, ਜਿਨ੍ਹਾਂ ਦੇ ਗਲਾਂ ਵਿੱਚ ਮਾਲਾਂ ਹਨ** ਤੇ ਹੱਥ ਵਿੱਚ ਲਿਸ਼ਕਾਏ ਹੋਏ ਲੋਟੇ ਹਨ, (ਨਿਰੇ ਇਹਨਾਂ ਲੱਛਣਾਂ ਕਰਕੇ) ਉਹ ਮਨੁੱਖ ਪਰਮਾਤਮਾ ਦੇ ਭਗਤ ਨਹੀਂ ਆਖੇ ਜਾਣੇ ਚਾਹੀਦੇ, **ਉਹ ਤਾਂ (ਅਸਲ ਵਿੱਚ) ਬਨਾਰਸੀ ਠੱਗ ਹਨ ।੧।** ਮੈਨੂੰ ਅਜਿਹੇ ਸੰਤ ਚੰਗੇ ਨਹੀਂ ਲੱਗਦੇ, ਜੋ ਮੂਲ ਨੂੰ ਭੀ ਟਹਿਣੀਆਂ ਸਮੇਤ ਖਾ ਜਾਣ (ਭਾਵ, ਜੋ ਮਾਇਆ ਦੀ ਖ਼ਾਤਰ ਮਨੁੱਖਾਂ ਨੂੰ ਜਾਨੋਂ ਮਾਰਨੋਂ ਭੀ ਸੰਕੋਚ ਨਾ ਕਰਨ)।੧। ਰਹਾਉ।

ਵੇਦਾਂ ਅਤੇ ਵੇਦਾਂ ਦੀ ਵਿਆਖਿਆ ਕਰਨ ਵਾਲੀ ਕਹੀ ਜਾਂਦੀ ਮਨੂੰ-ਸਿੰਮ੍ਰਿਤਿ ਨੂੰ ਵੀ ਧੁਰ ਕੀ ਬਾਣੀ (ਗੁਰੂ ਗ੍ਰੰਥ ਸਾਹਿਬ) ਦਾ ਫ਼ਲਸਫ਼ਾ ਮੁੱਢੋਂ ਹੀ ਰੱਦ ਕਰਦਾ ਹੈ-

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ ॥੧॥
ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥
(ਕਬੀਰ ਜੀ, ੩੨੯)

ਭਾਵ: ਹੇ ਵੀਰ! ਇਹ ਸਿੰਮ੍ਰਿਤਿ ਜੋ ਵੇਦਾਂ ਦੇ ਆਧਾਰ ਤੇ ਬਣੀ ਹੈ (ਇਹ ਤਾਂ ਆਪਣੇ ਸ਼ਰਧਾਲੂਆਂ ਵਾਸਤੇ ਵਰਨ-ਆਸ਼ਰਮ ਦੇ, ਮਾਨੋ) ਸੰਗਲ ਤੇ (ਕਰਮ-ਕਾਂਡ ਦੀਆਂ) ਰੱਸੀਆਂ ਲੈ ਕੇ ਆਈ ਹੋਈ ਹੈ ।੧। (ਇਸ ਸਿੰਮ੍ਰਿਤਿ ਨੇ) ਆਪਣੇ ਸਾਰੇ ਸ਼ਰਧਾਲੂ ਆਪ ਹੀ

ਜਕੜੇ ਹੋਏ ਹਨ, (ਇਨ੍ਹਾਂ ਨੂੰ ਸੁਰਗ ਆਦਿਕ ਦੇ) ਮੋਹ ਦੀ ਫਾਹੀ ਵਿੱਚ ਫਸਾ ਕੇ (ਇਨ੍ਹਾਂ ਦੇ ਸਿਰ 'ਤੇ) ਮੌਤ(ਦੇ ਸਹਿਮ) ਦਾ ਤੀਰ (ਇਸ ਨੇ) ਖਿੱਚਿਆ ਹੋਇਆ ਹੈ। ਰਹਾਉ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆਂ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥

(ਮ.੫,੭੪੭)

ਭਾਵ : ਹੇ ਸੰਤ ਜਨੋ! (ਸਤਿ ਸੰਗੀਓ!) (ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। **ਜੇ ਕੋਈ ਮਨੁੱਖ ਸ਼ਬਦ-ਗੁਰੂ ਦੇ ਉਪਦੇਸ਼ ਨੂੰ (ਜੀਵਨ ਵਿੱਚ) ਕਮਾ ਲਏ, ਉਹ ਮਨੁੱਖ ਸ਼ਬਦ-ਗੁਰੂ ਦੀ ਕਿਰਪਾ ਨਾਲ ਪਾਰ ਲੰਘ ਜਾਂਦਾ ਹੈ ।੧। ਰਹਾਉ।**

ਹੇ ਭਾਈ! (ਤੀਰਥ-ਇਸ਼ਨਾਨ ਆਦਿਕ ਮਿਥੇ ਹੋਏ) ਧਾਰਮਿਕ ਕੰਮ ਵਿਖਾਵੇ ਦੇ ਕੰਮ ਹਨ, ਇਹ ਕੰਮ ਜਿਤਨੇ ਭੀ ਲੋਕ ਕਰਦੇ ਦਿੱਸਦੇ ਹਨ, ਉਹਨਾਂ ਨੂੰ ਮਸੂਲੀਆ ਜਮ ਲੁੱਟ ਲੈਂਦਾ ਹੈ । (ਇਸ ਵਾਸਤੇ) ਵਾਸ਼ਨਾ-ਰਹਿਤ ਹੋ ਕੇ ਕਰਤਾਰ ਦੀ ਸਿਫ਼ਤਿ-ਸਾਲਾਹ ਕਰਿਆ ਕਰੋ, ਕਿਉਂਕਿ ਇਸ ਦੀ ਬਰਕਤਿ ਨਾਲ ਛਿਨ-ਭਰ ਨਾਮ ਸਿਮਰਿਆਂ ਹੀ ਮਨੁੱਖ ਵਿਕਾਰਾਂ ਤੋਂ ਖ਼ਲਾਸੀ ਪਾ ਲੈਂਦਾ ਹੈ ।੧।

ਹੇ ਭਾਈ! ਕ੍ਰੋੜਾਂ ਤੀਰਥਾਂ ਦੇ ਇਸ਼ਨਾਨ (ਕਰਦਿਆਂ ਤਾਂ) ਜਗਤ ਵਿੱਚ (ਵਿਕਾਰਾਂ ਦੀ) ਮੈਲ ਨਾਲ ਲਿੱਬੜ ਜਾਈਦਾ ਹੈ । ਪਰ ਜੇਹੜਾ ਮਨੁੱਖ ਸ਼ਬਦ-ਗੁਰੂ ਦੀ ਸੰਗਤਿ ਵਿੱਚ (ਟਿਕ ਕੇ) ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦਾ ਰਹਿੰਦਾ ਹੈ, ਉਹ ਪਵਿੱਤ੍ਰ ਜੀਵਨ ਵਾਲਾ ਬਣ ਜਾਂਦਾ ਹੈ ।੨।

ਹੇ ਭਾਈ! ਵੇਦ ਪੁਰਾਣ ਸਿੰਮ੍ਰਿਤੀਆਂ ਇਹ ਸਾਰੇ (ਹਿੰਦੂ ਧਰਮ ਦੇ ਪੁਸਤਕ) (ਕੁਰਾਨ ਅੰਜੀਲ ਆਦਿਕ) ਇਹ ਸਾਰੇ (ਸ਼ਾਮੀ ਮਤਾਂ ਦੇ ਪੁਸਤਕ) ਨਿਰੇ ਪੜ੍ਹਨ ਨਾਲ ਵਿਕਾਰਾਂ ਤੋਂ ਖ਼ਲਾਸੀ ਨਹੀਂ ਮਿਲਦੀ । ਪਰ ਜੇਹੜਾ ਮਨੁੱਖ ਸ਼ਬਦ-ਗੁਰੂ ਦੀ ਸ਼ਰਣ ਪੈ ਕੇ ਇੱਕ ਅਬਿਨਾਸੀ ਪ੍ਰਭੂ ਦਾ ਨਾਮ ਜਪਦਾ ਹੈ (ਭਾਵ ਕਿ, ਹੁਕਮਿ ਰਜਾਈ ਚਲਦਾ ਹੈ), ਉਹ ਜਗਤ ਵਿੱਚ ਵਿਕਾਰਾਂ ਤੋਂ ਬੱਚ ਨਿਕਲਦਾ ਹੈ। ਉਸ ਦੀ (ਲੋਕ ਪਰਲੋਕ ਵਿੱਚ) ਪਵਿੱਤ੍ਰ ਸੋਭਾ ਬਣ ਜਾਂਦੀ ਹੈ ।੩।

ਹੇ ਭਾਈ! (ਪਰਮਾਤਮਾ ਦਾ ਨਾਮ ਸਿਮਰਨ ਦਾ) ਉਪਦੇਸ਼ ਖੱਤ੍ਰੀ ਬ੍ਰਾਹਮਣ ਵੈਸ਼ ਸ਼ੂਦਰ ਚੌਹਾਂ ਵਰਨਾਂ ਦੇ ਲੋਕਾਂ ਵਾਸਤੇ ਇੱਕੋ ਜਿਹਾ ਹੈ। (ਕਿਸੇ ਭੀ ਵਰਨ ਦਾ ਹੋਵੇ) ਜੇਹੜਾ ਮਨੁੱਖ ਸ਼ਬਦ-ਗੁਰੂ ਦੇ ਦੱਸੇ ਰਸਤੇ 'ਤੇ ਤੁਰ ਕੇ ਪ੍ਰਭੂ ਦਾ ਨਾਮ ਜਪਦਾ ਹੈ(ਭਾਵ ਕਿ, ਹੁਕਮਿ ਰਜਾਈ ਚਲਦਾ ਹੈ), ਉਹ ਜਗਤ ਵਿੱਚ ਵਿਕਾਰਾਂ ਤੋਂ ਬਚ ਨਿਕਲਦਾ ਹੈ । ਹੇ ਨਾਨਕ! ਉਸ ਮਨੁੱਖ ਨੂੰ ਪਰਮਾਤਮਾ ਹਰੇਕ ਸਰੀਰ ਵਿਚ ਵੱਸਦਾ ਦਿੱਸਦਾ ਹੈ ।੪।

ਹਰਿ ਹਰਿ ਅਖਰ ਦੁਇ ਇਹ ਮਾਲਾ ॥ *ਜਪਤ ਜਪਤ ਭਏ ਦੀਨ ਦਇਆਲਾ ॥੧॥*

ਕਰਉਂ ਬੇਨਤੀ ਸਤਿਗੁਰ ਅਪੁਨੀ ॥ ਕਰਿ ਕਿਰਪਾ ਰਾਖਹੁ ਸਰਣਾਈ ***ਮੋ ਕਉ ਦੇਹੁ ਹਰੇ ਹਰਿ ਜਪਨੀ*** *॥੧॥ ਰਹਾਉ ॥*

ਹਰਿ ਮਾਲਾ ਉਰ ਅੰਤਰਿ ਧਾਰੈ ॥ *ਜਨਮ ਮਰਣ ਕਾ ਦੂਖੁ ਨਿਵਾਰੈ ॥੨॥*

ਹਿਰਦੈ ਸਮ੍ਹਾਲੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥ ੩ ॥

ਕਹੁ ਨਾਨਕ ਜੋ ਰਾਚੈ ਨਾਇ ॥ ***ਹਰਿ ਮਾਲਾ ਤਾ ਕੈ ਸੰਗਿ ਜਾਇ ॥ ੪ ॥***

(ਮ.੫, ੩੮੮)

ਭਾਵ :- ਹੇ ਸਤਿਗੁਰੂ! ਮੈਂ ਤੇਰੇ ਅੱਗੇ ਆਪਣੀ ਇਹ ਅਰਜ਼ ਕਰਦਾ ਹਾਂ ਕਿ ਕਿਰਪਾ ਕਰ ਕੇ ਮੈਨੂੰ ਆਪਣੀ ਸ਼ਰਣ ਵਿੱਚ ਰੱਖ ਤੇ **ਮੈਨੂੰ 'ਹਰਿ ਹਰਿ' ਨਾਮ ਦੀ ਮਾਲਾ ਦੇਹ ।੧। ਰਹਾਉ।**

(ਹੇ ਭਾਈ ! ਮੇਰੇ ਪਾਸ ਤਾਂ) 'ਹਰਿ ਹਰਿ'-ਇਹ ਦੋ ਲਫ਼ਜ਼ਾਂ ਦੀ ਮਾਲਾ ਹੈ, ਇਸ ਹਰਿ-ਨਾਮ-ਮਾਲਾ ਨੂੰ ਜਪਦਿਆਂ ਜਪਦਿਆਂ ਕੰਗਾਲਾਂ ਉੱਤੇ ਭੀ ਪਰਮਾਤਮਾ ਦਇਆਵਾਨ ਹੋ ਜਾਂਦਾ ਹੈ।੧।

ਜੇਹੜਾ ਮਨੁੱਖ **ਹਰਿ-ਨਾਮ ਦੀ ਮਾਲਾ ਆਪਣੇ ਹਿਰਦੇ ਵਿੱਚ ਟਿਕਾ ਕੇ ਰੱਖਦਾ ਹੈ,** ਉਹ ਆਪਣੇ ਜਨਮ-ਮਰਨ ਦੇ ਗੇੜ ਦਾ ਦੁੱਖ ਦੂਰ ਕਰ ਲੈਂਦਾ ਹੈ ।੨।

ਜੇਹੜਾ ਮਨੁੱਖ ਹਰਿ-ਨਾਮ ਨੂੰ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖਦਾ ਹੈ ਤੇ ਮੂੰਹ ਨਾਲ ਹਰਿ-ਹਰਿ ਨਾਮ ਉਚਾਰਦਾ ਰਹਿੰਦਾ ਹੈ ਉਹ ਨਾਂਹ ਇਸ ਲੋਕ ਵਿੱਚ ਤੇ ਨਾਂਹ ਪਰਲੋਕ ਵਿੱਚ ਕਿਤੇ ਭੀ (ਕਿਸੇ ਗੱਲੇ ਭੀ) ਨਹੀਂ ਡੋਲਦਾ ।੩।

ਹੇ ਨਾਨਕ ! ਆਖ-ਜੇਹੜਾ ਮਨੁੱਖ ਪਰਮਾਤਮਾ ਦੇ ਨਾਮ ਵਿੱਚ ਜੁੜਿਆ ਰਹਿੰਦਾ ਹੈ, ਹਰਿ-ਨਾਮ ਦੀ ਮਾਲਾ ਉਸ ਦੇ ਨਾਲ (ਪਰਲੋਕ ਵਿੱਚ ਭੀ) ਜਾਂਦੀ ਹੈ ।੪।

ਨੋਟ : ਕੀ ਕੋਈ ਭੌਤਿਕ ਮਾਲਾ ਵੀ, ਸਰੀਰ ਦੀ ਮ੍ਰਿਤੂ ਤੋਂ ਬਾਅਦ, ਜੀਵ-ਆਤਮਾ ਦੇ ਨਾਲ ਪਰਲੋਕ ਵਿੱਚ ਜਾ ਸਕਦੀ ਹੈ ?

ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥

(ਕਬੀਰ ਜੀਓ, ੧੧੫੮)

ਭਾਵ : (ਜਿਉਂ-ਜਿਉਂ ਮੈਂ ਨਾਮ-ਸਿਮਰਨ ਦੀ ਤਾਣੀ ਬੁਣ ਰਿਹਾ ਹਾਂ) ਮੈਂ ਪੰਡਿਤ ਅਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ। ਦੋਹਾਂ (ਦੇ ਦੱਸੇ ਕਰਮ-ਕਾਂਡ ਤੇ ਸ਼ਰਹ ਦੇ ਰਸਤੇ) ਨਾਲ ਮੇਰਾ ਕੋਈ ਵਾਸਤਾ ਨਹੀਂ ਰਿਹਾ (ਭਾਵ, ਬ੍ਰਾਹਮਣਵਾਦੀ ਕਰਮ-ਕਾਂਡ ਅਤੇ ਇਸਲਾਮੀ ਸ਼ਰਹ, ਇਹ ਦੋਵੇਂ ਹੀ ਨਾਮ-ਸਿਮਰਨ ਦੇ ਟਾਕਰੇ 'ਤੇ ਤੁੱਛ ਹਨ)।

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧ ॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧ ॥ ਰਹਾਉ ॥

ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨ ॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩ ॥
ਨ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪ ॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫ ॥੩ ॥ (ਮ:੫, ੧੧੩੬)

ਭਾਵ : ਹੇ ਭਾਈ! (ਆਤਮਕ ਜੀਵਨ ਦੀ ਅਗੁਵਾਈ ਦੇ ਸਬੰਧ ਵਿੱਚ) ਮੈਂ ਹਿੰਦੂ ਅਤੇ ਤੁਰਕ ਦੋਹਾਂ ਨਾਲੋਂ ਹੀ ਸਾਂਝ ਮੁਕਾ ਲਈ ਹੈ। ਮੇਰਾ ਤਾਂ ਸਿਰਫ ਉਹ ਹੈ (ਜਿਸ ਨੂੰ ਹਿੰਦੂ) ਗੁਸਾਂਈਂ (ਆਖਦਾ ਹੈ ਅਤੇ ਜਿਸ ਨੂੰ ਮੁਸਲਮਾਨ) ਅੱਲਾ (ਆਖਦਾ ਹੈ)। ਰਹਾਉ।

ਹੇ ਭਾਈ! ਨਾਂਹ ਮੈਂ (ਹਿੰਦੂ ਦੇ) ਵਰਤਾਂ ਦਾ ਆਸਰਾ ਲੈਂਦਾ ਹਾਂ, ਨਾਂਹ ਮੈਂ (ਮੁਸਲਮਾਨ ਦੇ) ਰਮਜ਼ਾਨਾ ਦੇ ਮਹੀਨੇ (ਵਿੱਚ ਰੱਖੇ ਰੋਜ਼ਿਆਂ ਦਾ)। ਮੈਂ ਤਾਂ (ਸਿਰਫ਼) ਉਸ ਪ੍ਰਭੂ ਨੂੰ ਸਿਮਰਦਾ ਹੈ ਜਿਹੜਾ ਆਖਿਰ (ਹਰੇਕ ਦੀ) ਰੱਖਿਆ ਕਰਦਾ ਹੈ।੧।

ਹੇ ਭਾਈ! ਮੈਂ ਨਾਂਹ ਕਾਬੇ ਦਾ ਹੱਜ ਕਰਨ ਜਾਂਦਾ ਹਾਂ (ਜਿਵੇਂ ਮੁਸਲਮਾਨ ਜਾਂਦੇ ਹਨ) ਨਾਂਹ ਮੈਂ (ਹਿੰਦੂਆਂ ਵਾਂਗ) ਤੀਰਥਾਂ 'ਤੇ ਪੂਜਾ ਕਰਨ ਜਾਂਦਾ ਹਾਂ। ਮੈਂ ਤਾਂ ਸਿਰਫ ਇੱਕ ਪਰਮਾਤਮਾ ਨੂੰ ਸਿਮਰਦਾ ਹਾਂ, ਕਿਸੇ ਹੋਰ ਦੂਜੇ ਨੂੰ ਨਹੀਂ (ਸਿਮਰਦਾ)।੨।

ਹੇ ਭਾਈ! ਮੈਂ ਨਾਂਹ (ਹਿੰਦੂਆਂ ਵਾਂਗ ਦੇਵ) ਪੂਜਾ ਕਰਦਾ ਹਾਂ, ਨਾਂਹ (ਮੁਸਲਮਾਨਾਂ ਵਾਂਗ) ਨਿਮਾਜ਼ ਪੜ੍ਹਦਾ ਹਾਂ। ਮੈਂ ਤਾਂ ਸਿਰਫ਼ ਨਿਰੰਕਾਰ ਨੂੰ ਹਿਰਦੇ ਵਿੱਚ ਵਸਾ ਕੇ (ਉਸ ਅੱਗੇ) ਸਿਰ ਨਿਵਾਂਦਾ ਹਾਂ।੩।

ਹੇ ਭਾਈ! (ਆਤਮਕ ਜੀਵਨ ਦੀ ਅਗੁਵਾਈ ਵਾਸਤੇ) ਨਾਂਹ ਅਸੀਂ ਹਿੰਦੂ (ਦੇ ਮੁਥਾਜ) ਹਾਂ, ਨਾਂਹ ਅਸੀਂ ਮੁਸਲਮਾਨ (ਦੇ ਮੁਥਾਜ) ਹਾਂ। ਸਾਡੇ ਇਹ ਸਰੀਰ ਸਾਡੀ ਇਹ ਜਿੰਦ (ਉਸ ਪਰਮਾਤਮਾ) ਦੇ ਦਿੱਤੇ ਹੋਏ ਹਨ (ਜਿਸ ਨੂੰ ਮੁਸਲਮਾਨ) ਅੱਲਾ (ਆਖਦਾ ਹੈ, ਜਿਸ ਨੂੰ ਹਿੰਦੂ) ਰਾਮ (ਆਖਦਾ ਹੈ)।੪।

ਹੇ ਕਬੀਰ! ਆਖ-(ਹੇ ਭਾਈ!) ਮੈਂ ਤਾਂ ਇਹ ਗੱਲ ਖੋਲ੍ਹ ਕੇ ਦਸਦਾ ਹਾਂ ਕਿ ਮੈਂ ਆਪਣੇ ਗੁਰੂ-ਪੀਰ ਨੂੰ ਮਿਲ ਕੇ ਆਪਣੇ ਮਾਲਿਕ-ਪ੍ਰਭੂ ਨਾਲ ਡੂੰਘੀ ਸਾਂਝ ਪਾ ਰੱਖੀ ਹੈ।੫।

ਸਾਖੀ ਦਾ ਸਾਰ

ਗੁਰੂ ਜੀ ਮਰਦਾਨੇ ਦੀ ਇੱਛਾ (ਹੱਜ ਕਰਨ ਦੀ) ਪੂਰੀ ਕਰਨ ਲਈ ਮੱਕੇ ਵੱਲ ਚੱਲ ਪਏ ਅਤੇ ਭੱਖਰ ਸੱਖਰ ਨਗਰ ਪਹੁੰਚ ਕੇ ਆਪਣਾ ਲਿਬਾਸ ਇਸ ਤਰ੍ਹਾਂ ਧਾਰਨ ਕਰ ਲਿਆ। ਉਹ ਵੇਖਣ ਨੂੰ ਹਾਜੀ ਵੀ ਲੱਗਣ ਅਤੇ ਮੱਥੇ ਉੱਤੇ ਤਿਲਕ ਤੋਂ ਹਿੰਦੂ ਵੀ ਜਾਪਣ। ਉਸੇ ਜਗ੍ਹਾ ਪਰ ਆਪ ਨੂੰ ਮੱਕੇ ਜਾਣ ਵਾਲੇ ਮੁਲਤਾਨ ਸ਼ਹਿਰ ਦੇ ਹਾਜੀ ਮਿਲ ਪਏ। ਉਨ੍ਹਾਂ ਪੁੱਛਿਆ ਕਿ ਉਹ ਹਿੰਦੂ ਹਨ ਜਾਂ ਮੁਸਲਮਾਨ ? ਤਾਂ ਗੁਰੂ ਜੀ ਨੇ ਦੱਸਿਆ ਕਿ, "ਅਸੀਂ ਬੇਗਮਪੁਰਾ ਦੇਸ ਤੋਂ ਆਏ ਹਾਂ। ਸੰਸਾਰ ਵਿੱਚ ਜੋ ਹਿੰਦੂ ਤੇ ਮੁਸਲਮਾਨ ਹਨ, ਉਹ ਉਨ੍ਹਾਂ ਦੋਵਾਂ ਦੇ ਗਵਾਹ ਹਨ। ਦੋਵੇਂ ਫ਼ਜ਼ੂਲ ਦੇ ਪੱਖ-ਪਾਤਾਂ ਵਿੱਚ ਫਸੇ ਹੋਏ ਹਨ। ਸੱਚ ਨੂੰ ਛੱਡ ਕੇ ਝੂਠੇ ਕੰਮਾਂ ਵਿੱਚ ਲੱਗੇ ਹੋਏ ਹਨ"। ਗੁਰੂ ਜੀ ਦੇ ਤਰਕ ਨੂੰ ਸੁਣ ਕੇ ਮੁਲਤਾਨ ਦੇ ਹਾਜੀ ਬਹਾਵਦੀਨ ਨੇ ਪੁੱਛਿਆ ਕਿ "ਆਹ ਜੋ ਕਿਤਾਬ ਚੁੱਕੀ ਹੋਈ ਹੈ, ਇਸ ਨੂੰ ਪੜ੍ਹਨਾ ਵੀ ਜਾਣਦਾ ਹੈਂ ਕਿ ਨਹੀਂ ?" ਤਾਂ ਗੁਰੂ ਜੀ ਨੇ ਵਿਸਥਾਰ ਨਾਲ ਦੱਸਿਆ ਕਿ ਕਿਤਾਬ ਦਾ ਪੜ੍ਹਨਾ ਤਿੰਨ ਤਰ੍ਹਾਂ ਦਾ ਹੁੰਦਾ ਹੈ। ਫਿਰ ਗੁਰੂ ਜੀ ਨੇ ਸਰੀਰ ਦੇ ਲਿਬਾਸ ਦੀ ਇੱਕ-ਇੱਕ ਚੀਜ਼ ਜਿਵੇਂ ਟੋਪੀ, ਖੱਫ਼ਨੀ, ਕੁੱਲੇ ਆਦਿ ਦੇ ਮਾਅਨਿਆਂ ਬਾਰੇ ਵਿਸਥਾਰ ਨਾਲ ਵਰਣਨ ਕੀਤਾ।

ਉਨ੍ਹਾਂ ਤੁਰਕਾਂ ਨੇ ਗੁਰੂ ਜੀ ਨੂੰ ਹਿੰਦੂ ਹੋਣ ਕਰ ਕੇ ਆਪਣੇ ਨਾਲ ਮੱਕੇ ਲਿਜਾਉਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ ਕਿ ਉਥੇ ਪਹੁੰਚਣ ਲਈ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਕਲਮਾ ਪੜ੍ਹਨਾ ਪੈਂਦਾ ਹੈ। ਪਰ, ਹਿੰਦੂ ਲੋਕ ਕਲਮਾ ਨਹੀਂ ਪੜ੍ਹ ਸਕਦੇ। ਫਿਰ ਗੁਰੂ ਜੀ ਨੇ ਬਸੰਤ ਰਾਗ ਵਿੱਚ ਸ਼ਬਦ ਗਾਇਣ ਕੀਤਾ। ਸ਼ਬਦ ਖ਼ਤਮ ਹੋਣ 'ਤੇ ਮਰਦਾਨੇ ਨੇ ਅੱਖਾਂ ਖੋਲ੍ਹੀਆਂ ਤੇ ਵੇਖਿਆ ਕਿ ਉਹ ਮੱਕੇ ਸ਼ਹਿਰ ਵਿੱਚ ਬੈਠੇ ਹੋਏ ਹਨ। ਉਥੇ ਗੁਰੂ ਜੀ ਦਾ ਹਾਜੀ ਦਾ ਭੇਸ ਵੇਖ ਕੇ ਲੋਕੀਂ ਉਨ੍ਹਾਂ ਨੂੰ ਨਮਸਕਾਰ ਕਰ ਕੇ ਕੋਲ ਬੈਠ ਗਏ, ਉਨ੍ਹਾਂ ਨੇ ਰਸਦ ਭੇਟਾ ਕੀਤੀ।

ਡਾ. ਕਿਰਪਾਲ ਸਿੰਘ ਜੀ ਵਲੋਂ ਸੰਪਾਦਕੀ ਫੁੱਟਨੋਟ

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦਾ ਹਾਜੀਆਂ ਦਾ ਭੇਸ ਵਰਣਨ ਇਸ ਤਰ੍ਹਾਂ ਕੀਤਾ ਹੈ -

ਆਸਾ ਹੱਥਿ, ਕਿਤਾਬ ਕਛਿ, ਕੂਜਾ ਬਾਂਗ ਮੁਸੱਲਾ ਧਾਰੀ (ਵਾਰ ੧, ਪਉੜੀ ੩੨)

ਗੁਰਬਾਣੀ ਵਿੱਚ ਵੇਦਾਂ ਨੂੰ ਉਜਾਲਾ ਕਰਨ ਵਾਲੇ ਨਹੀਂ ਮੰਨਿਆ, ਵਾਹਿਗੁਰੂ ਦੇ ਨਾਮ ਦੀ ਦਾਤ ਦੀ ਜਾਚਨਾ ਕੀਤੀ ਹੈ। ਗੁਰੂ ਰਾਮਦਾਸ ਜੀ ਲਿਖਦੇ ਹਨ -

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥
(ਮ.੪,੧੦)

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ॥ (ਮ.੩,੧੨੬੧)
(ਡਾ. ਕਿਰਪਾਲ ਸਿੰਘ : ਸੰਪਾਦਕ ਸ੍ਰੀ ਗੁਰ ਨਾਨਕ ਪ੍ਰਕਾਸ਼)

✲✲✲

੪. ਸਿੱਟਾ (Conclusion)

ਹਥਲੀ ਪੁਸਤਕ ਵਿੱਚ ਕੀਤੀ ਜਾ ਚੁੱਕੀ ਵਿਚਾਰ 'ਚੋਂ ਹੇਠ ਲਿਖੇ ਨਿਰਣੇ ਸਪੱਸ਼ਟ ਤੌਰ 'ਤੇ ਨਿਕਲਦੇ ਨਜ਼ਰ ਆ ਰਹੇ ਹਨ:-

੧. ਇੰਜ ਲਗਦਾ ਹੈ ਕਿ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ-ਬਿਰਤਾਂਤ 'ਜਨਮ-ਸਾਖੀ' ਦੇ ਸਿਰਲੇਖ ਹੇਠ ਲਿਖਵਾਏ ਸਨ। ਇਸ ਦਾ ਸਬੂਤ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਤ ਬਹੁਤ ਸਾਰੀਆਂ ਅਹਿਮ ਘਟਨਾਵਾਂ ਅਤੇ ਉਨ੍ਹਾਂ (ਗੁਰੂ ਨਾਨਕ ਸਾਹਿਬ) ਦੇ ਸਮਕਾਲੀ ਸਤਿਕਾਰਯੋਗ ਸਿੱਖਾਂ ਦੇ ਨਾਵਾਂ ਦੀ ਦਰਜ ਕੀਤੀ ਵਿਸ਼ਾਲ ਸੂਚੀ ਤੋਂ ਭਲੀ-ਭਾਂਤ ਮਿਲ ਜਾਂਦਾ ਹੈ। ਜੇਕਰ ਭਾਈ ਗੁਰਦਾਸ ਜੀ ਪਾਸ ਉਹ ਜਨਮ-ਸਾਖੀ ਨਾ ਹੁੰਦੀ ਤਾਂ ਉਹ, ਇਹ ਵੇਰਵੇ, ਇਤਨੇ ਵਿਸਥਾਰ ਨਾਲ ਨਹੀਂ ਦੇ ਸਕਦੇ ਸਨ।

੨. ਜੰਡਿਆਲਾ ਦਾ ਰਹਿਣ ਵਾਲਾ ਭਾਈ 'ਹੰਦਾਲ', ਗੁਰੂ ਅਮਰਦਾਸ ਜੀ ਦਾ ਬਹੁਤ ਹੀ ਨਿਕਟਵਰਤੀ ਤੇ ਰਹਿਤਵਾਨ ਸਿੱਖ ਸੀ ਅਤੇ ਤੀਸਰੇ ਪਾਤਿਸ਼ਾਹ ਜੀ ਨੇ ਇਸ ਨੂੰ ਗੁਰਮਤਿ ਪ੍ਰਚਾਰ ਕਰਨ ਹਿਤ ਮੰਜੀ ਦੀ ਬਖਸ਼ਿਸ਼ ਕੀਤੀ ਹੋਈ ਸੀ। ਪਰ, ਇਸ ਦਾ ਪੁੱਤਰ ਬਿਧੀ ਚੰਦ ਬੜਾ ਚੁਸਤ-ਚਾਲਾਕ ਤੇ ਕੁ-ਕਰਮੀ ਸੀ। ਬਿਧੀ ਚੰਦ ਦਾ ਦਿਹਾਂਤ ੧੬੫੮ ਈ. ਵਿੱਚ ਹੋਇਆ। **ਹੰਦਾਲ ਦੇ ਕਿਸੇ ਸ਼ਰਧਾਵਾਨ ਸਿੱਖ ਵੱਲੋਂ ੧੬੫੫ ਵਿੱਚ 'ਪਰਚੀ ਬਾਬਾ ਹੰਦਾਲ' ਲਿਖੀ ਗਈ। ਇਸ ਵਿੱਚ ਹੰਦਾਲ ਦਾ ਜੀਵਨ-ਬਿਰਤਾਂਤ ਹੈ। ਇਸ ਵਿੱਚ ਹੰਦਾਲ ਨੂੰ ਗੁਰੂ ਨਾਨਕ ਸਾਹਿਬ ਤੋਂ ਵੀ ਵੱਧ ਪ੍ਰਤਾਪੀ ਕਰ ਕੇ ਵਰਣਨ ਕੀਤਾ ਗਿਆ।** ੧੬੫੮ ਵਿੱਚ ਹੀ ਭਾਈ ਬਾਲੇ ਵਾਲੀ ਜਨਮ-ਸਾਖੀ ਲਿਖੀ ਗਈ (ਕਰਮ ਸਿੰਘ ਹਿਸਟੋਰੀਅਨ: ਕੱਤਕ ਕਿ ਵਿਸਾਖ ?)। ਇਸ ਤਰ੍ਹਾਂ ਇਹ ੧੬੫੮ ਵਾਲੀ ਜਨਮ-ਸਾਖੀ, ਭਾਈ ਬਾਲੇ ਦੀ ਜਨਮ-ਸਾਖੀ ਦਾ ਪਹਿਲਾ ਜਾਂ ਦੂਜਾ ਉਤਾਰਾ ਜਾਪਦੀ ਹੈ।

"ਜੰਡਿਆਲਾ ਨਿਵਾਸੀ ਹੰਦਾਲ (ਹਿੰਦਾਲ) ਜੱਟ ਸੰਮਤ 1630 ਵਿੱਚ ਸੁੱਖੀ ਦੇ ਗਰਭ ਤੋਂ ਗਾਜੀ ਦੇ ਘਰ ਜਨਮਿਆ। ਇਸ ਦੀ ਸ਼ਾਦੀ ਹਮਜੇ ਚਾਹਲ ਦੀ ਪੁੱਤ੍ਰੀ ਉੱਤਮੀ ਨਾਲ ਹੋਈ, ਜਿਸ ਤੋਂ ਬਿਧੀ ਚੰਦ ਪੁੱਤਰ ਪੈਦਾ ਹੋਇਆ। ਭਾਈ ਹੰਦਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਅਨੰਨ ਸਿੱਖ ਹੋਇਆ ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ। ਇਹ ਸਤਿਗੁਰੂ ਦੇ ਲੰਗਰ ਦੀ ਸੇਵਾ ਪ੍ਰੇਮ ਨਾਲ ਕਰਦਾ ਰਿਹਾ

ਹੈ। ਇਸ ਦੇ ਪਿੰਡ ਦਾ ਨਾਉਂ ਗੁਰੂ ਕਾ ਜੰਡਿਆਲਾ ਪ੍ਰਸਿੱਧ ਹੋਇਆ। ਹੰਦਾਲ ਹਰ ਵੇਲੇ "ਨਿਰੰਜਨ-ਨਿਰੰਜਨ" ਸ਼ਬਦ ਦਾ ਜਾਪ ਕਰਦਾ ਸੀ, ਇਸ ਕਾਰਨ ਉਸ ਦੀ ਸੰਪ੍ਰਦਾਯ ਦਾ ਨਾਮ "ਨਿਰੰਜਨੀਏ" ਪੈ ਗਿਆ। ਹੰਦਾਲ ਦਾ ਦਿਹਾਂਤ ਸੰਮਤ 1705 ਵਿੱਚ ਹੋਇਆ। **ਹੰਦਾਲ ਦਾ ਪੁੱਤ੍ਰ ਬਿਧੀ ਚੰਦ ਕੁਕਰਮੀ ਸੀ। ਉਸ ਨੇ ਗੁਰੂ ਨਾਨਕ ਸਾਹਿਬ ਦੀ ਸਾਖੀ ਬਹੁਤ ਅਸ਼ੁੱਧ ਕਰ ਦਿੱਤੀ ਅਤੇ ਮਨਮੰਨੀਆਂ ਗੱਲਾਂ ਲਿਖ ਕੇ ਆਪਣੇ ਔਗੁਣਾਂ ਨੂੰ ਸਿੱਖੀ ਦਾ ਨਿਯਮ (ਅਸੂਲ) ਸਾਬਤ ਕਰਨ ਦਾ ਯਤਨ ਕੀਤਾ।** ਕਈ ਹੰਦਾਲੀਏ ਮਹੰਤਾਂ ਨੇ ਸਿੱਖਾਂ ਦੇ ਵਿਰੁੱਧ ਲਾਹੌਰ ਦੇ ਜ਼ਾਲਿਮ ਹਾਕਮਾਂ ਨੂੰ ਅਯੋਗ ਸਹਾਇਤਾ ਦਿੱਤੀ," (ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ ਪੰਨਾ 715)।

੩. ਭਾਈ ਬਾਲੇ ਵਾਲੀ ਜਨਮ-ਸਾਖੀ ਹੰਦਾਲੀਆਂ ਨੇ ਹੀ ਲਿਖਵਾਈ ਸੀ। ਇਸ ਤੱਥ ਦੀ ਪੁਸ਼ਟੀ ਇਸ ਗੱਲ ਤੋਂ ਹੀ ਹੋ ਜਾਂਦੀ ਹੈ ਕਿ ਇਸ ਵਿੱਚ ਪੰਜਾਂ ਸਾਖੀਆਂ ਵਿੱਚ ਹੰਦਾਲ ਦਾ ਜਨਮ ਹੋਣਾ ਗੁਰੂ ਨਾਨਕ ਸਾਹਿਬ ਦੇ ਮੂੰਹੋਂ ਦੱਸਿਆ ਗਿਆ ਹੈ। ਇਹ ਜਨਮ-ਸਾਖੀ 'ਪਰਚੀ ਬਾਬਾ ਹੰਦਾਲ' ਤੋਂ ਪ੍ਰਭਾਵਤ ਹੋਈ ਹੈ (ਕਰਮ ਸਿੰਘ ਹਿਸਟੋਰੀਅਨ: ਕੱਤਕ ਕਿ ਵਿਸਾਖ ?)। ਹੰਦਾਲੀਆਂ ਨੇ ਗੁਰੂ ਅੰਗਦ ਸਾਹਿਬ ਵੱਲੋਂ ਲਿਖਾਈ ਅਸਲ ਜਨਮ-ਸਾਖੀ ਨੂੰ ਨਸ਼ਟ (ਖੁਰਦ-ਬੁਰਦ) ਕਰ ਦਿੱਤਾ ਅਤੇ ਹੰਦਾਲ ਨੂੰ, ਆਪਣੇ ਵੱਲੋਂ ਤਿਆਰ ਕੀਤੀ ਨਕਲੀ ਜਨਮ-ਸਾਖੀ ਵਿੱਚ, ਗੁਰੂ ਨਾਨਕ ਸਾਹਿਬ ਤੋਂ ਵੀ ਵੱਡ-ਪ੍ਰਤਾਪੀ ਅਤੇ ਕਰਣੀ ਵਾਲਾ ਬਣਾ ਕੇ ਪੇਸ਼ ਕੀਤਾ। ਇਥੇ ਹੀ ਬੱਸ ਨਹੀਂ, **ਇਨ੍ਹਾਂ ਗੁਰੂ-ਦੋਖੀਆਂ ਨੇ ਬਾਲੇ ਵਾਲੀ ਜਨਮ-ਸਾਖੀ ਵਿੱਚ ਗੁਰੂ ਨਾਨਕ ਸਾਹਿਬ ਦਾ ਚ੍ਰਿੱਤਰਘਾਤ ਕਰਨ ਵਾਲੀ ਸਮੱਗਰੀ ਵੀ ਸ਼ਾਮਿਲ ਕਰ ਦਿੱਤੀ।**

੪. ਭਾਈ ਬਾਲੇ ਨੂੰ ਅਜੇ ਤੱਕ ਕਿਸੇ ਮਾਤਾ ਨੇ ਜਨਮ ਹੀ ਨਹੀਂ ਦਿੱਤਾ। ਹੰਦਾਲੀਆਂ ਨੇ ਆਪਣਾ ਉੱਲੂ ਸਿੱਧਾ ਕਰਨ ਲਈ ਇਸ ਨਕਲੀ ਪਾਤਰ ਨੂੰ ਪੈਦਾ ਕਰ ਕੇ ਭਾਈ ਬਾਲੇ ਵਾਲੀ (ਨਕਲੀ) ਜਨਮ-ਸਾਖੀ ਲਿਖਣ ਲਈ ਵਰਤਿਆ ਹੈ। ਇਸ ਹਕੀਕਤ ਦੇ ਸਬੂਤ ਹੇਠਾਂ ਦਰਜ ਕੀਤੇ ਜਾ ਰਹੇ ਹਨ -

ੳ) ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਇਹ ਗੱਲ ਦਰਜ ਹੈ ਕਿ ਬਾਲਾ ਗੁਰੂ ਅੰਗਦ ਸਾਹਿਬ ਨੂੰ ਨਹੀਂ ਜਾਣਦਾ ਸੀ ਅਤੇ ਗੁਰੂ ਅੰਗਦ ਸਾਹਿਬ ਭਾਈ ਬਾਲੇ ਨੂੰ ਨਹੀਂ ਜਾਣਦੇ ਸਨ। ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਅੰਗਦ ਸਾਹਿਬ ਗੁਰਿਆਈ ਮਿਲਣ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਕੋਲ ਕਰਤਾਰਪੁਰ ਵਿਖੇ ਘੱਟੋ-ਘੱਟ ਤਿੰਨ ਸਾਲ ਅਤੇ ਵੱਧ ਤੋਂ ਵੱਧ ਸੱਤ-ਅੱਠ ਸਾਲ ਰਹੇ। ਇਸ ਸਮੇਂ ਦੌਰਾਨ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਗੁਰਮਤਿ ਪ੍ਰਚਾਰ ਫੇਰੀਆਂ ਦੀਆਂ ਅਹਿਮ ਘਟਨਾਵਾਂ ਬਾਰੇ ਵੀ ਗੁਰੂ ਅੰਗਦ ਸਾਹਿਬ ਨਾਲ ਜ਼ਰੂਰ ਵਿਚਾਰ ਸਾਂਝੇ ਕੀਤੇ ਹੋਣਗੇ, ਜਿਨ੍ਹਾਂ ਵਿੱਚ ਭਾਈ ਬਾਲੇ ਦਾ

ਜ਼ਿਕਰ ਵੀ ਜ਼ਰੂਰ ਆਇਆ ਹੋਵੇਗਾ। ਜੇਕਰ ਭਾਈ ਬਾਲਾ ਗੁਰੂ ਨਾਨਕ ਸਾਹਿਬ ਦਾ ਬਚਪਨ ਦਾ ਸਾਥੀ ਸੀ ਅਤੇ ਗੁਰੂ ਸਾਹਿਬ ਨਾਲ ਪ੍ਰਚਾਰ ਫੇਰੀਆਂ 'ਤੇ ਵੀ ਨਾਲ ਸੀ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਉਸ ਬਾਰੇ ਗੁਰੂ ਅੰਗਦ ਸਾਹਿਬ ਨਾਲ ਕਦੇ ਕੋਈ ਜ਼ਿਕਰ ਹੀ ਨਾ ਕੀਤਾ ਹੋਵੇ ? ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਇਸ 'ਨਿਕਟ-ਵਰਤੀ' ਸਿੱਖ ਨੂੰ ਗੁਰੂ ਅੰਗਦ ਸਾਹਿਬ ਜਾਣਦੇ ਵੀ ਨਾ ਹੋਣ ਅਤੇ ਭਾਈ ਬਾਲਾ ਵੀ ਗੁਰੂ ਅੰਗਦ ਸਾਹਿਬ ਨੂੰ ਨਾ ਜਾਣਦਾ ਹੋਵੇ ?

(ਅ) ਭਾਈ ਗੁਰਦਾਸ ਜੀ ਦੀ 'ਵਾਰ ਪਹਿਲੀ' ਵਿੱਚ ਗੁਰੂ ਨਾਨਕ ਸਾਹਿਬ ਦੇ ਸਾਥੀ ਮਰਦਾਨੇ ਦਾ ਕਥਨ ਤਾਂ ਹੈ, ਪਰ ਬਾਲੇ ਦਾ ਨਹੀਂ। ਭਾਈ ਗੁਰਦਾਸ ਦੀ ਗਿਆਰਵੀਂ ਵਾਰ ਵਿੱਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਪ੍ਰਸਿੱਧ ਸਿੱਖਾਂ ਦੇ ਨਾਂਅ ਦੱਸੇ ਹਨ, ਉਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੇ ਨਾਵਾਂ ਵਿੱਚ ਭਾਈ ਬਾਲੇ ਦਾ ਨਾਂਅ ਨਹੀਂ।

(ੲ) **ਵਲਾਇਤ ਵਾਲੀ ਜਨਮ-ਸਾਖੀ ਤੇ ਭਾਈ ਮਿਹਰਬਾਨ ਵਾਲੀ ਜਨਮ-ਸਾਖੀ ਵਿੱਚ ਵੀ ਬਾਲੇ ਦਾ ਕਥਨ ਨਹੀਂ ਆਉਂਦਾ। ਇਹ ਸਭ ਮੰਨਦੇ ਹਨ ਕਿ 'ਗੁਰੂ ਨਾਨਕ ਸਾਹਿਬ ਕੋਲ ਭਾਈ ਲਹਿਣਾ ਘੱਟੋ-ਘੱਟ ਤਿੰਨ ਸਾਲ ਤੇ ਵੱਧ ਤੋਂ ਵੱਧ ਸੱਤ-ਅੱਠ ਸਾਲ ਰਹੇ। ਇਸ ਲਈ ਉਹ ਗੁਰੂ ਨਾਨਕ ਸਾਹਿਬ ਦੇ ਸਭ ਪ੍ਰਸਿੱਧ ਸਿੱਖਾਂ ਨੂੰ ਜਾਣਦੇ ਹੋਣਗੇ। ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਹ ਭਾਈ ਬਾਲੇ ਨੂੰ ਨਹੀਂ ਜਾਣਦੇ ਸਨ ਅਤੇ ਭਾਈ ਬਾਲਾ ਗੁਰੂ ਸਾਹਿਬ ਨੂੰ ਨਹੀਂ ਜਾਣਦਾ ਸੀ।**

(ਸ) ਪਿਛਲੇਰੀਆਂ ਰਵਾਇਤਾਂ, ਜਿਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਸਭ ਵਿਸਥਾਰ ਦਾ ਪਤਾ ਹੋਣ ਦਾ ਦਾਅਵਾ ਹੈ, ਇਸ ਗੱਲ ਲਈ ਮਜ਼ਬੂਰ ਹੋਈਆਂ ਕਿ ਆਪਣੀਆਂ ਕਹਾਣੀਆਂ ਤੇ ਕਥਾਵਾਂ ਦੀ ਪ੍ਰੋੜਤਾ ਲਈ, ਕਿਸੇ ਵਿਅਕਤੀ ਨੂੰ ਸਾਹਮਣੇ ਲਿਆਉਂਣ। ਇਹ ਭਾਈ ਬਾਲਾ ਸੀ ਜਿਸ ਨੂੰ ਗੁਰੂ ਨਾਨਕ ਸਾਹਿਬ ਦੇ ਬਚਪਨ ਦੇ ਸਾਥੀ ਦੱਸਿਆ ਗਿਆ। **ਜੇਕਰ ਭਾਈ ਬਾਲਾ ਸ੍ਰੀ ਗੁਰੂ ਨਾਨਕ ਸਾਹਿਬ ਦਾ, ਸਦਾ ਨਾਲ ਰਹਿਣ ਵਾਲਾ ਸਾਥੀ ਤੇ ਸਲਾਹਕਾਰ ਹੁੰਦਾ, ਤਾਂ ਇਹ ਗੱਲ ਬਿਲਕੁਲ ਸਮਝ ਨਹੀਂ ਆਉਂਦੀ ਕਿ ਪੁਰਾਤਨ ਪਰੰਪਰਾ 'ਤੇ ਆਧਾਰਤ ਜਨਮ-ਸਾਖੀਆਂ ਵਿੱਚ ਉਸ ਸੰਬੰਧੀ ਇੱਕ ਵਾਰੀ ਵੀ ਸੰਕੇਤ ਕਿਉਂ ਨਹੀਂ ਆਉਂਦਾ।"** (ਜਨਮ-ਸਾਖੀ ਪਰੰਪਰਾ, ਡਾ. ਕਿਰਪਾਲ ਸਿੰਘ, ਪੰਨਾ ੧੮; ਆਦਿ ਗ੍ਰੰਥ, ਡਾ. ਟਰੰਪ ੧੮੭੭, ਭੂਮਿਕਾ ਪੰਨਾ 4)।

੫. ਕਵਿ ਚੂੜਾਮਣਿ ਭਾਈ ਸੰਤੋਖ ਸਿੰਘ, ਨਿਰਸੰਦੇਹ, ਉੱਚ-ਕੋਟੀ ਦੇ ਕਵੀ ਸਨ। ਪਰ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ੇ ਬਾਰੇ ਉਨ੍ਹਾਂ ਦੀ ਜਾਣਕਾਰੀ

ਸੀਮਤ ਜਿਹੀ ਹੀ ਸੀ ਅਤੇ ਉਹ 'ਨਿਰਮਲਾ ਸੰਪਰਦਾ' ਦੀ ਬ੍ਰਾਹਮਣਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਸਨ। ਇਸ ਲਈ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਦਾ ਵੱਡਾ ਹਿੱਸਾ (ਤਕਰੀਬਨ ਅੱਧੇ ਤੋਂ ਵੀ ਵੱਧ) ਗੁਰਮਤਿ-ਵਿਰੋਧੀ ਸਮੱਗਰੀ ਨਾਲ ਭਰਿਆ ਪਿਆ ਹੈ। ਉਨ੍ਹਾਂ ਨੇ ਭਾਈ ਬਾਲੇ ਵਾਲੀ ਜਨਮ-ਸਾਖੀ ਨੂੰ ਹੀ ਇਨ੍ਹਾਂ ਰਚਨਾਵਾਂ ਦੇ ਵਿਸ਼ਾ-ਵਸਤੂ ਦਾ ਆਧਾਰ ਬਣਾਇਆ ਅਤੇ ਬਾਲੇ ਵਾਲੀ ਜਨਮ-ਸਾਖੀ 'ਚੋਂ 'ਗੁਰੂ-ਨਿੰਦਾ' ਵਾਲੀ ਬਹੁਤ ਸਾਰੀ ਸਮੱਗਰੀ ਨੂੰ ਨਿਕਾਰ ਦਿੱਤਾ। ਪਰ, ਇਸ ਵਿੱਚੋਂ 'ਗੁਰੂ-ਨਿੰਦਾ' ਨੂੰ ਉਹ ਮੁਕੰਮਲ ਤੌਰ 'ਤੇ ਕੱਢ ਨਾ ਸਕੇ।

੬. ਭਾਈ ਸੰਤੋਖ ਸਿੰਘ ਨਾਲ, ਕੈਥਲਪਤਿ ਮਹਾਰਾਜਾ ਉਦੈ ਸਿੰਘ ਦੇ ਨੌਕਰ, ਬ੍ਰਾਹਮਣ ਵਿਦਵਾਨ ਵੀ ਲਿਖਾ-ਪੜ੍ਹੀ ਦੇ ਕੰਮ ਵਿੱਚ ਉਸ ਦੀ ਸਹਾਇਤਾ ਲਈ ਲਗਾਏ ਹੋਏ ਸਨ। ਇਨ੍ਹਾਂ ਗੁਰੂ-ਦੋਖੀ ਪੰਡਤਾਂ ਦੀ ਪ੍ਰੇਰਨਾ ਕਰ ਕੇ ਵੀ, ਇਨ੍ਹਾਂ ਰਚਨਾਵਾਂ ਵਿੱਚ ਬਿੱਪਰਵਾਦੀ ਵਿਚਾਰਧਾਰਾ ਦੇ ਕੁੱਝ ਅੰਸ਼ ਸ਼ਾਮਿਲ ਹੋ ਗਏ। ਸੂਰਜ-ਪ੍ਰਕਾਸ਼ ਦਾ ਖਰੜਾ ਮੁਕੰਮਲ ਕਰਨ ਤੋ ਕੁੱਝ ਅਰਸਾ ਬਾਅਦ ਹੀ ਭਾਈ ਸੰਤੋਖ ਸਿੰਘ ਅਕਾਲ ਚਲਾਣਾ ਕਰ ਗਏ ਅਤੇ ਉਨ੍ਹਾਂ ਨੂੰ ਇਸ ਮਹਾਂ-ਕਾਵਿ ਦੀ ਪਰੂਫ਼-ਰੀਡਿੰਗ ਕਰ ਕੇ ਇਸ ਦੀ ਸੁਧਾਈ ਕਰਨ ਦਾ ਸਮਾਂ ਨਾ ਮਿਲਿਆ। ਸੁਭਾਵਿਕ ਹੈ ਕਿ ਇਸ ਹਕੀਕਤ ਦਾ ਨਾਜ਼ਾਇਜ ਫ਼ਾਇਦਾ ਉਠਾ ਕੇ, ਭਾਈ ਸੰਤੋਖ ਸਿੰਘ ਦੇ ਦਿਹਾਂਤ ਤੋਂ ਬਾਅਦ, ਇਨ੍ਹਾਂ ਪੰਡਤਾਂ ਨੇ ਜਾਣ-ਬੁੱਝ ਕੇ ਵੀ,ਥਾਂ-ਪੁਰ-ਥਾਂ, ਇਨ੍ਹਾਂ ਰਚਨਾਵਾਂ ਵਿੱਚ ਬਿੱਪਰਵਾਦੀ ਵਿਚਾਰਧਾਰਾ ਘਸੋੜ ਦਿੱਤੀ ਹੋਵੇਗੀ।

੭. ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸੂਰਜ-ਪ੍ਰਕਾਸ਼ ਵਿੱਚ ਦਰਜ ਹੋਈ ਗੁਰਮਤਿ-ਵਿਰੋਧੀ ਸਮੱਗਰੀ ਮਨੂੰਵਾਦੀਆਂ ਦੀ ਕੇਂਦਰੀ ਸਾਜਿਸ਼ (ਭਾਰਤ 'ਚੋਂ ਸਿੱਖ ਕੌਮ ਦਾ ਖਾਤਮਾ ਕਰਨਾ) ਦੀ ਹੀ ਇੱਕ ਕੜੀ ਨਜ਼ਰ ਆਉਂਦੀ ਹੈ। ਇਹ ਇੱਕ ਇਤਿਹਾਸਕ ਤੱਥ ਹੈ ਕਿ ਜਿਸ ਕੌਮ ਨੂੰ ਨੇਸਤੋ-ਨਾਬੂਦ ਕਰਨਾ ਹੋਵੇ ਉਸ (ੳ) ਕੌਮ ਦੇ ਬਾਨੀ ਦਾ ਚਰਿੱਤ੍ਰਘਾਤ ਕਰਨ ਲਈ ਨਕਲੀ ਸਾਹਿਤ ਦੀ ਰਚਨਾ ਕੀਤੀ ਜਾਂਦੀ ਹੈ, (ਅ) ਬਾਨੀ ਦੇ ਸ਼ਰੀਕ ਪੈਦਾ ਕਰ ਕੇ ਪਰੋਮੋਟ ਕੀਤੇ ਜਾਂਦੇ ਹਨ; (ੲ) ਕੌਮੀ ਫ਼ਲਸਫ਼ੇ (ਵਿਚਾਰਧਾਰਾ) ਨੂੰ ਗੰਧਲਾ ਕਰਨ ਲਈ ਨਕਲੀ ਸਾਹਿਤ ਲਿਖ-ਲਿਖਾ ਕੇ ਪ੍ਰਚੱਲਤ ਕੀਤਾ ਜਾਂਦਾ ਹੈ; (ਸ) ਕੌਮ ਦੇ ਇਤਿਹਾਸ ਤੇ ਸਭਿਆਚਾਰ ਨੂੰ ਵਿਗਾੜਨ ਦੇ ਯਤਨ ਕੀਤੇ ਜਾਂਦੇ ਹਨ; (ਹ) ਕੌਮ ਨੂੰ ਨਸ਼ੇੜੀ, ਅਨਪੜ੍ਹ, ਵਿਭਚਾਰੀ ਅਤੇ ਵਿਹਲੜ ਬਣਾਉਣ ਲਈ ਢੁਕਵੀਆਂ ਸਾਜਿਸ਼ੀ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ; (ਕ) ਕੌਮ ਦੀ ਮਾਂ-ਬੋਲੀ (ਜ਼ੁਬਾਨ) ਨੂੰ ਵਿਕਸਤ ਹੋਣ ਤੋਂ ਰੋਕਣ ਲਈ ਲੁਕਵੀਆਂ ਸਾਜਿਸ਼ੀ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ; (ਖ) ਕੌਮ ਦਾ ਨਕਲੀ ਇਤਿਹਾਸ ਤੇ ਸਭਿਆਚਾਰ ਘੜ ਕੇ ਪ੍ਰਚਲਤ ਕੀਤਾ ਜਾਂਦਾ ਹੈ; (ਗ) ਕੌਮ ਨੂੰ ਦੇਸ਼ ਦੇ ਰਾਜਤੰਤਰ ਵਿੱਚੋਂ ਮਨਫ਼ੀ ਕਰਨ ਲਈ ਕਾਰਵਾਈ ਕੀਤੀ ਜਾਂਦੀ ਹੈ; (ਘ) ਕੌਮ ਦੇ ਖ਼ਿਲਾਫ਼ ਮੀਡੀਆ ਰਾਹੀਂ ਕੂੜ-ਪ੍ਰਚਾਰ ਕਰਵਾ ਕੇ ਉਸ ਨੂੰ ਕੌਮਾਂਤਰੀ

ਪੱਧਰ 'ਤੇ ਬਦਨਾਮ ਕੀਤਾ ਜਾਂਦਾ ਹੈ; (ਙ) ਕੌਮ ਦੇ ਹਲਕੇ ਕਿਰਦਾਰ ਵਾਲੇ ਵਿਦਵਾਨਾਂ/ਪ੍ਰਚਾਰਕਾਂ ਨੂੰ ਖਰੀਦ ਕੇ ਜਾਂ ਗੁਮਰਾਹ ਕਰ ਕੇ, ਉਨ੍ਹਾਂ ਨੂੰ ਕੌਮ ਦੇ ਖ਼ਿਲਾਫ਼ ਹੀ ਕੂੜ ਪ੍ਰਚਾਰ ਕਰਨ ਲਈ ਵਰਤਿਆ ਜਾਂਦਾ ਹੈ; (ਚ) ਕੌਮ ਦੇ ਖ਼ੁਦਗਰਜ਼ ਲੀਡਰਾਂ (ਰਾਜਨੀਤਕ, ਧਾਰਮਿਕ, ਸਮਾਜਿਕ ਲੀਡਰ) ਨੂੰ ਕਾਬੂ ਕਰ ਕੇ (ਖਰੀਦ ਕੇ ਜਾਂ ਗੁਮਰਾਹ ਕਰ ਕੇ) ਕੌਮ ਦੀ ਬਰਬਾਦੀ ਲਈ ਅੱਗੇ ਲਾਇਆ ਜਾਂਦਾ ਹੈ; (ਛ) ਕੌਮ ਨੂੰ ਆਰਥਿਕ ਪੱਖੋਂ ਕਮਜ਼ੋਰ ਕਰਨ ਲਈ ਨੀਤੀਆਂ ਘੜ ਕੇ ਲਾਗੂ ਕੀਤੀਆਂ ਜਾਂਦੀਆਂ ਹਨ; ਅਤੇ (ਜ) ਉਸ ਕੌਮ ਦੀ ਸਮੇਂ-ਸਮੇਂ ਸਿਰ ਨਸਲਕੁਸ਼ੀ ਕਰਨ ਦੇ ਪ੍ਰੋਗਰਾਮ ਉਲੀਕ ਕੇ ਸਿਰੇ ਚਾੜ੍ਹੇ ਜਾਂਦੇ ਹਨ।

ਸਿੱਖ ਕੌਮ ਨੂੰ ਨੇਸਤੋ-ਨਾਬੂਦ ਕਰਨ ਲਈ, ਗੁਰੂ ਨਾਨਕ ਸਾਹਿਬ ਦੇ ਵਕਤ ਤੋਂ ਹੀ, ਉਪਰੋਕਤ ਕਾਰਵਾਈਆਂ ਹੁੰਦੀਆਂ ਆ ਰਹੀਆਂ ਹਨ। ਜੇਕਰ ਭਾਰਤ ਉੱਪ-ਮਹਾਂਦੀਪ ਦੇ 1947 ਤੋਂ ਬਾਅਦ ਦੇ ਇਤਿਹਾਸ 'ਤੇ ਹੀ ਇੱਕ ਘੋਖਵੀਂ ਨਜ਼ਰ ਮਾਰ ਲਈ ਜਾਵੇ ਤਾਂ ਭਾਰਤੀ ਰਾਜ-ਤੰਤ੍ਰ 'ਤੇ ਮਜ਼ਬੂਤੀ ਨਾਲ ਕਾਬਜ਼ ਹੋਈ ਚਲੀ ਆ ਰਹੀ ਬਿੱਪਰਵਾਦੀ ਲਾਬੀ (coterie) ਵੱਲੋਂ ਸਿੱਖ ਕੌਮ ਨੂੰ ਨੇਸਤੋ-ਨਾਬੂਦ ਕਰਨ ਦੀ ਸਾਜਿਸ਼ ਅਧੀਨ ਉਪਰੋਕਤ ਢੰਗਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪੱਖਾਂ ਤੋਂ ਸਿੱਖ ਕੌਮ ਨਾਲ ਕੀਤੀਆਂ ਜਾ ਰਹੀਆਂ ਧੱਕੇ-ਸ਼ਾਹੀਆਂ, ਜ਼ੁਲਮਾਂ, ਠੱਗੀਆਂ ਤੇ ਵਿਤਕਰਿਆਂ ਦੀ ਸੂਚੀ ਬਹੁਤ ਹੀ ਲੰਮੀ ਹੈ। ਭਾਰਤ ਉਪ-ਮਹਾਂਦੀਪ ਦੇ ਸੰਵਿਧਾਨ ਦੀ ਧਾਰਾ 25(2)(B) ਅਧੀਨ ਸੁਤੰਤਰ ਸਿੱਖ-ਮੱਤ ਨੂੰ ਇੱਕ ਨਕਲੀ (ਮਨਘੜਤ) 'ਹਿੰਦੂ-ਮੱਤ' ਦੀ ਸ਼ਾਖ ਦੇ ਤੌਰ 'ਤੇ ਦਰਜ ਕਰਨਾ ਸਿੱਖ-ਮੱਤ ਦੀ ਹੋਂਦ ਨੂੰ ਕਾਨੂੰਨੀ ਤੌਰ 'ਤੇ ਖ਼ਤਮ ਕਰਨ ਦੀ ਖ਼ਤਰਨਾਕ ਸਾਜਿਸ਼ ਹੈ ਜਿਸ ਨੂੰ ਬੇ-ਨਕਾਬ ਕਰ ਕੇ ਇਸ ਅਣਹੋਣੀ (ਜੱਗੋਂ ਤੇਰ੍ਹਵੀਂ ਕਰਤੂਤ) ਧੱਕੇਸ਼ਾਹੀ ਨੂੰ ਖ਼ਤਮ ਕਰਾਉਣਾ ਸਮੇਂ ਦੀ ਪ੍ਰਮੁੱਖ ਸਮੱਸਿਆ ਹੈ। ਜੇਕਰ ਭਾਰਤ ਉਪ-ਮਹਾਂਦੀਪ ਵਿੱਚ ਇਹ ਧੱਕੇਸ਼ਾਹੀ ਖ਼ਤਮ ਕਰ ਕੇ ਇਨਸਾਫ਼ ਪ੍ਰਾਪਤੀ ਨਾ ਹੋ ਸਕੇ ਤਾਂ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਰਾਹੀਂ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਦਾ ਦਰਵਾਜ਼ਾ ਖੜਕਾ ਕੇ ਇਨਸਾਫ਼ ਪ੍ਰਾਪਤ ਕੀਤਾ ਜਾਵੇ।

ਇਥੇ ਇਹ ਜ਼ਿਕਰ ਕਰਨਾ ਵੀ ਪਰਸੰਗਕ ਹੈ ਕਿ ਸਿੱਖ-ਮੱਤ ਦਾ ਫ਼ਲਸਫ਼ਾ (ਗੁਰਮਤਿ ਸਿਧਾਂਤ) ਅਖੌਤੀ ਹਿੰਦੂ-ਮੱਤ ਦੇ ਗ਼ੈਰ-ਕੁਦਰਤੀ ਅਤੇ ਮਾਨਵ-ਵਿਰੋਧੀ ਮਨਘੜਤ ਫ਼ਲਸਫ਼ੇ ਨੂੰ ਸਮੁੱਚੇ ਤੌਰ 'ਤੇ ਹੀ ਰੱਦ ਕਰਦਾ ਹੈ। ਇਸ ਲਈ ਸਿੱਖ-ਮੱਤ ਨੂੰ ਹਿੰਦੂ-ਮੱਤ ਦੀ ਸ਼ਾਖ ਦੇ ਤੌਰ 'ਤੇ ਸੰਵਿਧਾਨ ਵਿੱਚ ਦਰਜ ਕਰਨਾ ਪਰਲੇ ਦਰਜੇ ਦੀ ਸ਼ਰਾਰਤ-ਆਮੇਜ਼ ਕਾਰਵਾਈ ਤੇ ਧੱਕੇਸ਼ਾਹੀ ਨਹੀਂ ਤਾਂ ਹੋਰ ਕੀ ਹੈ ? ਕੀ ਇਸ ਸਾਰੇ ਕੁੱਝ ਦੇ ਬਾ-ਵਜੂਦ ਵੀ ਕਿਸੇ ਹੋਰ ਸਬੂਤ ਦੀ ਲੋੜ ਰਹਿ ਜਾਂਦੀ ਹੈ ?

ਲੋੜ ਹੈ ਕਿ ਸਿੱਖ ਇਤਿਹਾਸ ਦੇ ਸੋਮਿਆਂ ਦੀ ਸਮੁੱਚੀ ਸਮੱਗਰੀ ਦੀ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਫ਼ਲਸਫ਼ੇ ਦੀ ਰੌਸ਼ਨੀ 'ਚ, ਪਰਖ ਕਰ ਕੇ ਪਰਮਾਣੀਕ ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਨੂੰ ਇਤਿਹਾਸਕ ਕੌਮੀ ਦਸਤਾਵੇਜ਼ ਦੇ ਤੌਰ 'ਤੇ ਅੰਕਿਤ ਕਰ ਕੇ

ਸੰਭਾਲ ਲਿਆ ਜਾਵੇ। ਨਿਰਸੰਦੇਹ, ਇਹ ਮਹਾਨ ਕਾਰਜ ਉਨ੍ਹਾਂ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੇ ਕਰਨ ਵਾਲਾ ਹੈ ਜਿਨ੍ਹਾਂ ਨੂੰ ਸਤਿਗੁਰਾਂ ਦੀ ਰਹਿਮਤ ਸਦਕਾ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬ-ਸਾਂਝੇ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਬਾਰੇ ਸਪੱਸ਼ਟਤਾ ਪ੍ਰਾਪਤ ਹੈ।

ਇਥੇ ਇੱਕ ਪ੍ਰਤਿਭਾਵਾਨ (ਮੰਨੇ-ਪਰਮੰਨੇ) ਲੇਖਕ ਮਿਲਾਨ ਕੁੰਦਰਾ, ਗ਼ਾਲਬ ਕੌਮਾਂ (ਰਾਜਸੱਤਾ 'ਤੇ ਕਾਬਜ਼ ਬਹੁ ਗਿਣਤੀ ਬੇਈਮਾਨ ਕੌਮਾਂ) ਦੇ ਇਸ ਘਿਨਾਉਣੇ ਵਰਤਾਰੇ ਨੂੰ ਇੰਜ ਬਿਆਨ ਕਰਦਾ ਹੈ -

"ਇੱਕ ਕੌਮ ਨੂੰ ਨੇਸਤੋ-ਨਾਬੂਦ ਕਰਨ ਦਾ ਪਹਿਲਾ ਕਦਮ ਉਸ ਦੀ ਯਾਦਦਾਸ਼ਤ ਨੂੰ ਮੇਟ ਸੁੱਟਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਉਸ ਦੇ ਸਭਿਆਚਾਰ, ਉਸ ਦੇ ਇਤਿਹਾਸ ਨੂੰ ਉਜਾੜ ਦਿਓ, ਫਿਰ ਕਿਸੇ ਕੋਲੋਂ ਨਵੀਆਂ ਲਿਖਵਾ ਲਓ, ਨਵਾਂ ਸਭਿਆਚਾਰ ਘੜ ਲਓ, ਇੱਕ ਨਵਾਂ ਇਤਿਹਾਸ ਈਜਾਦ ਕਰ ਲਵੋ। ਕੁੱਝ ਚਿਰ ਬਾਅਦ, ਉਹ ਕੌਮ ਆਪੇ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ.... ਮਨੁੱਖ ਦੀ ਸੱਤਾ ਦੇ ਵਿਰੁੱਧ ਜਦੋਜਹਿਦ ਯਾਦਦਾਸ਼ਤ ਦੀ ਭੁੱਲ-ਭੁਲਾਅ ਜਾਣ ਦੇ ਵਿਰੁੱਧ ਜਦੋਜਹਿਦ ਹੈ" (ਮਿਲਾਨ ਕੁੰਦਰਾ : ਦ ਬੁੱਕ ਆਫ਼ ਲਾਫ਼ਟਰ ਐਂਡ ਫ਼ਾਰਮੈਟਿੰਗ)।

✡✡✡

੫. ਖ਼ਤਰੇ ਦਾ ਘੜਿਆਲ !!

ਮਨੁੱਖੀ ਮਨ, ਜਮਾਂਦਰੂ ਹੀ, ਮਾਇਆ (ਦੂਜਾ ਭਾਉ) ਦੇ ਅਧੀਨ ਹੋਣ ਕਰ ਕੇ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ, ਚੁਗਲੀ, ਠੱਗੀ, ਖ਼ੁਦਗਰਜ਼ੀ, ਦੂਜਿਆਂ 'ਤੇ ਹੁਕਮ ਚਲਾਉਣ ਅਤੇ ਆਪਣੀ ਸਿਰਦਾਰੀ ਬਣਾਈ ਰੱਖਣ ਆਦਿ) ਦੇ ਅਧੀਨ ਹੀ ਵਿਚਰਦਾ ਰਹਿੰਦਾ ਹੈ। ਅਜਿਹੀਆਂ ਮਨੋਂ-ਬਿਰਤੀਆਂ ਦੇ ਅਧੀਨ ਜੀਵਨ ਬਤੀਤ ਕਰਨ ਵਾਲੇ ਮਨੁੱਖ ਨੂੰ ਗੁਰਮਤਿ ਫ਼ਲਸਫ਼ੇ ਅਨੁਸਾਰ 'ਮਨਮੁੱਖ' ਕਿਹਾ ਗਿਆ ਹੈ। ਸੰਸਾਰ ਦਾ ਇਤਿਹਾਸ ਉਪਰੋਕਤ ਮਨੁੱਖੀ ਵਰਤਾਰੇ ਦੀ ਹਕੀਕਤ ਦੀ ਪ੍ਰਸ਼ਟੀ ਕਰਦਾ ਆ ਰਿਹਾ ਹੈ। ਖ਼ੁਦਗਰਜ਼ (ਮਨਮੁੱਖ) ਮਨੁੱਖ, ਵਿਅਕਤੀਗਤ ਤੌਰ 'ਤੇ ਵੀ ਅਤੇ ਹਮ-ਖਿਆਲੀ ਮਨੁੱਖਾਂ ਨਾਲ ਭਾਈਵਾਲੀ ਕਾਇਮ ਕਰ ਕੇ ਵੀ, ਮਨੁੱਖਤਾ ਦਾ ਹਰ ਪੱਖ ਤੋਂ ਸ਼ੋਸ਼ਨ ਕਰਦੇ ਆ ਰਹੇ ਹਨ।

ਸਮੇਂ-ਸਮੇਂ ਸਿਰ, ਮਨੁੱਖਤਾ ਦੇ ਹੋ ਰਹੇ ਸ਼ੋਸ਼ਨ ਨੂੰ ਠੱਲ੍ਹ ਪਾਉਂਣ ਲਈ ਸਰਬੱਤ ਦਾ ਭਲਾ ਲੋਚਣ ਵਾਲੀਆਂ ਰੂਹਾਂ ਵੀ ਪੈਗ਼ੰਬਰਾਂ ਤੇ ਰਹਿਬਰਾਂ ਦੇ ਰੂਪ ਵਿੱਚ ਪਰਗਟ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਨੇ ਹੱਕ, ਸੱਚ ਤੇ ਇਨਸਾਫ਼ ਲਈ ਜਦੋਜਹਿਦ ਕਰ ਕੇ ਆਪੋ-ਆਪਣੇ ਇਲਾਕੇ 'ਚ ਆਪੋ-ਆਪਣਾ ਮੱਤ ਚਲਾਇਆ। ਪਰ, ਬਦਕਿਸਮਤੀ ਨਾਲ ਇਨ੍ਹਾਂ ਮਹਾਨ ਕ੍ਰਾਂਤੀਕਾਰੀ ਰੂਹਾਂ ਨੇ ਆਪਣੇ ਮੱਤ (ਮਜ਼ਹਬ) ਦੇ ਫ਼ਲਸਫ਼ੇ ਨੂੰ ਨਾ ਤਾਂ ਆਪ ਹੀ ਕਲਮਬੰਦ ਕੀਤਾ ਅਤੇ ਨਾ ਹੀ ਆਪਣੇ ਜੀਵਨ-ਕਾਲ ਦੌਰਾਨ ਆਪਣੇ ਕਿਸੇ ਵਿਸ਼ਵਾਸਪਾਤਰ ਪੈਰੋਕਾਰ ਤੋਂ ਕਲਮਬੰਦ ਕਰਵਾਇਆ। ਇਸ ਕਮਜ਼ੋਰੀ ਦਾ ਨਾਜਾਇਜ਼ ਫ਼ਾਇਦਾ ਉਠਾ ਕੇ, ਮਨੁੱਖੀ ਸਮਾਜ ਵਿਚਲੇ ਅਤਿ ਚਲਾਕ, ਮੱਕਾਰ ਤੇ ਖ਼ੁਦਗਰਜ਼ ਵਿਅਕਤੀਆਂ/ਸੰਗਠਨਾਂ ਨੇ ਉਨ੍ਹਾਂ ਰਹਿਬਰਾਂ ਦੇ ਮਾਨਵਵਾਦੀ ਫ਼ਲਸਫ਼ਿਆਂ ਨੂੰ, ਕਈ-ਕਈ ਸੈਂਕੜੇ ਸਾਲਾਂ ਬਾਅਦ, ਵਿਗਾੜ ਕੇ (ਆਪਣੇ ਰਾਸ ਆਉਣ ਵਾਲੇ ਫ਼ਲਸਫ਼ਿਆਂ ਦਾ ਰੂਪ ਦੇ ਕੇ) ਪ੍ਰਚੱਲਤ ਕਰ ਦਿੱਤਾ।

ਪੰਦਰ੍ਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ, ਪ੍ਰਭੂ-ਪਿਤਾ ਨੇ ਦੁਖੀ ਸੰਸਾਰ ਦੀ ਪੀੜਾ ਦੂਰ ਕਰਨ ਲਈ, ਗੁਰੂ ਨਾਨਕ ਸਾਹਿਬ ਨੂੰ ਧੁਰੋਂ ਹੀ ਵਰੋਸਾਅ ਕੇ ਭੇਜ ਦਿੱਤਾ। ਸਤਿਗੁਰਾਂ ਨੇ, ਰੱਬੀ ਰਜ਼ਾ ਅਨੁਸਾਰ, ਸਮੁੱਚੇ ਸੰਸਾਰ ਵਿੱਚ ਸਦੀਵਕਾਲ ਲਈ ਰੱਬੀ ਰਾਜ (ਹਲੇਮੀ ਰਾਜ) ਸਥਾਪਤ ਕਰਨ ਲਈ 1478 ਵਿੱਚ ਇੱਕ ਸਦੀਵਕਾਲੀ (ਲਾਸਾਨੀ) ਇਨਕਲਾਬ ਦਾ ਆਗਾਜ਼ ਕਰ ਦਿੱਤਾ। ਸਤਿਗੁਰਾਂ, ਸਮਕਾਲੀ ਭਗਤਾਂ ਤੇ ਸਿੱਖਾਂ ਵੱਲੋਂ, ਰੱਬੀ-ਰਜ਼ਾ ਅਨੁਸਾਰ, ਗੁਰਬਾਣੀ ਦੇ ਰੂਪ ਵਿੱਚ ਪਰਗਟ ਹੋਇਆ ਸਰਬ-ਸਾਂਝਾ ਫ਼ਲਸਫ਼ਾ (ਗੁਰੂ ਗ੍ਰੰਥ ਸਾਹਿਬ) ਇਸ ਇਨਕਲਾਬੀ ਲਹਿਰ ਦੀ ਵਿਚਾਰਧਾਰਾ ਦਾ ਧੁਰਾ ਬਣਿਆ। ਇਸ ਫ਼ਲਸਫ਼ੇ

ਨੂੰ ਪਰਗਟ ਕਰਨ ਵਾਲੀਆਂ ਮਹਾਨ ਰੂਹਾਂ ਨੇ, ਸਮੇਂ-ਸਮੇਂ ਸਿਰ, ਖ਼ੁਦ ਇਸ ਨੂੰ ਕਲਮਬੰਦ ਵੀ ਕੀਤਾ। ਇਸ ਫ਼ਲਸਫ਼ੇ ਦੇ ਲਿਖਤੀ ਰੂਪ ਵਿੱਚ ਪਰਗਟ ਹੋ ਕੇ ਗੁਰੂ ਨਾਨਕ ਜੋਤਿ ਦੀ ਗੁਰਗੱਦੀ 'ਤੇ ਸ਼ੁਸ਼ੋਭਤ ਹੋ ਜਾਣ ਨੇ ਮਨੁੱਖੀ ਸਮਾਜ ਵਿਚਲੀਆਂ ਖ਼ੁਦਗਰਜ਼ ਧਿਰਾਂ ਨੂੰ ਭਾਜੜਾਂ ਪਾ ਦਿੱਤੀਆਂ। ਇਨ੍ਹਾਂ ਧਿਰਾਂ ਵਿੱਚ 'ਰਾਜਨੀਤਕ-ਪੁਜਾਰੀ-ਸਰਮਾਏਦਾਰ' ਦੀ ਖ਼ੁਦਗਰਜ਼ ਜ਼ਾਲਮ ਤਿੱਕੜੀ ਤੋਂ ਇਲਾਵਾ ਮਨੁੱਖੀ ਸਮਾਜ ਵਿੱਚ ਧਰਮ ਦੇ ਨਾਂ ਤੇ ਕਈ ਤਰ੍ਹਾਂ ਦੀਆਂ (ਜਾਤ-ਪਾਤ ਤੇ ਹੋਰ ਸਮਾਜਕ) ਵੰਡੀਆਂ ਪਾ ਕੇ ਐਸ਼ ਕਰਨ ਵਾਲੇ ਸੰਗਠਨ/ਮਜ਼੍ਹਬ (ਮਨੂੰਵਾਦੀ ਵਰਨ-ਆਸ਼ਰਮ ਸਮਾਜ ਪ੍ਰਬੰਧ, ਮੋਮਨ ਤੇ ਕਾਫ਼ਰ ਆਦਿ ਦੀ ਗ਼ੈਰ-ਕੁਦਰਤੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਾਲੇ) ਵੀ ਸ਼ਾਮਿਲ ਹਨ। ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਹਰ ਪੱਖ ਤੋਂ ਮਨੁੱਖੀ ਬਰਾਬਰੀ ਦੀ ਗੱਲ ਕਰਦਾ ਹੈ, ਇਹ ਕਰਤਾਰੀ ਫ਼ਲਸਫ਼ਾ ਇਨ੍ਹਾਂ ਖ਼ੁਦਗਰਜ਼ ਧਿਰਾਂ ਨੂੰ ਕਦੇ ਵੀ ਰਾਸ ਨਹੀਂ ਆਇਆ ਅਤੇ ਨਾ ਹੀ ਕਦੇ ਭਵਿੱਖ ਵਿੱਚ ਰਾਸ ਆਵੇਗਾ। ਇਸ ਲਈ ਇਹ ਧਿਰਾਂ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਲੁਕਵੀਆਂ ਸਾਜ਼ਿਸ਼ਾਂ ਅਧੀਨ, ਇਸ ਫ਼ਲਸਫ਼ੇ ਨੂੰ ਸੰਸਾਰ ਵਿੱਚ ਵਿਕਾਸ ਕਰਨ ਤੋਂ ਰੋਕਣ ਲਈ ਜੰਗੀ ਪੱਧਰ 'ਤੇ ਵਿਉਂਤਬੰਦ ਢੰਗਾਂ ਨਾਲ ਕਾਰਵਾਈਆਂ ਕਰਦੀਆਂ ਆ ਰਹੀਆਂ ਹਨ।

ਇਸ ਸਰਬਤ ਦੇ ਭੱਲੇ ਦੇ ਜਾਮਨ ਗੁਰਮਤਿ ਫ਼ਲਸਫ਼ੇ ਨੂੰ ਸਿੱਖ ਕੌਮ ਨੇ ਆਪਣੇ ਅਮੋਲਕ ਵਿਰਸੇ ਦੇ ਤੌਰ 'ਤੇ ਸੰਭਾਲ ਲਿਆ। ਪਰ, ਤਕਰੀਬਨ 1770 ਦੇ ਆਸ-ਪਾਸ ਤੋਂ, ਇਤਿਹਾਸਕ ਕਾਰਨਾਂ ਕਰ ਕੇ, ਸਿੱਖ ਕੌਮ ਅਮਲੀ ਤੌਰ 'ਤੇ ਆਪਣੇ ਇਸ ਜੀਵਨਦਾਤੇ ਰੱਬੀ ਫ਼ਲਸਫ਼ੇ ਤੋਂ ਟੁੱਟੀ ਚਲੀ ਆ ਰਹੀ ਹੈ। ਇਹੀ ਕਾਰਨ ਹੈ ਕਿ ਸਿੱਖ ਕੌਮ ਖੇਰੂੰ-ਖੇਰੂੰ ਹੋ ਕੇ, ਗ਼ੁਲਾਮੀ ਦੀ ਹਾਲਤ ਵਿੱਚ (ਖ਼ਾਸ ਕਰ ਕੇ ਭਾਰਤ ਵਿੱਚ) ਫਸੀ ਹੋਈ ਕੁਰਲਾ ਰਹੀ ਹੈ। ਅਜਿਹੇ ਹਾਲਾਤ ਸਿੱਖ ਕੌਮ ਲਈ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਲਈ ਹੀ ਪਿਛਲੀਆਂ ਤਕਰੀਬਨ ਢਾਈ ਸਦੀਆਂ ਤੋਂ ਖ਼ਤਰੇ ਦੀ ਘੰਟੀ ਨਹੀਂ ਖ਼ਤਰੇ ਦਾ ਘੜਿਆਲ ਬਣ ਕੇ ਵੱਜ ਰਹੇ ਹਨ। ਮਾਨਵ-ਵਿਰੋਧੀ ਧਿਰਾਂ ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ ਬਚਿੱਤ੍ਰ ਨਾਟਕ ਅਤੇ ਸਰਬਲੋਹ ਵਰਗੇ ਅਸ਼ਲੀਲ ਤੇ ਗੁਰਮਤਿ-ਵਿਰੋਧੀ ਗ੍ਰੰਥਾਂ ਨਾਲ ਜੋੜਨਾ ਚਾਹੁੰਦੀਆਂ ਹਨ ਤਾ ਕਿ ਹੌਲੀ-ਹੌਲੀ ਸਿੱਖ ਕੌਮ ਦੀ ਹੋਂਦ ਨੂੰ ਹੀ ਖ਼ਤਮ ਕੀਤਾ ਜਾ ਸਕੇ। ਅੱਜ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਸਿੱਖ ਕੌਮ ਦੇ ਲੀਡਰਾਂ ਦੇ ਤੌਰ 'ਤੇ ਸਥਾਪਤ ਹੋ ਚੁੱਕੇ ਸਿੱਖਾਂ ਦੇ ਕਿਰਦਾਰ ਵਿੱਚੋਂ ਹੀ ਸਿੱਖੀ ਸਿਧਾਂਤਾਂ ਦੀ ਸੁਗੰਧੀ ਗਾਇਬ ਹੋ ਚੁੱਕੀ ਹੈ। ਕੀ ਰਣਜੀਤ ਸਿੰਘ ਦੇ ਵੇਲੇ ਦੀ ਵਰਤਮਾਨ ਸਿੱਖ ਕੌਮ ਦੇ ਹਾਲਾਤਾਂ ਨਾਲ ਤੁਲਨਾ ਕੀਤਿਆਂ, ਇਤਿਹਾਸ ਆਪਣੇ ਆਪ ਨੂੰ ਦੁਹਰਾ ਤਾਂ ਨਹੀਂ ਰਿਹਾ? ਜੇਕਰ ਇਨ੍ਹਾਂ ਅਖੌਤੀ ਸਿੱਖ ਲੀਡਰਾਂ ਦੇ ਕਿਰਦਾਰ ਬਾਰੇ ਇਤਨਾ ਕੁ ਬਿਆਨ ਕਰ ਕੇ ਹੀ ਕਲਮ ਨੂੰ ਰੋਕ ਲਿਆ ਜਾਵੇ ਤਾਂ ਇਹ ਗੁਰੂ ਨਾਨਕ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਨਾਲ ਇਨਸਾਫ਼ ਨਹੀਂ ਹੋਵੇਗਾ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਦੇ ਸਮੁੱਚੇ ਕਿਰਦਾਰ ਨੂੰ ਹੇਠ ਲਿਖੇ ਪਾਰਦਰਸ਼ਕ ਸੀਸ਼ਿਆਂ ਵਿੱਚੋਂ ਦੀ ਲੰਘਾ ਕੇ ਨੀਝ ਨਾਲ ਵਾਚਿਆ ਜਾਵੇ ਅਤੇ ਇਨ੍ਹਾਂ ਵੱਲੋਂ ਸਿੱਖ ਕੌਮ ਦੀ ਬੇੜੀ ਨੂੰ ਮੰਝਧਾਰ 'ਚੋਂ ਪਾਰ ਲੰਘਾਉਣ ਲਈ ਜਾਂ ਬੇੜੀ ਦੇ ਮਲਾਹ ਬਣ ਕੇ ਬੇੜੀ ਨੂੰ ਮੰਝਧਾਰ ਦੀ ਘੁੰਮਣਘੇਰੀ ਵਿੱਚ ਡੋਬ ਕੇ ਆਪ ਕਿਸੇ ਢੰਗ ਨਾਲ ਬਚ ਕੇ ਨਿਕਲਣ

ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੀ ਨਿਰਪੱਖ ਹੋ ਕੇ ਜਾਂਚ-ਪੜਤਾਲ ਕੀਤੀ ਜਾ ਸਕੇ -

(ੳ) ਨਾਮਵਰ ਨਿਰਪੱਖ ਇਤਿਹਾਸਕਾਰਾਂ ਵੱਲੋਂ ਪਿਛਲੇ 70 ਕੁ ਸਾਲ ਦਾ ਸਿੱਖ ਕੌਮ ਦੇ ਲੀਡਰਾਂ ਦੇ ਕਿਰਦਾਰ ਦਾ ਕੀਤਾ ਲੇਖਾ-ਜੋਖਾ।

(ਅ) ਨਿਰਪੱਖ ਮੀਡੀਆ ਦੀਆਂ ਇਸ ਸਮੇਂ ਦੇ ਸਿੱਖ ਲੀਡਰਾਂ ਦੇ ਕਿਰਦਾਰ ਬਾਰੇ ਰੀਪੋਰਟਾਂ।

(ੲ) ਨਿਰਪੱਖ ਵਿਦਵਾਨਾਂ ਤੇ ਸੂਝਵਾਨ ਲੇਖਕਾਂ ਦੇ ਇਨ੍ਹਾਂ ਲੀਡਰਾਂ ਬਾਰੇ ਪਰਗਟ ਕੀਤੇ ਵਿਚਾਰ।

(ਸ) ਇਨ੍ਹਾਂ ਲੀਡਰਾਂ ਦੀ ਅਗੁਵਾਈ ਅਧੀਨ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੇ ਜੀਵਨਦਾਤੇ ਰੱਬੀ ਫ਼ਲਸਫ਼ੇ ਦੇ ਸਿਧਾਂਤਾਂ ਦੀ ਅਮਲੀ ਤੌਰ 'ਤੇ ਕਿੰਨੀ ਕੁ ਧਾਰਨੀ ਬਣੀ ਹੈ?

(ਹ) ਇਨ੍ਹਾਂ ਲੀਡਰਾਂ ਦੀ ਅਗੁਵਾਈ ਹੇਠ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੇ ਤੇ ਸਰਬੱਤ ਦੇ ਭਲੇ ਦੇ ਜਾਮਨ ਲਾਸਾਨੀ ਫ਼ਲਸਫ਼ੇ ਦਾ ਸੰਸਾਰ ਵਿੱਚ ਸ਼ੁੱਧ ਰੂਪ ਵਿੱਚ ਕਿੰਨਾ ਕੁ ਪ੍ਰਚਾਰ/ਪਾਸਾਰ ਹੋਇਆ ਹੈ?

(ਕ) ਇਨ੍ਹਾਂ ਲੀਡਰਾਂ ਦੀ ਅਗੁਵਾਈ ਹੇਠ ਸਮੁੱਚੇ ਸੰਸਾਰ ਵਿੱਚ ਸਿੱਖ ਕੌਮ ਦਾ ਕਿਤਨਾ ਕੁ ਮਾਣ-ਸਤਿਕਾਰ ਵਧਿਆ ਹੈ?

(ਖ) ਇਨ੍ਹਾਂ ਲੀਡਰਾਂ ਦੀ ਅਗੁਵਾਈ ਹੇਠ, ਸਤਿਗੁਰਾਂ ਵੱਲੋਂ ਸਮੁੱਚੇ ਸੰਸਾਰ ਅੰਦਰ ਹੱਕ, ਸੱਚ, ਇਨਸਾਫ਼ ਤੇ ਸੁਖ-ਸ਼ਾਂਤੀ ਸਥਾਪਤ ਕਰਨ ਲਈ ਕਾਇਮ ਕੀਤੀਆਂ ਲਾਸਾਨੀ ਸਿੱਖ ਸੰਸਥਾਵਾਂ (ਗੁਰਦਵਾਰਾ, ਸ੍ਰੀ ਅਕਾਲ ਤਖ਼ਤ ਸਾਹਿਬ ਆਦਿ) ਦਾ ਵਿਕਾਸ ਗੁਰਮਤਿ ਫ਼ਲਸਫ਼ੇ ਦੇ ਅਨੁਕੂਲ ਕਿਤਨਾ ਕੁ ਹੋਇਆ ਹੈ ਜਾਂ ਇਨ੍ਹਾਂ ਸੰਸਥਾਵਾਂ ਦੇ ਗੁਰਮਤਿ ਕਰੈਕਟਰ ਨੂੰ ਤਬਾਹ ਕਰਨ ਲਈ ਇਨ੍ਹਾਂ ਲੀਡਰਾਂ ਨੇ ਕਿਤਨਾ ਕੁ ਯੋਗਦਾਨ ਪਾਇਆ ਹੈ?

(ਗ) ਸਿੱਖ ਕੌਮ ਨੇ ਇਨ੍ਹਾਂ ਲੀਡਰਾਂ ਦੀ ਅਗੁਵਾਈ ਹੇਠ ਕਿਤਨੀ ਕੁ ਸਰਬਪੱਖੀ ਤਰੱਕੀ ਕੀਤੀ ਹੈ ਜਾਂ ਕਿਤਨਾ ਕੁ ਨਿਘਾਰ ਵੱਲ ਗਈ ਹੈ?

(ਘ) ਇਨ੍ਹਾਂ ਲੀਡਰਾਂ ਨੇ ਆਪਣੀ ਖ਼ੁਦਗਰਜ਼ੀ ਅਧੀਨ ਸੁਤੰਤਰ ਪ੍ਰਭੂਸੱਤਾ ਸੰਪੰਨ, ਸਿੱਖ ਕੌਮ ਨੂੰ ਗੁਰਮਤਿ-ਵਿਰੋਧੀ ਆਰ.ਐਸ.ਐਸ. ਦੀ ਸਿਆਸੀ ਸੰਤਾਨ ਭਾਰਤੀ ਜਨਤਾ ਪਾਰਟੀ (ਪੁਰਾਣਾ ਨਾਮ ਜਨਸੰਘ) ਵਰਗੀਆਂ ਜਥੇਬੰਦੀਆਂ, ਤੇ ਗੁਰਮਤਿ-ਵਿਰੋਧੀ ਡੇਰੇਦਾਰਾਂ ਨਾਲ ਪੱਕੀਆਂ ਯਾਰੀਆਂ ਪਾ ਕੇ ਕਿਤਨਾ ਕੁ ਨੁਕਸਾਨ ਪਹੁੰਚਾਇਆ ਹੈ ਅਤੇ ਇਨ੍ਹਾਂ ਯਾਰੀਆਂ ਦਾ ਆਖਿਰ ਰਾਜ ਕੀ ਹੈ?

(ਙ) ਇਹ ਲੀਡਰ, ਕੌਮ ਦੇ ਲੀਡਰ ਬਣਨ ਤੋਂ ਪਹਿਲਾਂ, ਕਿਹੜੀ ਕਿਰਤ ਕਰਦੇ ਸੀ? ਲੀਡਰ ਬਣਨ ਤੋਂ ਪਹਿਲਾਂ ਇਨ੍ਹਾਂ ਦੀ ਚੱਲ ਤੇ ਅਚੱਲ ਜਾਇਦਾਦ ਕਿੰਨੀ ਕੁ ਸੀ ਅਤੇ ਹੁਣ ਇਹ ਜਾਇਦਾਦ ਕਿੰਨੀ ਕੁ ਹੈ?

(ਚ) ਸਿੱਖ ਕੌਮ (ਖ਼ਾਸ ਕਰ ਕੇ ਨੌਜਵਾਨ ਵਰਗ) ਨੂੰ ਅਨਪੜ੍ਹ, ਵਿਹਲੜ ਅਤੇ ਨਸ਼ੇੜੀ ਬਣਾਉਣ ਲਈ ਇਨ੍ਹਾਂ ਅਖੌਤੀ ਸਿਖ ਲੀਡਰਾਂ ਨੇ ਕਿੰਨਾ ਕੁ ਯੋਗਦਾਨ ਪਾਇਆ ਹੈ ?

ਉਪਰੋਕਤ ਪੜਚੋਲ ਦੇ ਆਧਾਰ 'ਤੇ ਨਿਰਣਾ ਕੀਤਾ ਜਾਵੇ ਕਿ ਕੀ ਇਹ ਲੀਡਰ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ, ਸਿੱਖ ਕੌਮ ਦੇ ਭਵਿੱਖ ਅਤੇ ਸਮੁੱਚੇ ਮਨੁੱਖੀ ਸਮਾਜ ਦੇ ਭਲੇ ਲਈ ਸੁਹਿਰਦ ਵੀ ਹਨ ਕਿ ਨਹੀਂ ? ਜੇਕਰ ਨਹੀਂ, ਤਾਂ ਇਨ੍ਹਾਂ ਤੋਂ ਖਹਿੜਾ ਕਿਵੇਂ ਛੁੜਾਇਆ ਜਾਵੇ ?

ਕੁੱਝ ਕੁ ਵਿਅਕਤੀ ਲੇਖਕ ਨੂੰ ਇਥੇ ਇਹ ਸੁਆਲ ਵੀ ਕਰ ਸਕਦੇ ਹਨ ਕਿ, "ਬਈ ਤੂੰ ਤਾਂ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਵੱਲੋਂ ਲਿਖੀ ਪੁਸਤਕ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਸਮੱਗਰੀ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਇਸ ਵਿੱਚ ਗੁਰਮਤਿ-ਵਿਰੋਧੀ ਦਰਜ ਗੱਲਾਂ ਦੀ ਸਿਰਫ਼ ਨਿਸ਼ਾਨਦੇਹੀ ਕਰਨ ਲਈ ਹੀ ਹਥਲੀ ਪੁਸਤਕ ਲਿਖਣ ਲੱਗਿਆ ਸੀ, ਆਪਣੇ ਵਿਸ਼ੇ ਤੋਂ ਲਾਂਭੇ ਜਾ ਕੇ ਹੋਰ ਹੀ ਰਾਮ-ਕਹਾਣੀ ਕਿਉਂ ਸ਼ੁਰੂ ਕਰ ਬੈਠਾ ਹੈ ?" ਮੈਂ ਇਨ੍ਹਾਂ ਸੁਆਲ ਕਰਨ ਵਾਲੇ ਵੀਰਾਂ/ਭੈਣਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਨਾ ਚਾਹੁੰਦਾ ਹਾਂ ਕਿ 'ਮਸਲਾ ਇਥੇ ਸੈਹੇ ਦਾ ਨਹੀਂ ਪੈਹੇ ਦਾ ਹੈ'। ਗੱਲ ਨੂੰ ਸਪੱਸ਼ਟ ਕਰਨ ਲਈ ਲੇਖਕ ਨੂੰ 50 ਕੁ ਸਾਲ ਪਹਿਲਾਂ ਪੜ੍ਹੀ ਇੱਕ ਦਿਲਚਸਪ ਘਟਨਾ ਯਾਦ ਆ ਗਈ ਹੈ ਜਿਸ ਦਾ ਸੰਖੇਪ ਜਿਹਾ ਜ਼ਿਕਰ ਕਰਨਾ ਗੱਲ ਨੂੰ ਸਪੱਸ਼ਟ ਕਰਨ ਲਈ ਲਾਹੇਬੰਦ ਸਾਬਤ ਹੋ ਸਕਦਾ ਹੈ।

ਕੁੱਝ ਮਿੱਤਰ ਇੱਕ ਜੰਗਲ ਦੇ ਕਿਨਾਰੇ ਖੇਡ ਰਹੇ ਸਨ। ਗਰਮੀ ਦੇ ਦਿਨ ਸਨ। ਉਨ੍ਹਾਂ ਵਿੱਚੋਂ ਇੱਕ ਜਣਾ ਆਪਣੀ ਥਕਾਵਟ ਦੂਰ ਕਰਨ ਲਈ ਨੇੜੇ ਹੀ ਇੱਕ ਦਰੱਖਤ ਦੇ ਥੱਲੇ ਲੇਟ ਗਿਆ। ਕੁੱਝ ਸਮੇਂ ਬਾਅਦ, ਜੰਗਲ 'ਚੋਂ ਨਿਕਲ ਕੇ, ਇੱਕ ਖ਼ਰਗੋਸ਼ (ਸੈਹਾ) ਦੌੜਦਾ ਹੋਇਆ ਉਸ ਦੀ ਛਾਤੀ ਉੱਪਰ ਦੀ ਲੰਘ ਗਿਆ। ਉਹ ਮਨੁੱਖ ਚੀਕਾਂ ਮਾਰ-ਮਾਰ ਕੇ ਰੋਣ ਲੱਗ ਪਿਆ। ਉਸ ਦੇ ਸਾਥੀ ਦੌੜੇ-ਦੌੜੇ ਉਸ ਕੋਲ ਆਏ ਤੇ ਪੁੱਛਿਆ ਕਿ, "ਮਿੱਤਰਾ, ਕੀ ਗੱਲ ਹੋਈ, ਤੂੰ ਕਿਉਂ ਉੱਚੀ-ਉੱਚੀ ਚੀਕਾਂ ਮਾਰ ਕੇ ਰੋਈ ਜਾਂਦਾ ਹੈਂ ?" ਉਹ ਕਹਿਣ ਲੱਗਾ, "ਮੇਰੀ ਛਾਤੀ ਉੱਪਰ ਦੀ ਇੱਕ ਸੈਹਾ ਲੰਘ ਗਿਆ ਹੈ, ਮੈਂ ਤਾਂ ਰੋਂਦਾ ਹਾਂ"। ਉਸ ਦੀ ਗੱਲ ਸੁਣ ਕੇ ਉਸ ਦੇ ਦੋਸਤ ਖਿਲਾੜੀ ਖਿੜ-ਖਿੜਾ ਕੇ ਹੱਸ ਪਏ ਤੇ ਕਹਿਣ ਲੱਗੇ, "ਯਾਰ ਐਂਵੇ ਬੇ-ਵਕੂਫ਼ਾਂ ਵਾਲੀ ਗੱਲ ਨਾ ਕਰ। ਕੀ ਹੋਇਆ ਜੇ ਇੱਕ ਨਿੱਕਾ ਜਿਹਾ ਗ਼ਰੀਬ ਸੈਹਾ ਤੇਰੀ ਛਾਤੀ ਉੱਪਰ ਦੀ ਲੰਘ ਗਿਆ ਤਾਂ ?" ਜੋ ਜਵਾਬ ਉਸ ਵਿਅਕਤੀ ਨੇ ਆਪਣੇ ਦੋਸਤ ਖਿਲਾੜੀਆਂ ਨੂੰ ਦਿੱਤਾ ਉਹ ਜਿੰਨਾ ਸਰਲ ਹੈ ਉਸ ਤੋਂ ਕਿਤੇ ਜਿਆਦਾ ਅਰਥ-ਭਰਪੂਰ ਹੈ। ਉਹ ਕਹਿਣ ਲੱਗਾ, "ਦੋਸਤੋ ! ਮੈਂ ਇਸ ਕਰ ਕੇ ਨਹੀਂ ਰੋਂਦਾ ਕਿ ਇੱਕ ਨਿੱਕਾ ਤੇ ਗ਼ਰੀਬੜਾ ਜਿਹਾ ਜਾਨਵਰ ਸੈਹਾ ਮੇਰੀ ਛਾਤੀ ਉੱਪਰ ਦੀ ਲੰਘ ਗਿਆ ਹੈ। ਮੈਂ ਤਾਂ ਇਸ ਕਰ ਕੇ ਰੋਇਆ ਹਾਂ ਕਿ ਅੱਜ ਤਾਂ ਇੱਕ ਸੈਹਾ ਮੇਰੀ ਛਾਤੀ ਉੱਪਰ ਦੀ ਲੰਘਿਆ ਹੈ, ਪਰ ਇਸ ਦੀ ਦੇਖਾ-ਦੇਖੀ ਕਿਤੇ ਹੋਰ ਜਾਨਵਰ ਵੀ ਮੇਰੀ ਛਾਤੀ ਉੱਪਰ ਦੀ ਲੰਘਣ ਲੱਗ ਪਏ ਤਾਂ ਮੇਰੀ

ਛਾਤੀ ਤਾਂ ਇੱਕ ਪੈਹਾ (ਆਮ ਰਸਤਾ) ਹੀ ਬਣ ਜਾਵੇਗੀ। ਇਸ ਲਈ ਮੈਂ ਸੈਹੇ ਨੂੰ ਨਹੀਂ, ਪੈਹੇ ਨੂੰ ਰੋਂਦਾ ਹਾਂ।"

ਆਸ ਹੈ ਕਿ ਸੁਹਿਰਦ ਪਾਠਕ ਇਸ ਰਮਜ਼-ਮਾਤਰ ਇਸ਼ਾਰੇ ਨੂੰ ਸਮਝ ਗਏ ਹੋਣਗੇ। **ਗੁਰ-ਇਤਿਹਾਸ, ਗੁਰਮਤਿ ਸਿਧਾਂਤ ਅਤੇ ਗੁਰਮਤਿ ਸਭਿਆਚਾਰ ਨਾਲ ਗੁਰਮਤਿ-ਵਿਰੋਧੀਆਂ ਵੱਲੋਂ ਕੀਤੇ ਜਾ ਰਹੇ ਸਾਜਿਸ਼ੀ ਖਿਲਵਾੜ ਇੱਕ ਸੈਹਾ ਨਹੀਂ ਬਲਕਿ ਇੱਕ ਪੈਹਾ ਬਣ ਕੇ ਸਿੱਖ ਕੌਮ ਦਾ ਹੀ ਨਹੀਂ ਸਗੋਂ ਸਮੁੱਚੇ ਮਨੁੱਖੀ ਸਮਾਜ ਦਾ ਕਿਤਨਾ ਕੁ ਨੁਕਸਾਨ ਕਰ ਦੇਣ ਦੀ ਸਮਰੱਥਾ ਰਖਦੇ ਹਨ, ਇਸ ਬਾਰੇ ਸਾਧਾਰਨ ਵਿਅਕਤੀ ਅੰਦਾਜ਼ਾ ਵੀ ਨਹੀਂ ਲਗਾ ਸਕਦਾ।** ਇਸ ਲਈ ਲੇਖਕ ਇਸ ਪੁਸਤਕ ਦੇ ਵਿਸ਼ਾ-ਵਸਤੂ ਦੇ ਦਾਇਰੇ ਵਿੱਚ ਰਹਿੰਦਾ ਹੋਇਆ ਮਾਨਵਵਾਦੀ ਸਮਾਜਕ ਵਰਗ ਨੂੰ ਸੁਚੇਤ ਕਰਨ ਲਈ ਚੌਕੀਦਾਰ ਦਾ ਫਰਜ਼ ਹੀ ਨਿਭਾ ਰਿਹਾ ਹੈ। ਵਿਸ਼ੇ ਤੋਂ ਲਾਂਭੇ ਜਾ ਕੇ ਰਾਮ-ਕਹਾਣੀਆਂ ਨਹੀਂ ਸੁਣਾ ਰਿਹਾ।

ਇਥੇ ਇਸ ਹਕੀਕਤ ਦਾ ਜ਼ਿਕਰ ਕਰਨਾ ਵੀ ਪ੍ਰਸੰਗਕ ਤੇ ਲਾਹੇਬੰਦ ਹੋਵੇਗਾ ਕਿ ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ ਮਨੁੱਖਤਾ ਨੂੰ ਇੱਕੋ-ਇੱਕ ਵਾਹਿਦ ਪਰਮੇਸ਼ਰ ਦੇ ਸੱਚੇ ਤੇ ਸਦੀਵਕਾਲੀ ਰਾਜ-ਪ੍ਰਬੰਧ ਅਧੀਨ ਗ਼ੈਰਤ ਅਤੇ ਅਣਖ ਵਾਲਾ ਅਮਲੀ ਜੀਵਨ ਜਿਉਂਣ ਦਾ ਉਪਦੇਸ਼ ਦਿੰਦਾ ਹੈ। ਇਸ ਹਕੀਕਤ ਨੂੰ ਸਪੱਸ਼ਟ ਕਰਨ ਲਈ ਕੁੱਝ ਕੁ ਗੁਰ-ਫ਼ੁਰਮਾਨ ਹੇਠਾਂ ਦਿੱਤੇ ਜਾ ਰਹੇ ਹਨ।

ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥
ਸਿਰਿ ਸਾਹਾਂ ਪਾਤਿਸਾਹੁ ਨਿਹਚਲੁ ਚਉਰੁ ਛਤੁ॥ (ਮ:੫, ੯੬੪)

ਭਾਵ : (ਹੇ ਪ੍ਰਭੂ!) ਤੇਰਾ ਇਲਾਹੀ ਦਰਬਾਰ (ਹੋਰ ਸਭ ਦਰਬਾਰਾਂ ਨਾਲੋਂ) ਵੱਡਾ ਹੈ, ਤੇਰਾ ਤਖ਼ਤ ਸਦਾ ਕਾਇਮ ਰਹਿਣ ਵਾਲਾ ਹੈ, (ਹੇ ਪ੍ਰਭੂ!) ਤੇਰਾ ਚਵਰ ਅਤੇ ਛਤਰ ਸਦਾ ਕਾਇਮ ਰਹਿਣ ਵਾਲੇ ਹਨ ਅਤੇ ਤੂੰ ਪਾਤਿਸ਼ਾਹਾਂ ਦੇ ਸਿਰ ਉੱਤੇ ਵੀ (ਸਭ ਤੋਂ ਵੱਡਾ) ਪਾਤਿਸ਼ਾਹ ਹੈਂ।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥ ੪੨॥ (ਫਰੀਦ ਜੀਓ, ੧੩੮੦)

ਭਾਵ : ਹੇ ਫ਼ਰੀਦ! (ਆਖ-) ਹੇ ਸਾਂਈ! (ਇਨ੍ਹਾਂ ਦੁਨੀਆਂ ਦੇ ਪਦਾਰਥਾਂ ਦੀ ਖ਼ਾਤਰ) ਮੈਨੂੰ ਪਰਾਏ ਬੂਹੇ 'ਤੇ ਬੈਠਣ ਨਾਂ ਦੇਈਂ। ਪਰ, ਜੇ ਤੂੰ ਇਸ ਤਰ੍ਹਾਂ ਰੱਖਣਾ ਹੈ (ਭਾਵ ਜੇ ਤੂੰ ਮੈਨੂੰ ਦੂਜਿਆਂ ਦਾ ਮੁਥਾਜ ਬਣਾਨਾ ਹੈ) ਤਾਂ ਮੇਰੇ ਸਰੀਰ ਵਿੱਚੋਂ ਜਿੰਦ ਕੱਢ ਲੈ।

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਮ:੧, ੧੪੨)

ਨਿਰਸੰਦੇਹ, ਅਜਿਹਾ ਅਣਖੀ ਤੇ ਗ਼ੈਰਤ ਵਾਲਾ ਜੀਵਨ ਗੁਰਮਤਿ ਫ਼ਲਸਫ਼ੇ ਦੇ

ਮੀਰੀ-ਪੀਰੀ ਦੇ ਬੁਨਿਆਦੀ ਸਿਧਾਂਤ ਦੀ ਅਮਲੀ ਤੌਰ 'ਤੇ ਪਾਲਣਾ ਕਰਨ ਨਾਲ ਹੀ ਜੀਵਿਆ ਜਾ ਸਕਦਾ ਹੈ। ਇਸੇ ਗੁਰਮਤਿ ਸਿਧਾਂਤ ਨੂੰ ਸਥੂਲ ਰੂਪ ਵਿੱਚ ਪੇਸ਼ ਕਰਨ ਲਈ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਨਮੁੱਖ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਪੁਰਖੁ ਦਾ ਤਖ਼ਤ) ਨੂੰ 1608-09 ਵਿੱਚ ਪਰਗਟ ਕੀਤਾ ਸੀ ਜਿਸ ਦਾ ਇੱਕ ਸਪੱਸ਼ਟ ਸੰਕੇਤ ਸੀ ਕਿ ਗੁਰੂ ਨਾਨਕ ਸਾਹਿਬ ਵੱਲੋਂ 1478 ਵਿੱਚ ਅਰੰਭ ਕੀਤੇ ਲਾਸਾਨੀ (ਸਦੀਵਕਾਲੀ) ਇਨਕਲਾਬ ਅਧੀਨ ਸਿੱਖ ਕੌਮ, ਰੱਬੀ ਰਾਜ ਅਧੀਨ, ਇੱਕ ਸੁਤੰਤ੍ਰ ਅਤੇ ਪ੍ਰਭੂ-ਸੱਤਾ ਸੰਪੰਨ ਸੰਪੂਰਨ ਕੌਮ ਹੈ ਜਿਸ ਦਾ ਆਪਣਾ ਸੁਤੰਤ੍ਰ ਨਿਸ਼ਾਨ (ਖ਼ਾਲਸਈ ਪਰਚਮ), ਸੁਤੰਤ੍ਰ ਕਾਨੂੰਨ-ਪ੍ਰਣਾਲੀ (ਗੁਰਮਤਿ ਸਿਧਾਂਤਾਂ ਦੇ ਅਨੁਕੂਲ) ਅਤੇ ਸੁਤੰਤ੍ਰ ਗੁਰਮਤਿ ਸਭਿਆਚਾਰ ਹੈ। ਅੱਜ ਇਹ ਵੀ ਇੱਕ ਹਕੀਕਤ ਹੈ ਕਿ ਵਿਸ਼ਵ-ਪੱਧਰੀ ਤੇ ਸਦੀਵਕਾਲੀ ਰੱਬੀ-ਰਾਜ (ਹਲੇਮੀ ਰਾਜ) ਕੇਵਲ ਅਤੇ ਕੇਵਲ ਅਜਿਹੇ ਸਰਬ-ਸਾਂਝੇ ਫ਼ਲਸਫ਼ੇ ਅਧੀਨ ਹੀ ਸਥਾਪਤ ਕੀਤਾ ਜਾ ਸਕੇਗਾ - ਇੱਕ ਅਜਿਹਾ ਸਮਾਜ-ਪ੍ਰਬੰਧ ਜਿਸ ਵਿੱਚ ਪ੍ਰਭੂ-ਪਿਤਾ ਦੀ ਹਕੂਮਤ ਅਧੀਨ, ਅਲੱਗ-ਅਲੱਗ ਫ਼ੈਡਰਲ ਪ੍ਰਬੰਧਕੀ ਇਕਾਈਆਂ (ਪਿੰਡ ਪੱਧਰ ਤੋਂ ਰਾਸ਼ਟਰ ਪੱਧਰ ਤੱਕ) ਹੱਕ, ਸੱਚ ਤੇ ਇਨਸਾਫ਼ ਦੇ ਕੁਦਰਤੀ ਨਿਯਮਾਂ ਦੀ ਰਾਖੀ ਕਰਦੀਆਂ ਹੋਈਆਂ ਮਨੁੱਖ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਸੂਲ ਨੂੰ ਅਮਲੀ ਤੌਰ 'ਤੇ ਅਪਣਾ ਕੇ ਇੱਕ ਆਦਰਸ਼ਕ ਪ੍ਰਸਪਰ ਪ੍ਰੇਮ ਦੀਆਂ ਪਰਉਪਕਾਰੀ ਸਾਂਝਾਂ ਵਾਲੇ ਵਿਸ਼ਵ-ਪੱਧਰੀ ਭਾਈਚਾਰੇ ਨੂੰ ਹੋਂਦ ਵਿੱਚ ਲਿਆ ਕੇ ਇਸ ਧਰਤੀ 'ਤੇ ਹੀ ਸਵਰਗ ਦਾ ਨਮੂਨਾ ਪੇਸ਼ ਕਰ ਸਕਣਗੀਆਂ।

ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਸੰਸਾਰ ਦੇ ਇਤਿਹਾਸ ਵਿੱਚ ਸਭ ਤੋਂ ਪਹਿਲਾਂ, ਮਈ 1710 ਵਿੱਚ, ਦਸਮੇਸ਼ ਪਿਤਾ ਜੀ ਦੇ ਥਾਪੇ ਸਿੱਖ ਕੌਮ ਦੇ ਜਰਨੈਲ ਬੰਦਾ ਸਿੰਘ ਬਹਾਦਰ ਨੇ ਭਾਰਤ ਵਿੱਚ ਕਰਨਾਲ ਅਤੇ ਲਾਹੌਰ ਦੇ ਵਿਚਕਾਰਲੇ ਛੇ ਸੂਬਿਆਂ ਵਿੱਚ, ਭਾਰਤ ਵਿੱਚਲੀ ਸ਼ਕਤੀਸ਼ਾਲੀ ਜ਼ਾਲਮ ਮੁਗ਼ਲ ਹਕੂਮਤ ਦੀਆਂ ਸਫ਼ਾਂ ਵਲ੍ਹੇਟ ਕੇ, ਰੱਬੀ-ਰਾਜ ਦਾ ਇੱਕ ਮਾਡਲ ਕਾਇਮ ਕਰ ਦਿੱਤਾ ਸੀ। (ਭਾਵੇਂ ਕਿ ਇਹ ਰਾਜ-ਪ੍ਰਬੰਧ ਬੰਦਾ ਸਿੰਘ ਬਹਾਦਰ ਦੀ ਹੋਈ ਦਰਦਨਾਕ ਸ਼ਹਾਦਤ ਨਾਲ ਜੂਨ 1716 ਵਿੱਚ ਤਹਿਸ-ਨਹਿਸ ਹੋ ਗਿਆ ਸੀ)।

ਸਰਬੱਤ ਦੇ ਭਲੇ ਲਈ ਸੁਝਾਅ

ਅੱਜ ਸਰਬੱਤ ਦੇ ਭਲੇ ਅਤੇ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਉਦੇਸ਼ ਨੂੰ ਮੁੱਖ ਰੱਖ ਕੇ ਇੱਕ ਵਿਸ਼ਵ-ਪੱਧਰੀ ਆਦਰਸ਼ਕ ਸਮਾਜ ਅਤੇ ਸਮਾਜ-ਪ੍ਰਬੰਧ ਦੀ ਸਿਰਜਨਾ ਕਰਨ ਲਈ ਸਿਰਤੋੜ ਯਤਨ ਕਰਨ ਦੀ ਲੋੜ ਹੈ। ਇਸ ਉਦੇਸ਼ ਦੀ ਪੂਰਤੀ ਲਈ ਅਨੇਕਾਂ ਹੀ ਸਥਾਨਕ ਅਤੇ ਵਿਸ਼ਵ-ਪੱਧਰੀ ਚੁਣੌਤੀਆਂ ਦਾ ਦ੍ਰਿੜਤਾ ਨਾਲ ਟਾਕਰਾ ਕਰਨਾ ਪਵੇਗਾ। ਲੇਖਕ ਦਾ ਦ੍ਰਿੜ ਵਿਸ਼ਵਾਸ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਵਿਸ਼ਵ-ਪੱਧਰੀ ਰੱਬੀ-ਰਾਜ (ਹਲੇਮੀ ਰਾਜ) ਸਥਾਪਤ ਕਰਨ ਲਈ ਅਰੰਭ ਕੀਤੀ ਇਨਕਲਾਬੀ ਲਹਿਰ ਨੂੰ ਪੁਨਰ-ਸੁਰਜੀਤ ਕਰ ਕੇ ਇਹ ਕਾਰਜ ਯਕੀਨਨ ਤੌਰ 'ਤੇ ਸਿਰੇ ਚਾੜ੍ਹਿਆ ਜਾ ਸਕਦਾ ਹੈ। ਸਿੱਖ

ਕੌਮ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਸਤਿਗੁਰਾਂ ਦੇ ਇਸ ਮਿਸ਼ਨ ਦੀ ਪ੍ਰਾਪਤੀ ਲਈ ਮਨੁੱਖਤਾ ਦੀ ਅਗੁਵਾਈ ਕਰੇ। ਵਰਤਮਾਨ ਸਿੱਖ ਲੀਡਰਸ਼ਿਪ (ਰਾਜਨੀਤਕ, ਧਾਰਮਿਕ ਤੇ ਸਮਾਜਕ), ਕਿਸੇ ਟਾਵੇਂ-ਟਾਵੇਂ ਹਰੇ ਬੂਟੇ ਤੋਂ ਇਲਾਵਾ, ਗੁਰੂ ਗ੍ਰੰਥ ਸਾਹਿਬ ਤੋਂ ਮੁਕੰਮਲ ਤੌਰ ’ਤੇ ਬੇ-ਮੁੱਖ ਹੋ ਚੁੱਕੀ ਹੈ। ਇਸ ਲਈ ਇਨ੍ਹਾਂ ਰਵਾਇਤੀ ਖ਼ੁਦਗਰਜ਼ ਲੀਡਰਾਂ ਵੱਲੋਂ ਕਿਸੇ ਉਸਾਰੂ ਯੋਗਦਾਨ ਦੀ ਉਮੀਦ ਰੱਖਣੀ ਸਿਰੇ ਦੀ ਮੂਰਖਤਾਈ ਹੋਵੇਗੀ। ਇਹ ਸੁਆਰਥੀ ਲੀਡਰ ਤਾਂ ਸਿੱਖ ਕੌਮ ਦੀਆਂ ਬੇੜੀਆਂ ਵਿੱਚ ਵੱਟੇ ਹੀ ਪਾਉਂਦੇ ਆ ਰਹੇ ਹਨ ਅਤੇ ਉਦੋਂ ਤੱਕ ਪਾਉਂਦੇ ਰਹਿਣਗੇ ਜਦੋਂ ਤੱਕ ਇਹ ਦਿਲੋਂ ਪਛਤਾਵਾ ਕਰ ਕੇ ਗੁਰੂ ਗ੍ਰੰਥ ਸਾਹਿਬ ਨੂੰ ਮੁਕੰਮਲ ਤੌਰ ’ਤੇ ਸਮਰਪਤ ਨਹੀਂ ਹੁੰਦੇ।

ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੀ ਇਨਕਲਾਬੀ ਲਹਿਰ ਨੂੰ ਪੁਨਰ-ਸੁਰਜੀਤ ਕਰਨ ਲਈ ਹੇਠ ਲਿਖੇ ਅਨੁਸਾਰ ਸੁਝਾਅ ਦਿੱਤੇ ਜਾ ਰਹੇ ਹਨ -

1. ਸਰਬ-ਸਾਂਝੇ ਗੁਰਮਤਿ ਫ਼ਲਸਫ਼ੇ ਦਾ ਵਿਸ਼ਵ-ਪੱਧਰੀ ਪ੍ਰਚਾਰ ਤੇ ਪਾਸਾਰ

ਅਲੱਗ-ਅਲੱਗ ਸੂਬਿਆਂ ਅਤੇ ਦੇਸ਼ਾਂ ਵਿੱਚ ਗੁਰਮਤਿ ਦਾ ਪ੍ਰਚਾਰ ਕਰ ਰਹੀਆਂ ਜਥੇਬੰਦੀਆਂ/ਸੰਸਥਾਵਾਂ/ਵਿਅਕਤੀ ਜਥੇਬੰਦ ਹੋ ਕੇ, ਮਲਟੀ-ਮੀਡੀਆ ਦੀ ਸੁਯੋਗ ਵਰਤੋਂ ਦੁਆਰਾ, ਗੁਰਮਤਿ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਲਈ ਤਨ, ਮਨ ਤੇ ਧਨ ਨਾਲ ਨਿੱਤਰ ਕੇ ਅੱਗੇ ਆਉਣ। ਇਨ੍ਹਾਂ ਸਾਰੀਆਂ ਇਕਾਈਆਂ ਵਿੱਚ ਆਪਸੀ ਤਾਲਮੇਲ ਬਣਾ ਕੇ ਰੱਖਣ ਲਈ ਰਾਸ਼ਟਰ (ਦੇਸ਼) ਪੱਧਰ ’ਤੇ ‘ਗੁਰਮਤਿ ਪ੍ਰਚਾਰ ਸਭਾਵਾਂ’ ਬਣਾਈਆਂ ਜਾਣ।

2. ਕੌਮੀ ਪਨੀਰੀ ਦੀ ਸੰਭਾਲ

ਸਿੱਖ ਕੌਮ ਨਾਲ ਸੰਬੰਧਤ ਸਕੂਲਾਂ, ਕਾਲਿਜਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿੱਚ ਨੈਤਿਕ ਸਿੱਖਿਆ, ਗੁਰ-ਇਤਿਹਾਸ, ਸਿੱਖ-ਇਤਿਹਾਸ ਅਤੇ ਗੁਰਮਤਿ-ਸਿਧਾਂਤ ਦੇ ਵਿਸ਼ੇ ਲਾਜ਼ਮੀ ਤੌਰ ’ਤੇ ਸ਼ਾਮਿਲ ਕੀਤੇ ਜਾਣ।

3. ਸਰਬੱਤ ਖ਼ਾਲਸਾ ਸੰਸਥਾ ਦੀ ਪੁਨਰ-ਸੁਰਜੀਤੀ

ਜਦੋਂ ਕੌਮ ਦਾ ਕਾਫ਼ੀ ਹਿੱਸਾ (ਕਤਰੀਬਨ 50%) ਗੁਰਮਤਿ ਸਿਧਾਂਤਾਂ ਦੇ ਸ਼ੁੱਧ ਪ੍ਰਚਾਰ ਦੁਆਰਾ ਜਾਗ ਪਵੇ ਤਾਂ ਸਾਰੀਆਂ ਕੌਮੀ ਜਥੇਬੰਦੀਆਂ/ਸੰਸਥਾਵਾਂ/ਵਿਦਵਾਨਾਂ ’ਤੇ ਆਧਾਰਤ ਸਿੱਖ ਵਸੋਂ ਵਾਲੇ ਸਾਰੇ ਦੇਸ਼ਾਂ ਵਿੱਚ ਕੇਂਦਰੀ ਸੈਮੀਨਾਰ ਕਰਵਾਏ ਜਾਣ, ਜਿਨ੍ਹਾਂ ਦਾ ਏਜੰਡਾ ਹੋਵੇ, **‘ਸਰਬੱਤ ਖ਼ਾਲਸਾ ਦੀ ਕੇਂਦਰੀ ਸੰਸਥਾ ਨੂੰ ਕਿਵੇਂ ਪੁਨਰ-ਸੁਰਜੀਤ ਕੀਤਾ ਜਾਵੇ ?’**

ਇਨ੍ਹਾਂ ਸਾਰੇ ਦੇਸ਼ਾਂ ਵਿੱਚ ਹੋਏ ਸੈਮੀਨਾਰਾਂ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਦੇ ਆਧਾਰ ’ਤੇ ਇੱਕ ਵਿਸ਼ਵ-ਪੱਧਰੀ ਖੁੱਲ੍ਹਾ ਸੈਮੀਨਾਰ ਕੀਤਾ ਜਾਵੇ ਜਿਸ ਵਿੱਚ ਸਰਬੱਤ ਖ਼ਾਲਸਾ ਦੀ ਪੁਨਰ-ਸੁਰਜੀਤੀ ਲਈ ਖੁੱਲ ਕੇ ਵਿਚਾਰਾਂ ਕੀਤੀਆਂ ਜਾਣ ਅਤੇ ਅੰਤ ਵਿੱਚ ਸਰਬੱਤ ਖ਼ਾਲਸਾ ਦਾ ਕੇਂਦਰੀ ਇਕੱਠ ਬਨਾਉਣ ਲਈ ਮਿਤੀ, ਸਮਾਂ ਤੇ ਸਥਾਨ ਐਲਾਨ

ਦਿੱਤੇ ਜਾਣ। ਉਪਰੰਤ ਸਰਬੱਤ ਖ਼ਾਲਸਾ ਦਾ ਇਕੱਠ ਬੁਲਾ ਕੇ ਕੌਮੀ ਜਥੇਬੰਦਕ ਸਿਸਟਮ ਬਣਾਉਂਣ ਲਈ ਗੁਰਮਤਿ ਸਿਧਾਂਤਾਂ ਦੇ ਆਧਾਰ 'ਤੇ ਫ਼ੈਸਲੇ ਲੈ ਲਏ ਜਾਣ। ਪ੍ਰਸਤਾਵਿਤ ਕੌਮੀ ਜਥੇਬੰਦਕ ਢਾਂਚੇ ਨੂੰ ਇੰਟਰਨੈੱਟ 'ਤੇ ਪਾ ਕੇ ਸਮੁੱਚੀ ਕੌਮ ਦੇ ਸੁਝਾਅ ਲੈ ਲਏ ਜਾਣ। ਇੰਜ ਪ੍ਰਾਪਤ ਹੋਏ ਸੁਝਾਵਾਂ ਨੂੰ ਇੰਟਰਨੈੱਟ 'ਤੇ ਪਾ ਕੇ ਸਮੁੱਚੀ ਕੌਮ ਦੀ ਪਰਵਾਨਗੀ ਲੈ ਲਈ ਜਾਵੇ। ਇਹ ਸਾਰੀ ਪ੍ਰਕਿਰਿਆ ਸਮਾਪਤ ਹੋਣ 'ਤੇ ਸਰਬੱਤ ਖ਼ਾਲਸਾ ਦਾ ਇਕੱਠ ਫਿਰ ਬੁਲਾ ਲਿਆ ਜਾਵੇ ਅਤੇ ਆਪ ਸਹਿਮਤੀ ਨਾਲ (ਗੁਰਮਤਿ-ਵਿਰੋਧੀ ਵੋਟ-ਵਿਧਾਨ ਅਨੁਸਾਰ ਨਹੀਂ) ਕੌਮੀ ਜਥੇਬੰਦਕ ਸਿਸਟਮ ਦੀ ਉਸਾਰੀ ਕਰ ਕੇ, ਜ਼ਮੀਨੀ ਪੱਧਰ ਤੇ ਲੋੜੀਂਦੀ ਕਾਰਵਾਈ ਅਰੰਭ ਕਰ ਦਿੱਤੀ ਜਾਵੇ। ਇਸ ਤਰ੍ਹਾਂ ਜਥੇਬੰਦ ਹੋ ਕੇ ਜਦੋਂ ਕੌਮ ਆਪਣੇ ਵਿਰਸੇ ਦੀ ਸੰਭਾਲ ਕਰਨ ਦੇ ਨਾਲ-ਨਾਲ ਸਤਿਗੁਰਾਂ ਦੇ ਇਲਾਹੀ ਮਿਸ਼ਨ ਦੀ ਪੂਰਤੀ ਵੱਲ ਵਧੇਗੀ ਤਾਂ ਮਾਨਵ-ਵਿਰੋਧੀ ਧਿਰਾਂ (ਜਿਨ੍ਹਾਂ ਦਾ ਜ਼ਿਕਰ ਇਸ ਲਿਖਤ ਵਿੱਚ ਮੋਟੇ ਤੌਰ 'ਤੇ ਕੀਤਾ ਜਾ ਚੁੱਕਾ ਹੈ) ਵੱਲੋਂ ਕੀਤੇ ਜਾ ਰਹੇ ਕੂੜ-ਪ੍ਰਚਾਰ ਅਤੇ ਸਾਜਿਸ਼ੀ ਕਾਰਵਾਈਆਂ ਨੂੰ ਠੱਲ ਪੈ ਜਾਵੇਗੀ ਕਿਉਂਕਿ ਸਤਿਗੁਰਾਂ ਦਾ ਫ਼ੁਰਮਾਣੁ ਹੈ -

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ (ਮ: ੩, ੯੫੩)


ਸਿੱਖ ਕੌਮ ਦਾ ਪ੍ਰਸਤਾਵਿਤ ਜਥੇਬੰਦਕ ਢਾਂਚਾ

ਲੇਖਕ ਵੱਲੋਂ ਕੌਮੀ ਜਥੇਬੰਦਕ ਸਿਸਟਮ ਦੀ ਰੂਪ-ਰੇਖਾ ਬਾਰੇ ਸੁਝਾਅ ਅੱਗੇ ਦਿੱਤੇ ਚਾਰਟ ਵਿੱਚ ਦਿੱਤਾ ਜਾ ਰਿਹਾ ਹੈ। ਜਦੋਂ ਸਿੱਖ ਕੌਮ ਗੁਰਮਤਿ ਫ਼ਲਸਫ਼ੇ ਦੀ ਰਹਿਨੁਮਾਈ ਅਧੀਨ (ਉਪਰੋਕਤ ਅਨੁਸਾਰ) ਜਥੇਬੰਦ ਹੋ ਕੇ, ਗੁਰੂ ਨਾਨਕ ਸਾਹਿਬ ਵੱਲੋਂ ਸਦੀਵਕਾਲੀ ਵਿਸ਼ਵ-ਪੱਧਰੀ ਰੱਬੀ-ਰਾਜ ਦੀ ਸਥਾਪਨਾ ਲਈ ਗੁਰਮਤਿ ਸਿਧਾਂਤਾਂ ਅਨੁਸਾਰ, ਜਦੋਜਹਿਦ ਕਰੇਗੀ ਤਾਂ ਸਮੁੱਚੇ ਸੰਸਾਰ ਵਿੱਚ ਮਾਨਵ-ਵਾਦੀ ਧਿਰਾਂ, ਆਪ-ਮੁਹਾਰੇ ਹੀ, ਇਸ ਨਾਲ ਸਹਿਯੋਗ ਕਰਨ ਲਈ ਮੈਦਾਨ ਵਿੱਚ ਨਿੱਤਰ ਪੈਣਗੀਆਂ ਕਿਉਂਕਿ ਅੱਜ ਮਨੁੱਖਤਾ ਦੇ ਪਾਸ ਗੁਰਮਤਿ ਫ਼ਲਸਫ਼ੇ ਦੇ ਹਾਣ ਦਾ ਹੋਰ ਕੋਈ ਮਾਨਵ-ਵਾਦੀ ਫ਼ਲਸਫ਼ਾ ਹੈ ਹੀ ਨਹੀਂ।

ਸਿੱਖ ਕੌਮ ਦਾ ਪ੍ਰਸਤਾਵਿਤ ਜਥੇਬੰਦਕ ਸਿਸਟਮ

ਲੇਖਕ ਵੱਲੋਂ ਕੌਮੀ ਜਥੇਬੰਦਕ ਸਿਸਟਮ ਦੀ ਰੂਪ ਰੇਖਾ ਬਾਰੇ ਸੁਝਾਅ, ਹੇਠ ਲਿਖੇ ਚਾਰਟ ਵਿੱਚ ਦਿੱਤਾ ਜਾ ਰਿਹਾ ਹੈ

ਸਿੱਖ ਕੌਮ ਦਾ ਪ੍ਰਸਤਾਵਤ ਜਥੇਬੰਦਕ ਸਿਸਟਮ



੬. ਚੁਣੌਤੀਆਂ

ਪਿਛਲੇ ਚੈਪਟਰ ਵਿੱਚ ਦਿੱਤੇ ਗਏ ਸੁਝਾਵਾਂ ਨੂੰ ਅਮਲੀ ਰੂਪ ਦੇਣ ਦੇ ਰਾਹ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਦਾ, ਗੁਰਮਤਿ ਸਿਧਾਂਤਾਂ ਦੀ ਲੋਅ ਅੰਦਰ, ਇਕੱਠੇ ਹੋ ਕੇ ਕੌਮੀ ਪੱਧਰ 'ਤੇ, ਦ੍ਰਿੜਤਾ ਨਾਲ ਸਾਹਮਣਾ ਕਰਨਾ ਪਵੇਗਾ। ਇਨ੍ਹਾਂ ਵਿੱਚੋਂ ਕੁੱਝ ਕੁ ਅਹਿਮ ਚੁਣੌਤੀਆਂ ਬਾਰੇ ਵਿਚਾਰ ਅੱਗੇ ਕੀਤਾ ਜਾ ਰਿਹਾ ਹੈ।

1. ਸਰਬ-ਸਾਂਝੇ ਗੁਰਮਤਿ ਫ਼ਲਸਫ਼ੇ ਦਾ ਵਿਸ਼ਵ-ਪੱਧਰੀ ਪ੍ਰਚਾਰ ਤੇ ਪਾਸਾਰ

ਇਹ ਇਕ ਇਤਿਹਾਸਕ ਸੱਚਾਈ ਹੈ ਕਿ ਕੁੱਝ ਇੱਕ ਖ਼ੁਦਗਰਜ਼ ਅਤੇ ਮਾਨਵ-ਵਿਰੋਧੀ ਧਿਰਾਂ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਸਰਬ-ਸਾਂਝੀ ਗੁਰਬਾਣੀ ਦੇ ਮਾਨਵ-ਵਾਦੀ ਅਤੇ ਕਲਿਆਣਕਾਰੀ ਫ਼ਲਸਫ਼ੇ ਦਾ ਵਿਉਂਤਬੰਦ ਸਾਜਿਸ਼ੀ ਢੰਗਾਂ ਨਾਲ ਵਿਰੋਧ ਕਰਦੀਆਂ ਆ ਰਹੀਆਂ ਹਨ ਕਿਉਂਕਿ ਇਹ ਧਿਰਾਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਜੇਕਰ ਗੁਰਬਾਣੀ-ਫ਼ਲਸਫ਼ੇ ਦੇ ਆਧਾਰ 'ਤੇ ਗੁਰੂ ਨਾਨਕ ਸਾਹਿਬ ਵਲੋਂ ਅਰੰਭ ਕੀਤੀ ਇਨਕਲਾਬੀ ਲਹਿਰ ਸੰਸਾਰ ਵਿੱਚ ਵੱਡੇ ਪੱਧਰ 'ਤੇ ਫੈਲ ਗਈ ਤਾਂ ਇਨ੍ਹਾਂ ਨੇ ਹੀਰੋ ਤੋਂ ਜ਼ੀਰੋ ਬਣ ਜਾਣਾ ਹੈ ਅਤੇ ਕੌਡੀਉਂ ਖੋਟੇ ਹੋ ਜਾਣਾ ਹੈ। ਇਨ੍ਹਾਂ ਧਿਰਾਂ ਵਿੱਚ ਸ਼ਾਮਲ ਹਨ -

(ੳ) ਖ਼ੁਦਗਰਜ਼ ਰਾਜਨੀਤਕ ਆਗੂ।

(ਅ) ਰੱਬ ਦੀ ਹੋਂਦ ਤੋਂ ਮੁਨੱਕਰ ਨਾਸਤਕ ਸੰਗਠਨ/ਵਿਅਕਤੀ।

(ੲ) ਜਾਤ-ਪਾਤੀ ਵਰਨ-ਆਸ਼ਰਮ ਸਮਾਜ ਪ੍ਰਬੰਧ ਨੂੰ ਮਾਨਤਾ ਦੇਣ ਵਾਲੇ ਸੰਗਠਨ/ਵਿਅਕਤੀ।

(ਸ) ਫ਼ਿਰਕਾ-ਪ੍ਰਸਤ ਤੇ ਫ਼ਾਸ਼ੀ ਧਿਰਾਂ।

(ਹ) ਖ਼ੁਦਗਰਜ਼ ਮਾਇਆਧਾਰੀ।

(ਕ) ਸਮਾਜ ਵਿੱਚ ਕਈ ਭਾਂਤ ਦੀਆਂ ਵੰਡੀਆਂ ਪਾ ਕੇ ਆਪਣੀ ਚੌਧਰ ਚਮਕਾਉਂਣ ਵਾਲੇ।

(ਖ) ਸਮਾਜ ਵਿੱਚ ਧਰਮ ਦੇ ਨਾਂ 'ਤੇ ਵੰਡੀਆਂ ਪਾ ਕੇ ਕਿਸੇ ਵਿਸ਼ੇਸ਼ ਮਜ਼੍ਹਬ ਨੂੰ ਧੱਕੇ ਨਾਲ, ਸਮਾਜ 'ਤੇ ਥੋਪਨ ਵਾਲੇ ਸੰਗਠਨ।

(ਗ) ਕਾਦਰ ਦੀ ਕੁਦਰਤਿ ਦੀ ਸਿਰਫ਼ ਅੱਧ-ਪਚੱਧੀ (ਸਤੱਈ ਪੱਧਰ ਦੀ) ਜਾਣਕਾਰੀ

ਰੱਖਣ ਵਾਲੇ ਪੈਗ਼ੰਬਰੀ ਮਜ਼੍ਹਬਾਂ ਦੇ ਫ਼ਲਸਫ਼ਿਆਂ ਵਿੱਚਲੇ ਮਾਨਵ-ਵਿਰੋਧੀ (ਗ਼ੈਰ-ਕੁਦਰਤੀ) ਅੰਸ਼।

(ਘ) ਅਨਮੱਤਾਂ ਦੇ ਈਰਖਾਲੂ ਪ੍ਰਚਾਰਕ।

(ਙ) ਸਮਾਜ ਨੂੰ ਵਹਿਮਾਂ-ਭਰਮਾਂ, ਟੂਣੇ-ਟਾਮਣਾਂ, ਧਾਗੇ-ਤਵੀਜਾਂ ਦੇ ਜਾਲ ਵਿੱਚ ਫਸਾ ਕੇ ਆਪਣਾ ਉੱਲੂ ਸਿੱਧਾ ਕਰਨ ਵਾਲੇ 'ਕਰਾਮਾਤੀ ਬਾਬੇ'।

(ਚ) 'ਦੇਹਧਾਰੀ ਗੁਰੂ-ਡੰਮ' ਨੂੰ ਪ੍ਰਚਾਰਨ ਵਾਲੇ ਸ਼ਾਤਰ ਤੇ ਨਕਲੀ ਸੰਤ-ਬਾਬੇ ਤੇ ਡੇਰੇਦਾਰ।

ਅੱਜ ਇਹ ਵੀ ਇੱਕ ਅਤਿ ਦੁਖਦਾਈ ਹਕੀਕਤ ਹੈ ਕਿ ਪਿਛਲੀਆਂ ਤਕਰੀਬਨ ਢਾਈ ਸਦੀਆਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਟੁੱਟੀ ਆ ਰਹੀ ਸਿੱਖ ਕੌਮ ਵੀ ਧੜੇਬੰਦੀਆਂ ਦਾ ਸ਼ਿਕਾਰ ਹੋ ਕੇ ਖੇਰੂੰ-ਖੇਰੂੰ ਹੋਈ ਪਈ ਹੈ। ਇਥੇ ਹੀ ਬੱਸ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦਾ ਪ੍ਰਚਾਰ/ਪਾਸਾਰ ਕਰਨ ਦਾ ਦਾਅਵਾ ਕਰਨ ਵਾਲਿਆਂ ਵਿੱਚ ਵੀ ਕੁੱਝ ਕੁ ਬੁਨਿਆਦੀ ਗੁਰਮਤਿ ਸਿਧਾਂਤਾਂ ਬਾਰੇ ਡੂੰਘੇ ਮੱਤ-ਭੇਦ ਹਨ। ਗੁਰਮਤਿ ਸਿਧਾਂਤਾਂ ਦਾ ਵਿਸ਼ਵ-ਪੱਧਰੀ ਪ੍ਰਚਾਰ/ਪਾਸਾਰ ਕਰਨ ਲਈ, ਇਨ੍ਹਾਂ ਆਪਸੀ ਮੱਤਭੇਦਾਂ ਨੂੰ, ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਵੱਲੋਂ ਅੰਕਿਤ ਕੀਤੀ ਵਿਧੀ ਨਾਲ ਖਤਮ ਕਰਨਾ, ਸਭ ਤੋਂ ਪਹਿਲੀ ਜ਼ਰੂਰਤ ਹੈ। ਇਸ ਵਿਧੀ ਬਾਰੇ ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਹੋਇ ਇਕਤ੍ਰ ਮਿਲਹੁ ਮੇਰੇ ਭਾਈ   ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ   ਗੁਰਮੁਖਿ ਬੈਸਹੁ ਸਫਾ ਵਿਛਾਇ॥ (ਮ:੫, ੧੧੮੫)

ਪਦਅਰਥ : ਹੋਇ ਇਕਤ੍ਰ- (ਸਾਧ ਸੰਗਤ ਵਿੱਚ) ਇਕੱਠੇ ਹੋ ਕੇ। ਭਾਈ-ਹੇ ਭਾਈ! ਦੁਬਿਧਾ-ਵਿਤਕਰੇ, ਮੱਤਭੇਦ, ਮੇਰ-ਤੇਰ। ਲਿਵ ਲਾਇ-(ਪ੍ਰਭੂ ਚਰਨਾਂ ਵਿੱਚ) ਸੁਰਤੀ ਜੋੜ ਕੇ (ਧੜੇਬੰਦੀਆਂ ਤੋਂ ਉੱਪਰ ਉੱਠ ਕੇ)। ਜੋੜੀ-ਜੋਟੀਦਾਰ, ਸਾਥੀ। ਹੋਵਹੁ ਜੋੜੀ-ਸਾਥੀ ਬਣ ਕੇ। ਹਰਿ ਨਾਮੈ ਕੇ ਜੋੜੀ-ਗੁਰਮਤਿ ਸਿਧਾਂਤਾਂ ਦੀ ਲੋਅ ਵਿੱਚ ਭਰਾ-ਭਰਾ ਬਣ ਕੇ। ਗੁਰਮੁਖਿ-ਗੁਰੂ ਦੀ ਸ਼ਰਨ ਪੈ ਕੇ। ਸਫਾਂ ਵਿਛਾਇ-ਮਿਲ ਕੇ ਬੈਠਣ ਲਈ, ਪਰਾਲੀ, ਦਰੀ, ਚਾਦਰ ਆਦਿ ਵਿਛਾ ਕੇ। ਬੈਸਹੁ-ਬੈਠੋ।

ਭਾਵ : ਹੇ ਮੇਰੇ ਵੀਰ! ਆਪਸੀ ਮੱਤਭੇਦ, ਵਿਤਕਰੇ ਤੇ ਮੇਰ-ਤੇਰ ਮਿਟਾਉਂਣ ਲਈ, ਇਕੱਠੇ ਹੋ ਕੇ ਸਾਧ ਸੰਗਤ ਦੇ ਰੂਪ ਵਿੱਚ ਬੈਠਿਆ ਕਰੋ। (ਉੱਥੇ ਪ੍ਰਭੂ-ਚਰਨਾਂ ਵਿੱਚ ਸੁਰਤਿ ਜੋੜ ਕੇ) ਆਪਣੇ ਮਨ ਵਿੱਚੋਂ ਮੇਰ-ਤੇਰ ਮਿਟਾਇਆ ਕਰੋ (ਭਾਵ, ਸ਼ਬਦ-ਗੁਰੂ ਨੂੰ ਆਪਾ ਸਮਰਪਣ ਕਰ ਕੇ ਸ਼ਬਦ-ਗੁਰੂ ਦੇ ਸਿਧਾਂਤਾਂ ਦੀ ਲੋਅ ਵਿੱਚ ਵਿਚਾਰ-ਵਟਾਂਦਰੇ ਕਰ ਕੇ ਆਪਸੀ ਮੱਤਭੇਦ ਨੂੰ ਦੂਰ ਕਰਿਆ ਕਰੋ)।

ਸਤਿਗੁਰਾਂ ਵੱਲੋਂ ਦ੍ਰਿੜ ਕਰਵਾਈ ਇਸ ਗੁਰਮਤਿ ਵਿਧੀ ਉੱਪਰ ਅਮਲ ਕਰਨ ਦੇ ਰਾਹ ਵਿੱਚ ਹੇਠ ਲਿਖੀਆਂ ਅਹਿਮ ਰੁਕਾਵਟਾਂ ਹਨ :-

(ੳ) ਦਸਮੇਸ਼ ਪਿਤਾ ਜੀ ਨੇ ਜੋਤੀ ਜੋਤਿ ਸਮਾਉਂਣ ਤੋਂ ਇਕ ਦਿਨ ਪਹਿਲਾਂ

ਅਕਤੂਬਰ 1708 ਵਿੱਚ, ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਨੂੰ, ਗੁਰੂ ਨਾਨਕ ਜੋਤਿ ਦੀ ਗੁਰਗੱਦੀ 'ਤੇ, ਸਦੀਵਕਾਲ ਲਈ ਸ਼ੁਸ਼ੋਭਤ ਕਰ ਕੇ ਇਸ ਭਾਵ ਦੇ ਬਚਨ ਕਹੇ ਸਨ ਕਿ -

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ।

ਪਰ, ਅੱਜ ਸਿੱਖ ਕੌਮ ਦੇ ਕੁੱਝ ਹਿੱਸੇ, ਦਸਮੇਸ਼ ਜੀ ਦੇ ਇਸ ਹੁਕਮ ਨੂੰ ਅੱਖੋਂ-ਪਰੋਖੇ ਕਰ ਕੇ, ਕੁੱਝ ਕੁ ਹੋਰ ਗ੍ਰੰਥਾਂ ਨੂੰ ਵੀ (ਰਾਸ਼ਟਰੀਆ ਸਵੈਮ ਸੇਵਕ ਸੰਘ ਦੀ ਸਾਜਿਸ਼ ਅਧੀਨ) 'ਗੁਰੂ' ਪਦ ਦੇ ਕੇ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਗੁਰੂ ਗ੍ਰੰਥ ਸਾਹਿਬ ਵਾਂਗੂੰ ਹੀ) ਪ੍ਰਕਾਸ਼ (?) ਕਰ ਕੇ, ਜਿੱਥੇ ਦਸਮੇਸ਼ ਪਿਤਾ ਜੀ ਦੇ ਹੁਕਮਾਂ ਦੀ ਘੋਰ ਉਲੰਘਣਾ ਕਰ ਰਹੇ ਹਨ, ਉੱਥੇ ਗੁਰੂ ਗ੍ਰੰਥ ਸਾਹਿਬ ਦੀ ਨਾ-ਕਾਬਲ-ਏ-ਬਰਦਾਸ਼ਤ ਤੌਹੀਨ ਵੀ ਕਰਦੇ ਆ ਰਹੇ ਹਨ। ਇਸ ਪ੍ਰਥਾਇ ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (ਮ:੩, ੬੪੬)

ਇਸ ਤਰ੍ਹਾਂ, ਇਹ ਗੁਰਮਤਿ ਦੇ ਇਸ ਮੁੱਢਲੇ ਸਿਧਾਂਤ ਨੂੰ ਵੀ ਚੈਲੰਜ ਕਰਦੇ ਆ ਰਹੇ ਹਨ।

(ਅ) ਕੌਮ ਦੇ ਇਹ ਹਿੱਸੇ ਆਪੋ-ਆਪਣੇ ਜਥਿਆਂ ਦੇ ਮੋਢੀ ਵੱਲੋਂ ਗੁਰਮਤਿ ਦੇ ਨਾਂ ਤੇ ਸਵੀਕਾਰ ਕਰ ਕੇ ਪ੍ਰਚਾਰੇ ਕੁੱਝ ਕੁ ਗੁਰਮਤਿ-ਵਿਰੋਧੀ ਵਿਚਾਰਾਂ ਨੂੰ (ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ 'ਤੇ ਪਰਖ ਕੇ ਰੱਦ ਕਰਨ) ਰੱਦ ਕਰਨ ਨੂੰ ਵੀ ਤਿਆਰ ਨਹੀਂ। ਆਪਣੇ ਇਸ ਪੱਖ ਦੀ ਹਮਾਇਤ ਵਿੱਚ ਇਹ ਅਕਸਰ ਇਹ ਦਲੀਲ ਦਿੰਦੇ ਹਨ ਕਿ, "ਭਾਈ! ਕੀ ਤੁਹਾਨੂੰ ਸਾਡੀ ਜਥੇਬੰਦੀ/ਸੰਸਥਾ ਦੇ ਮੋਢੀ ਦੀ ਨੀਅਤ 'ਤੇ ਕੋਈ ਸ਼ੱਕ ਹੈ ਅਤੇ ਕੀ ਤੁਸੀਂ ਉਨ੍ਹਾਂ ਤੋਂ ਵੀ ਜ਼ਿਆਦਾ ਗੁਰਮਤਿ ਸਿਧਾਂਤਾਂ ਦੇ ਧਾਰਨੀ ਹੋ?" ਲੇਖਕ ਵੱਲੋਂ ਇਨ੍ਹਾਂ ਵੀਰਾਂ/ਭੈਣਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੱਲ ਨਾਂ ਤਾਂ ਇਨ੍ਹਾਂ ਦੇ ਜਥਿਆਂ ਦੇ ਮੋਢੀਆਂ ਦੀ ਨੀਅਤ 'ਤੇ ਸ਼ੱਕ ਕਰਨ ਦੀ ਹੈ ਅਤੇ ਨਾ ਹੀ ਇਹ ਦਾਅਵਾ ਕਰਨ ਦੀ ਹੈ ਕਿ ਅਸੀਂ ਉਨ੍ਹਾਂ ਨਾਲੋਂ ਜ਼ਿਆਦਾ ਗੁਰਮਤਿ ਸਿਧਾਂਤਾਂ ਦੇ ਧਾਰਨੀ ਹਾਂ। ਨਹੀਂ, ਅਜਿਹੀ ਕੋਈ ਗੱਲ ਹੀ ਨਹੀਂ ਹੈ। ਗੱਲ ਤਾਂ ਕੇਵਲ ਅਤੇ ਕੇਵਲ ਇਤਨੀ ਕੁ ਹੀ ਹੈ ਕਿ ਸ਼ਬਦ-ਗੁਰੂ ਦੇ ਅੱਟਲ ਫ਼ੁਰਮਾਣੁ ਅਨੁਸਾਰ, ਕਰਤਾ ਪੁਰਖੁ ਅਤੇ ਕਰਤਾ ਪੁਰਖੁ ਦੀ ਸੰਪੂਰਨ 'ਗੁਰੂ ਜੋਤਿ' ਰੂਪ ਸਤਿਗੁਰਾਂ (ਗੁਰੂ ਨਾਨਕ ਜੋਤਿ ਦੇ ਗੁਰੂ-ਜਾਮੇਂ) ਤੋਂ ਇਲਾਵਾ, ਹੋਰ ਹਰ ਕੋਈ ਭੁੱਲਣਹਾਰ ਹੈ (ਯਾਨੀ ਕਿ ਗ਼ਲਤੀਆਂ ਕਰ ਸਕਦਾ ਹੈ) -

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (ਮ:੧, ੬੧)

ਜੇਕਰ ਇਹ ਜਥੇਬੰਦੀਆਂ/ਸੰਸਥਾਵਾਂ ਉਪਰ ਵਰਣਨ ਕੀਤੇ ਗੁਰਮਤਿ ਸਿਧਾਂਤ ਦੀ ਰੌਸ਼ਨੀ ਅੰਦਰ ਆਪਸੀ ਵਿਚਾਰ-ਵਟਾਂਦਰਾ ਕਰਨ ਤਾਂ ਇਨ੍ਹਾਂ ਮੱਤਭੇਦਾਂ ਨੂੰ ਸਹਿਜੇ ਹੀ ਦੂਰ ਕੀਤਾ ਜਾ ਸਕਦਾ ਹੈ। ਪਰ, **ਸਮੱਸਿਆ ਇਹ ਹੈ ਕਿ ਇਨ੍ਹਾਂ ਜਥਿਆਂ/ਸੰਸਥਾਵਾਂ ਨਾਲ**

ਜੁੜੇ ਹੋਏ ਕੁੱਝ ਕੁ ਆਗੂ ਸ਼ਬਦ-ਗੁਰੂ ਦੇ ਇਨ੍ਹਾਂ ਗੁਰਮਤਿ ਸਿਧਾਂਤਾਂ ਨੂੰ ਵੀ ਮੰਨਣ ਨੂੰ ਤਿਆਰ ਨਹੀਂ ਅਤੇ ਆਪਣੀ 'ਮੈਂ ਨਾ ਮਾਨੂੰ' ਵਾਲੀ ਜ਼ਿੱਦ ਨੂੰ ਕਿਸੇ ਵੀ ਕੀਮਤ 'ਤੇ ਛੱਡਣ ਨੂੰ ਤਿਆਰ ਨਹੀਂ। ਅਜਿਹੇ ਵਾਤਾਵਰਣ ਵਿੱਚ ਜੇਕਰ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨ ਦੇ ਯਤਨ ਵੀ ਕੀਤੇ ਜਾਣ ਤਾਂ ਨਤੀਜੇ ਸਾਰਥਕ ਨਿਕਲਣ ਦੀ ਬਜਾਏ, ਫਿੱਕੇ ਤੇ ਕੌੜੇ ਬੋਲ, ਬੋਲ ਕੇ, ਮੱਤ-ਭੇਦ ਸਗੋਂ ਹੋਰ ਵੀ ਗਹਿਰੇ ਹੋ ਜਾਣ ਦੀ ਸੰਭਾਵਨਾ ਹੈ। ਫਿਰ ਕੀ ਕੀਤਾ ਜਾਵੇ ? **ਗੱਲ ਬੜੀ ਸਧਾਰਨ ਤੇ ਸਾਫ਼ ਹੈ ਕਿ ਇਹ ਵੀਰ/ਭੈਣਾਂ ਜਾਂ ਤਾਂ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਬਣ ਜਾਣ ਤੇ ਜਾਂ ਫਿਰ ਆਪੋ-ਆਪਣੀ ਜਥੇਬੰਦੀ ਦੇ ਮੋਢੀ ਨੂੰ ਗੁਰੂ ਸਾਹਿਬਾਨ ਨਾਲੋਂ ਵੀ ਉੱਚੇ ਮੰਨ ਕੇ, ਗੁਰੂ ਨੂੰ ਬੇਦਾਵਾ ਦੇ ਦੇਣ ਦਾ ਖੁੱਲ੍ਹਾ ਐਲਾਨ ਕਰ ਦੇਣ; ਦੋ ਬੇੜੀਆਂ 'ਤੇ ਸਵਾਰ ਹੋ ਕੇ ਭਵਸਾਗਰ ਤੋਂ ਪਾਰ ਨਹੀਂ ਲੰਘਿਆ ਜਾਣਾ।** ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾਂ ਖਾਵੈ॥ (ਮ: ੩, ੬੦੧)

ਪਦਅਰਥ: ਸੋ-ਉਹ ਮਨੁੱਖ (ਮਰਦ ਤੇ ਨਾਰੀ)। ਸਖਾ-ਮਿੱਤਰ। ਬੰਧਪੁ-ਰਿਸ਼ਤੇਦਾਰ। ਜਿ-ਜਿਹੜਾ। ਭਾਣੈ-ਮਰਜ਼ੀ ਵਿੱਚ, ਮਰਜ਼ੀ ਅਨੁਸਾਰ। ਵਿਛੁੜਿ-ਵਿਛੁੜ ਕੇ।

ਭਾਵ : ਹੇ ਭਾਈ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੀ ਰਜ਼ਾ ਵਿੱਚ ਤੁਰਦਾ ਹੈ (ਯਾਨੀ ਕਿ, ਸ਼ਬਦ-ਗੁਰੂ ਦੇ ਉਪਦੇਸ਼ਾਂ ਅਨੁਸਾਰ ਜੀਵਨ ਜਿਉਂਦਾ ਹੈ)। ਪਰ, ਜਿਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੁਰਦਾ ਹੈ (ਜਾਂ ਆਪਣੀ ਜਥੇਬੰਦੀ/ਸੰਸਥਾ ਦੇ ਮੋਢੀ-ਮੁੱਖੀ ਦੀ ਗੁਰਮਤਿ-ਵਿਰੋਧੀ ਵਿਚਾਰਧਾਰਾ ਨੂੰ ਵੀ ਛੱਡਣ ਲਈ ਤਿਆਰ ਨਹੀਂ) ਉਹ ਪ੍ਰਭੂ ਤੋਂ ਵਿਛੁੜ ਕੇ (ਵਿਸ਼ੇ-ਵਿਕਾਰਾਂ ਦੀਆਂ ਚੋਟਾਂ ਸਹਿੰਦਾ ਹੋਇਆ) ਦੁੱਖ ਸਹਾਰਦਾ ਹੈ।

'ਸੌ ਹੱਥ ਰੱਸਾ, ਸਿਰ 'ਤੇ ਗੰਢ' ਦੀ ਕਹਾਵਤ ਅਨੁਸਾਰ, ਕੇਵਲ ਅਤੇ ਕੇਵਲ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਹੀ ਸਮੁੱਚੀ ਮਨੁੱਖਤਾ ਦੇ ਸਦੀਵਕਾਲੀ ਗੁਰੂ ਅਤੇ ਰਹਿਬਰ ਹਨ। ਜਦੋਂ ਸਿੱਖ ਕੌਮ ਵਿੱਚ ਪਈਆਂ ਧੜੇਬੰਦੀਆਂ ਦੇ ਆਗੂ ਇਸ ਬੁਨਿਆਦੀ ਗੁਰਮਤਿ ਸਿਧਾਂਤ ਨੂੰ ਮਨੋਂ ਸਵੀਕਾਰ ਕਰ ਕੇ ਆਪਣੇ ਅਮਲੀ ਜੀਵਨ ਵਿੱਚ ਧਾਰਨ ਕਰ ਲੈਣਗੇ, ਤਾਂ ਆਪਸੀ ਮੱਤ-ਭੇਦਾਂ ਨੂੰ ਬੜੀ ਆਸਾਨੀ ਨਾਲ ਦੂਰ ਕੀਤਾ ਜਾ ਸਕੇਗਾ। ਇਸ ਤੋਂ ਅਗਲਾ ਕਦਮ ਹੈ, ਸਮੁੱਚੀ ਕੌਮ, ਸ਼ਬਦ-ਗੁਰੂ ਦੀ ਰਹਿਨੁਮਾਈ ਹੇਠ ਇਕੱਠੀ ਹੋ ਕੇ, ਰਲ-ਮਿਲ ਕੇ, ਗੁਰਮਤਿ ਸਿਧਾਂਤਾਂ ਦਾ ਵਿਸ਼ਵ-ਪੱਧਰ 'ਤੇ (ਆਧੁਨਿਕ ਮੀਡੀਆ ਦਾ ਸੁਚੱਜਾ ਪ੍ਰਯੋਗ ਕਰ ਕੇ) ਪ੍ਰਚਾਰ ਤੇ ਪਾਸਾਰ ਕਰੇ, ਤਾਂ ਗੁਰਮਤਿ-ਵਿਰੋਧੀ ਧਿਰਾਂ (ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਜਾ ਚੁੱਕਾ ਹੈ) ਦੇ ਕੂੜ-ਪ੍ਰਚਾਰ ਅਤੇ ਮਾਨਵ-ਵਿਰੋਧੀ ਸਾਜਿਸ਼ੀ ਕਾਰਵਾਈਆਂ ਨੂੰ ਸਹਿਜੇ ਹੀ ਠੱਲ੍ਹ ਪੈ ਜਾਵੇਗੀ।

ਇਸੇ ਤਰ੍ਹਾਂ, ਪ੍ਰਚਾਰਕ ਵੀਰਾਂ/ਭੈਣਾਂ ਨੂੰ ਵੀ ਨਿਮਰਤਾ ਸਹਿਤ ਬੇਨਤੀ ਹੈ ਕਿ ਪ੍ਰਚਾਰ

ਦੌਰਾਨ ਵਿਚਾਰਾਂ ਦੀ ਪ੍ਰੋੜਤਾ ਲਈ ਹਵਾਲੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਵਿੱਚੋਂ ਹੀ ਦਿੱਤੇ ਜਾਣ। ਗੁਰਬਾਣੀ ਦੇ ਸਿਧਾਂਤਾਂ ਦੀ ਵਧੇਰੇ ਵਿਆਖਿਆ ਕਰਨ ਲਈ (ਲੋੜ ਅਨੁਸਾਰ ਹਵਾਲੇ) ਭਾਈ ਗੁਰਦਾਸ ਜੀ ਦੀ ਰਚਨਾ (ਵਾਰਾਂ) ਵਿੱਚੋਂ ਜਾਂ ਭਾਈ ਨੰਦ ਲਾਲ ਜੀ ਦੀਆਂ ਪੰਥ-ਪਰਵਾਨਤ ਰਚਨਾਵਾਂ ਵਿੱਚੋਂ ਹੀ ਦਿੱਤੇ ਜਾਣ; ਹੋਰ ਕਿਸੇ ਗ੍ਰੰਥ ਜਾਂ 'ਸੰਤ-ਬਾਬੇ' ਦੇ ਬਚਨਾਂ ਨੂੰ ਪੰਥ ਪਰਵਾਨਤ ਹਵਾਲਿਆਂ ਵਜੋਂ ਨਾ ਵਰਤਿਆ ਜਾਵੇ। ਕਿਉਂਕਿ ਸ਼ਬਦ-ਗੁਰੂ ਦਾ ਫ਼ਲਸਫ਼ਾ ਸਮੁੱਚੀ ਮਨੁੱਖਤਾ ਦੇ ਭਲੇ ਲਈ ਪਰਗਟ ਹੋਇਆ ਹੈ, ਇਸ ਦਾ ਪ੍ਰਚਾਰ ਕੇਵਲ ਸਿੱਖ ਜਗਤ ਅੰਦਰ ਹੀ ਨਾ ਕੀਤਾ ਜਾਵੇ, ਬਲਕਿ ਸਮੁੱਚੇ ਮਨੁੱਖੀ ਸਮਾਜ ਵਿੱਚ ਕੀਤਾ ਜਾਵੇ। ਇਸ ਤੋਂ ਇਲਾਵਾ, ਇਸ ਸਰਬ-ਸਾਂਝੇ ਫ਼ਲਸਫ਼ੇ 'ਤੇ ਆਧਾਰਤ ਇਖ਼ਲਾਕੀ ਕਦਰਾਂ-ਕੀਮਤਾਂ ਦਾ ਪ੍ਰਚਾਰ ਸਕੂਲਾਂ/ਕਾਲਜਾਂ ਵਿੱਚ ਕੈਂਪਸ ਅਤੇ ਸੈਮੀਨਾਰਜ਼ ਕਰਵਾ ਕੇ ਵੀ, ਸਮੇਂ-ਸਮੇਂ ਸਿਰ, ਕੀਤਾ ਜਾਣਾ ਚਾਹੀਦਾ ਹੈ ਤਾ ਕਿ ਆਉਂਣ ਵਾਲੀਆਂ ਪੀੜ੍ਹੀਆਂ ਵੀ ਗੁਰਬਾਣੀ ਤੋਂ ਸੇਧਾਂ ਲੈ ਕੇ ਚੰਗੇ ਇਨਸਾਨ ਬਣਨ ਲਈ ਉੱਦਮ ਕਰ ਸਕਣ। ਇਸ ਪੱਖੋਂ ਸਿੱਖ ਕੌਮ ਹੁਣ ਤੱਕ (ਪਿਛਲੀਆਂ ਢਾਈ ਸਦੀਆਂ ਤੋਂ) ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਸੁਚੇਤ ਹੋਣ ਦੀ ਲੋੜ ਹੈ।

2. ਕੌਮੀ ਪਨੀਰੀ ਦੀ ਸੰਭਾਲ

ਕਿਸੇ ਕੌਮ ਦੇ ਬੱਚੇ/ਬੱਚੀਆਂ (ਨਿੱਕੇ ਬੱਚੇ ਤੇ ਨੌਜਵਾਨ ਵਰਗ), ਉਸ ਕੌਮ ਦੇ ਵਾਰਿਸ ਹੋਣ ਦੇ ਨਾਤੇ ਉਸ ਕੌਮ ਦੀ ਪਨੀਰੀ ਹੁੰਦੇ ਹਨ। ਜੇਕਰ ਪਨੀਰੀ ਹਰ ਪੱਖ ਤੋਂ ਸਿਹਤਮੰਦ, ਗਿਆਨਵਾਨ, ਸ਼ਰਧਾਵਾਨ, ਮਿਹਨਤੀ, ਦੂਰ-ਅੰਦੇਸ਼ ਅਤੇ ਸੁੱਚੇ ਕਿਰਦਾਰ ਦੀ ਧਾਰਨੀ ਹੋਵੇਗੀ ਤਾਂ ਹੀ ਉਹ ਕੌਮ ਵਿਕਾਸ ਕਰ ਕੇ, ਮਨੁੱਖਤਾ ਵਿੱਚ ਚੰਗੀਆਂ ਭਾਈਚਾਰਕ ਸਾਂਝਾਂ ਸਥਾਪਤ ਕਰ ਕੇ, ਸਰਬੱਤ ਦੇ ਭਲੇ ਦੇ ਗੁਰਮਤਿ ਸਿਧਾਂਤ ਦੀ ਪਾਲਣਾ ਕਰ ਕੇ, ਆਪਣੇ ਕੌਮੀ ਸਭਿਆਚਾਰ ਦਾ ਪਾਸਾਰ ਕਰ ਸਕੇਗੀ। ਇਸ ਕਰ ਕੇ ਸਮਝਦਾਰ ਅਤੇ ਦੂਰ-ਅੰਦੇਸ਼ ਕੌਮਾਂ ਆਪਣੀ ਕੌਮੀ ਪਨੀਰੀ ਦੀ ਸਰਬ-ਪੱਖੀ ਸੰਭਾਲ ਵੱਲ ਉਚੇਚਾ ਧਿਆਨ ਦਿੰਦੀਆਂ ਹਨ।

ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਹਨ ਅਤੇ ਸਿੱਖ ਕੌਮ ਦੇ ਸਰਬ-ਪੱਖੀ ਵਿਕਾਸ ਦਾ ਆਧਾਰ ਹੈ, ਰੱਬੀ ਰਜ਼ਾ ਅਨੁਸਾਰ ਪ੍ਰਗਟ ਹੋਈ, ਗੁਰੂ ਗ੍ਰੰਥ ਸਾਹਿਬ ਵਿੱਚ 'ੴ' ਲੈ ਕੇ 'ਤਨੁ ਮਨੁ ਥੀਵੈ ਹਰਿਆ' ਤੱਕ ਅੰਕਿਤ ਗੁਰਬਾਣੀ। ਸੰਨ 1469 ਤੋਂ ਲੈ ਕੇ ਤਕਰੀਬਨ ਸੰਨ 1765 ਤੱਕ, ਸਿੱਖ ਕੌਮ ਆਪਣੇ ਧੁਰੇ (ਸ਼ਬਦ-ਗੁਰੂ ਦੇ ਸਿਧਾਂਤ) ਨਾਲ ਜੁੜੀ ਰਹੀ। ਵਿਰੋਧੀਆਂ ਵੱਲੋਂ ਇਸ ਨੂੰ ਮਲੀਆਮੇਟ ਕਰਨ ਦੇ ਸਿਰਤੋੜ ਯਤਨਾਂ ਦੇ ਬਾ-ਵਜੂਦ, ਇਹ ਪ੍ਰਫੁੱਲਤ ਹੋ ਕੇ ਵਿਕਾਸ ਕਰਦੀ ਰਹੀ ਅਤੇ ਮਈ 1710 ਵਿੱਚ, ਦਸਮੇਸ਼ ਪਿਤਾ ਜੀ ਵੱਲੋਂ ਨਿਯੁਕਤ ਕੀਤੇ ਸਿੱਖ ਕੌਮ ਦੇ ਜਰਨੈਲ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ, ਕਰਨਾਲ ਤੇ ਲਾਹੌਰ ਦੇ ਵਿਚਕਾਰਲੇ ਛੇ ਸੂਬਿਆਂ ਵਿੱਚ ਰੱਬੀ-ਰਾਜ (ਖ਼ਾਲਸਾਈ ਹਲੇਮੀ ਰਾਜ) ਦਾ ਮਾਡਲ ਸਥਾਪਤ ਕਰਨ ਵਿੱਚ ਸਫ਼ਲ ਹੋਈ। ਭਾਰਤ ਵਿਚਲੀ ਤੱਤਕਾਲੀਨ ਸ਼ਕਤੀਸ਼ਾਲੀ ਜ਼ਾਲਮ ਮੁਗ਼ਲ ਹਕੂਮਤ (ਜਿਸ ਦੀ ਹਮਾਇਤ ਹਿਮਾਚਲ ਦੇ ਬਾਈਧਾਰ ਦੇ

ਰਾਜੇ ਤੇ ਰਾਜਪੂਤਾਨੇ ਦੇ ਮੁਗ਼ਲਾਂ ਨੂੰ ਆਪਣੀਆਂ ਧੀਆਂ ਦੇ ਡੋਲੇ ਦੇਣ ਵਾਲੇ ਰਾਜਪੂਤ ਰਾਜੇ ਵੀ ਕਰ ਰਹੇ ਸਨ) ਦੇ ਖ਼ਿਲਾਫ਼ ਰੱਬੀ-ਰਾਜ ਦਾ ਇਹ ਮਾਡਲ ਜ਼ਿਆਦਾ ਦੇਰ ਕਾਇਮ ਨਾ ਰੱਖਿਆ ਜਾ ਸਕਿਆ ਅਤੇ ਜੂਨ 1716 ਵਿੱਚ ਬੰਦਾ ਸਿੰਘ ਬਹਾਦਰ (ਅਤੇ ਉਸ ਦੇ ਸਾਰੇ ਸਿਰਕੱਢ ਸਾਥੀਆਂ) ਦੀ ਸ਼ਹਾਦਤ ਨਾਲ ਇਹ ਰਾਜ ਤਹਿਸ-ਨਹਿਸ ਹੋ ਗਿਆ। ਸਿੱਖ ਕੌਮ ਨੇ ਇੱਕ ਪਾਸੇ ਤਾਂ ਭਾਰਤ ਵਿਚਲੀ ਸ਼ਕਤੀਸ਼ਾਲੀ **ਜ਼ਾਲਮ ਮੁਗ਼ਲ ਹਕੂਮਤ ਤੇ ਦੂਜੇ ਪਾਸੇ ਜ਼ਰਵਾਣੇ ਵਿਦੇਸ਼ੀ ਹਮਲਾਵਰ ਤੇ ਲੁਟੇਰਿਆਂ (ਨਾਦਰਸ਼ਾਹ ਤੇ ਅਹਿਮਦਸ਼ਾਹ ਆਦਿ) ਦਾ, ਦ੍ਰਿੜਤਾ ਨਾਲ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇ ਕੇ, ਸਫ਼ਲਤਾ ਨਾਲ ਟਾਕਰਾ ਕੀਤਾ ਅਤੇ 1765 ਵਿੱਚ ਪੰਜਾਬ ਦੇ ਉੱਪਰ ਵਰਣਨ ਕੀਤੇ ਛੇ ਸੂਬਿਆਂ ਵਿੱਚ ਖ਼ਾਲਸਾ ਜੀ ਦਾ ਦਬ-ਦਬਾ ਬਹਾਲ ਕਰ ਕੇ 1716 ਵਿੱਚ ਗੁਆਚੇ ਖ਼ਾਲਸਾਈ ਹਲੇਮੀ ਰਾਜ ਦਾ ਨਾਨਕਸ਼ਾਹੀ ਸਿੱਕਾ ਤੇ ਮੁਹਰ ਦੁਬਾਰਾ ਜਾਰੀ ਕਰ ਦਿੱਤੇ। ਪਰ, ਉਸ ਵਕਤ ਤੱਕ, ਇਕ ਹੋਰ ਦੁਖਦਾਈ ਭਾਣਾ ਵਰਤ ਚੁੱਕਾ ਸੀ। ਆਪਣੀ ਕੌਮੀ ਪਨੀਰੀ ਦੀ ਸੰਭਾਲ ਵੱਲੋਂ ਅਵੇਸਲੀ ਹੋਈ ਸਿੱਖ ਕੌਮ ਦੀਆਂ ਉਹ ਪੀੜ੍ਹੀਆਂ, ਜਿਨ੍ਹਾਂ ਦੇ ਹੱਥ ਉਸ ਵਕਤ ਖ਼ਾਲਸਾ ਫ਼ੌਜ ਦੇ ਗਿਆਰਾਂ ਜਥਿਆਂ ਵਿੱਚੋਂ ਕੁੱਝ ਕੁ ਜਥਿਆਂ (ਮਿਸਲਾਂ) ਦੀ ਕਮਾਨ ਸੀ, ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੋਂ ਕਾਫ਼ੀ ਹੱਦ ਤੱਕ ਥਿੜਕ ਚੁੱਕੀਆਂ ਸਨ। ਇਸ ਲਾ-ਪਰਵਾਹੀ ਲਈ ਇਨ੍ਹਾਂ ਗੁਰਮਤਿ-ਵਿਹੂਣੀਆਂ ਪੀੜ੍ਹੀਆਂ ਦੇ ਪੁਰਖਿਆਂ (ਪਿਤਾ, ਮਾਤਾ, ਦਾਦਾ, ਦਾਦੀ) ਨੂੰ ਵੀ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਜਿਸ ਪਰਵਾਰ ਵਿੱਚ ਮਾਤਾ-ਪਿਤਾ ਤੇ ਬਜ਼ੁਰਗ ਗੁਰਮਤਿ ਸਿਧਾਂਤਾਂ ਦੀ ਦ੍ਰਿੜਤਾ ਨਲ ਪਾਲਣਾ ਕਰਦੇ ਹਨ, ਉਨ੍ਹਾਂ ਦੀ ਔਲਾਦ ਵੀ ਸੁਧੇ-ਸਿੱਧ ਹੀ, ਗੁਰਮਤਿ ਅਸੂਲਾਂ 'ਤੇ ਚੱਲਣ ਲੱਗ ਜਾਂਦੀ ਹੈ। ਨਤੀਜੇ ਵਜੋਂ, 1765 ਤੱਕ ਖ਼ਾਲਸਾ ਹਲੇਮੀ ਰਾਜ ਦੇ ਪੁਨਰ-ਗਠਨ ਲਈ ਆਜ਼ਾਦ ਕਰਵਾਏ ਜਾ ਚੁੱਕੇ ਇਲਾਕਿਆਂ ਨੂੰ ਇਕੱਠਿਆਂ ਕਰ ਕੇ, 1716 ਵਿੱਚ ਗੁਆਚੇ ਹਲੇਮੀ-ਰਾਜ ਦੇ ਮਾਡਲ ਨੂੰ ਬਹਾਲ ਕਰਨ ਦੀ ਬਜਾਏ, ਸਿੱਖ ਮਿਸਲਾਂ ਦੇ ਆਗੂ, ਆਪੋ-ਆਪਣੇ ਆਜ਼ਾਦ ਕਰਵਾਏ ਇਲਾਕਿਆਂ ਨੂੰ ਵਿਰਾਸਤ ਵਿੱਚ ਮਿਲੀਆਂ ਰਿਆਸਤਾਂ ਸਮਝ ਕੇ ਇਨ੍ਹਾਂ 'ਚ ਵਾਧਾ ਕਰਨ ਲਈ, ਇੱਕ-ਦੂਜੇ ਦੇ ਇਲਾਕੇ ਖੋਹਣ ਲਈ ਆਪਸੀ ਭਰਾ-ਮਾਰੂ ਜੰਗਾਂ ਵਿੱਚ ਹੀ ਉਲਝਦੇ ਚਲੇ ਗਏ। ਉਸ ਤੋਂ ਬਾਅਦ, ਅੱਜ ਤੱਕ ਸਿੱਖ ਕੌਮ ਸੰਸਾਰ ਵਿੱਚ ਪ੍ਰਫੁੱਲਤ ਹੋ ਕੇ ਵਿਕਾਸ ਕਰਨ ਦੀ ਬਜਾਏ ਦਿਨੋਂ-ਦਿਨ ਢਹਿੰਦੀਆਂ ਕਲਾਂ ਦੇ ਨਿਘਾਰ ਵੱਲ ਹੀ ਵਧਦੀ ਜਾ ਰਹੀ ਹੈ।**

ਅੱਜ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਸਿੱਖ ਕੌਮ ਦੀ ਪਨੀਰੀ ਨੂੰ ਸਿੱਖ ਕੌਮ ਦੇ ਅਖੌਤੀ ਆਗੂ (ਰਾਜਨੀਤਕ, ਧਾਰਮਿਕ ਤੇ ਸਮਾਜਕ ਆਗੂ) ਹੀ ਅਨਪੜ੍ਹ, ਨਸ਼ੇੜੀ, ਵਿਹਲੜ, ਬੇ-ਰੁਜ਼ਗਾਰ ਅਤੇ ਗ਼ੈਰ-ਸਿੱਖ ਕਿਰਦਾਰ ਦੇ ਧਾਰਨੀ ਬਣਾਉਣ ਲਈ, ਗੁਰਮਤਿ-ਵਿਰੋਧੀ ਧਿਰਾਂ ਦੇ ਕੁਲ੍ਹਾੜਿਆਂ ਦੇ ਦਸਤਿਆਂ ਦਾ ਰੋਲ ਅਦਾ ਕਰਦੇ ਆ ਰਹੇ

ਹਨ। ਯਾਨੀ ਕਿ, ਵਾੜ ਹੀ ਖੇਤ ਨੂੰ ਖਾਣ ਲੱਗੀ ਹੋਈ ਹੈ। ਸਿੱਖਿਆ, ਸਿਹਤ ਅਤੇ ਚੰਗਾ ਕੌਮੀ ਕਿਰਦਾਰ ਹੀ ਕਿਸੇ ਕੌਮ ਦੀ ਉਨਤੀ ਲਈ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ। ਪੰਜਾਬ ਦੀ ਪਾਵਨ ਧਰਤੀ (ਪੂਰਬੀ ਤੇ ਪੱਛਮੀ ਪੰਜਾਬ), ਬੇਈਮਾਨ ਸਿਆਸਤਦਾਨਾਂ ਨੇ, ਅਗੱਸਤ 1947 ਦੀ ਭਾਰਤ ਤੇ ਪਾਕਿਸਤਾਨ ਦੀ ਵੰਡ ਵੇਲੇ, ਦੋ ਟੁਕੜਿਆਂ 'ਚ ਵੰਡ ਦਿੱਤੀ। ਨਤੀਜੇ ਵਜੋਂ ਲੱਖਾਂ ਦੀ ਗਿਣਤੀ ਵਿੱਚ ਜਾਨੀ ਨੁਕਸਾਨ ਕਰਾ ਕੇ ਪੱਛਮੀ ਪੰਜਾਬ 'ਚੋਂ ਉੱਜੜ ਕੇ ਆਈ ਸਿੱਖ ਕੌਮ ਨੂੰ ਤੁਅੱਸਬੀ (ਮਨੂੰਵਾਦੀ) ਭਾਰਤੀ ਹਕੂਮਤ ਵੱਲੋਂ ਯੋਗ ਸਹਾਇਤਾ ਦੇਣ ਦੀ ਬਜਾਏ ਗਵਰਨਰ ਪੰਜਾਬ ਵਲੋਂ (ਕੇਂਦਰੀ ਸਰਕਾਰ ਦੇ ਇਸ਼ਾਰੇ 'ਤੇ) ਇੱਕ ਖ਼ੁਫ਼ੀਆ ਗਸ਼ਤੀ-ਪੱਤਰ ਜਾਰੀ ਕਰ ਕੇ ਸਮੁੱਚੀ ਸਿੱਖ ਕੌਮ ਨੂੰ ਇੱਕ ਜ਼ਰਾਇਮ-ਪੇਸ਼ਾ ਕੌਮ ਐਲਾਨ ਦਿੱਤਾ ਗਿਆ ਸੀ। ਇਹ ਗਸ਼ਤੀ-ਪੱਤਰ ਪੰਜਾਬ ਦੇ ਤੱਤਕਾਲੀਨ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਜਾਰੀ ਕੀਤਾ ਸੀ ਤੇ ਇਸ ਦੀ ਇਬਾਰਤ ਹੇਠਾਂ ਦਿੱਤੀ ਜਾ ਰਹੀ ਹੈ :-

"Sikhs as a community are lawless people and are a menace to the law-abiding Hindus in the province. Deputy commissioners should take special measures against them."

ਇਹ ਸੀ ਬਹਾਦਰ ਸਿੱਖ ਕੌਮ ਨੂੰ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੌਰਾਨ 80% ਤੋਂ ਵੀ ਵੱਧ ਕੁਰਬਾਨੀਆਂ ਦੇਣ ਦਾ ਪਹਿਲਾ 'ਇਨਾਮ'। ਹੁਣ ਤੱਕ ਦੇ, ਕੌਮ ਨੂੰ, ਕੇਂਦਰੀ ਸਰਕਾਰ ਵੱਲੋਂ ਦਿੱਤੇ ਗਏ ਅਜਿਹੇ 'ਇਨਾਮਾਂ' ਦੀ ਸੂਚੀ ਬਹੁਤ ਲੰਮੀ ਹੈ ਅਤੇ ਹਰ ਬੀਤ ਰਹੇ ਸਾਲ ਨਾਲ ਸਗੋਂ ਹੋਰ ਲੰਮੀ ਹੁੰਦੀ ਜਾ ਰਹੀ ਹੈ। ਸਦ ਅਫ਼ਸੋਸ!!

ਪੰਜਾਬ ਵਿੱਚ ਸਰਕਾਰੀ ਸਕੂਲਾਂ ਤੇ ਕਾਲਜਾਂ ਦਾ ਸਿਆਸੀ ਸਿੱਖ ਆਗੂਆਂ ਨੇ ਭੱਠਾ ਬਿਠਾ ਦਿੱਤਾ ਹੈ। ਅੱਠਵੀਂ ਜਮਾਤ ਤੱਕ ਕਿਸੇ ਵਿਦਿਆਰਥੀ ਨੂੰ ਵੀ ਫੇਲ੍ਹ ਨਾ ਕਰਨ ਦੀ ਸਰਕਾਰੀ ਨੀਤੀ ਲਾਗੂ ਕਰ ਕੇ ਬੱਚਿਆਂ ਨੂੰ ਵਿਦਿਆਹੀਣ ਬਣਾਇਆ ਜਾ ਰਿਹਾ ਹੈ। ਜਿਹੜੇ ਵਿਦਿਆਰਥੀ ਅੱਠਵੀਂ ਜਮਾਤ ਤੱਕ ਦਿਲ ਲਗਾ ਕੇ ਪੜ੍ਹਨ ਦੀ ਬਜਾਏ ਲਾਪਰਵਾਹੀ ਨਾਲ ਪੜ੍ਹਨਗੇ, ਕੀ ਉਹ ਅੱਗੇ ਪੜ੍ਹਾਈ ਕਰ ਵੀ ਸਕਣਗੇ? ਕੀ ਅਜਿਹੇ ਵਿਦਿਆਰਥੀ ਵਿਹਲੜ ਤੇ ਲੋਫ਼ਰ ਨਹੀਂ ਬਣਨਗੇ? ਇਥੇ ਹੀ ਬੱਸ ਨਹੀਂ। ਅੱਠਵੀਂ ਜਮਾਤ ਤੱਕ ਦੇ ਸਿਲੇਬਸ ਵਿੱਚ ਸਿੱਖ ਕੌਮ ਦੇ ਬਾਨੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਬਾਰੇ ਅਤੇ ਕੌਮ ਦੇ ਹੋਰ ਬਹੁਤ ਸਾਰੇ ਅਣਖ਼ੀ ਸੂਰਬੀਰਾਂ ਦੀਆਂ ਜੀਵਨੀਆਂ ਬਾਰੇ ਕੋਈ ਸਾਰਥਕ ਜਾਣਕਾਰੀ ਸ਼ਾਮਿਲ ਨਹੀਂ ਹੈ, ਭਾਵੇਂ ਕਿ ਝਾਂਸੀ ਦੀ ਰਾਣੀ, ਮਹਾਰਾਣਾ ਪ੍ਰਤਾਪ, ਸ਼ਿਵਾ ਜੀ ਮਰਹੱਟਾ ਅਤੇ ਹੋਰ ਗ਼ੈਰ-ਸਿੱਖ ਵਿਅਕਤੀਆਂ ਦੀਆਂ ਜੀਵਨੀਆਂ ਨੂੰ ਇਸ ਸਿਲੇਬਸ ਵਿੱਚ ਸ਼ਾਮਿਲ ਕੀਤਾ ਹੋਇਆ ਹੈ। ਇਸੇ ਤਰ੍ਹਾਂ ਹੀ, ਸਿੱਖ ਸਭਿਆਚਾਰ ਅਤੇ ਸਿੱਖ ਸਿਧਾਂਤ ਵੀ ਸਕੂਲੀ ਸਿਲੇਬਸ ਵਿੱਚੋਂ ਤਕਰੀਬਨ ਮਨਫ਼ੀ ਹੀ ਕੀਤਾ ਹੋਇਆ ਹੈ। ਨੌਵੀਂ-ਦਸਵੀਂ ਜਮਾਤ ਦੇ ਸਲੇਬਸ ਵਿੱਚ ਥੋੜ੍ਹਾ ਜਿਹਾ ਗੁਰ-ਇਤਿਹਾਸ ਤੇ ਸਿੱਖ-ਇਤਿਹਾਸ ਤਾਂ ਸ਼ਾਮਿਲ ਹੈ, ਪਰ, ਸਿੱਖ ਸਭਿਆਚਾਰ ਤੇ ਸਿੱਖ ਸਿਧਾਂਤ ਹਾਸ਼ੀਏ 'ਤੇ ਧੱਕੇ ਹੋਏ ਹਨ। ਬੱਚਿਆਂ ਦੇ ਕੋਮਲ ਅਤੇ

ਬੇਦਾਗ਼ ਮਨਾਂ 'ਤੇ ਜਿਹੋ-ਜਿਹੇ ਵਿਚਾਰਾਂ ਦੇ ਪ੍ਰਭਾਵ (ਸੰਸਕਾਰ) ਉੱਕਰੇ ਜਾਂਦੇ ਹਨ, ਉਹ ਸਾਰੀ ਉਮਰ ਉਨ੍ਹਾਂ ਦੇ ਕਿਰਦਾਰ ਦਾ ਅਟੁੱਟ ਅੰਗ ਬਣ ਜਾਇਆ ਕਰਦੇ ਹਨ। ਸਕੂਲਾਂ ਤੇ ਕਾਲਜਾਂ ਦਾ (ਆਮਤੌਰ 'ਤੇ) ਅਜਿਹਾ ਮਾਹੌਲ ਬਣਾ ਦਿੱਤਾ ਗਿਆ ਹੈ ਕਿ ਉਥੇ ਵਿਦਿਆ (ਦੁਨਿਆਵੀ ਤੇ ਅਧਿਆਤਮਿਕ) ਦੇ ਪੱਖੋਂ ਵਿਦਿਆਰਥੀ ਬਹੁਤ ਪੱਛੜ ਜਾਂਦੇ ਹਨ। ਪ੍ਰਾਈਵੇਟ ਸਕੂਲਾਂ ਦੇ ਖਰਚੇ ਗ਼ਰੀਬ ਤੇ ਮੱਧ-ਵਰਗੀ ਸਮਾਜਕ ਵਰਗ ਦੀ ਪਹੁੰਚ ਤੋਂ ਬਾਹਰ ਜਾ ਚੁੱਕੇ ਹਨ।

ਅੱਜ ਮੀਡੀਆ ਰਾਹੀਂ ਪ੍ਰਾਪਤ ਹੋ ਰਹੀਆਂ ਖ਼ਬਰਾਂ ਤੋਂ ਪਤਾ ਲਗਦਾ ਹੈ ਕਿ ਪੰਜਾਬ ਵਿੱਚ ਤਕਰੀਬਨ 40% ਨੌਜਵਾਨ (ਜਿਨ੍ਹਾਂ ਵਿੱਚ ਲੜਕੀਆਂ ਵੀ ਸ਼ਾਮਿਲ ਹਨ) ਨਸ਼ਿਆਂ ਦਾ ਸੇਵਨ ਕਰਦੇ ਹਨ ਅਤੇ ਇਸ ਸੂਬੇ ਵਿੱਚ ਹਜ਼ਾਰਾਂ ਕਰੋੜ ਦੇ ਨਸ਼ਿਆਂ ਦਾ ਅਵੈਧ ਵਪਾਰ ਹਰ ਸਾਲ ਹੋ ਰਿਹਾ ਹੈ। ਕੀ ਇਤਨੇ ਵੱਡੇ ਪੱਧਰ 'ਤੇ ਹੋ ਰਿਹਾ ਨਸ਼ਿਆਂ ਦਾ ਇਹ ਗ਼ੈਰ-ਕਾਨੂੰਨੀ ਵਪਾਰ ਰਾਜਨੀਤਕ, ਧਾਰਮਿਕ ਆਗੂਆਂ, ਪੁਲਿਸ ਦੇ ਉੱਚ ਅਧਿਕਾਰੀਆਂ ਅਤੇ ਨਸ਼ਿਆਂ ਦੇ ਤਸਕਰਾਂ (ਡਰੱਗ ਮਾਫ਼ੀਆ) ਦੀ ਮਿਲੀ-ਭੁਗਤ ਤੋਂ ਬਿਨਾਂ ਹੀ ਹੋ ਰਿਹਾ ਹੈ? ਹਰਗਿਜ਼ ਨਹੀਂ। ਪਬਲਿਕ ਦੇ ਅੱਖੀਂ ਘੱਟਾ ਪਾਉਂਣ ਲਈ ਸਰਕਾਰ ਨੇ ਨਸ਼ਾ-ਛਡਾਊ ਕੇਂਦਰ ਵੀ ਸਥਾਪਤ ਕੀਤੇ ਹੋਏ ਹਨ। ਜ਼ਾਬਤਾ ਪੂਰਾ ਕਰਨ ਲਈ ਅਮਲੀਆਂ ਨੂੰ ਫੜ ਕੇ ਕੇਂਦਰਾਂ ਵਿੱਚ ਨਸ਼ਾ-ਮੁਕਤ ਕਰਨ ਦੀ ਕਾਰਵਾਈ ਵੀ ਕੀਤੀ ਜਾਂਦੀ ਹੈ। ਪਰ, ਮਸਲੇ ਦੀ ਜੜ੍ਹ, (ਯਾਨੀ ਕਿ, ਉੱਪਰ ਵਰਣਨ ਕੀਤਾ ਡਰੱਗ ਮਾਫ਼ੀਆ) ਨੂੰ ਖ਼ਤਮ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਸ ਹਕੀਕਤ ਤੋਂ ਭਲਾ ਕੀ ਸਾਬਤ ਹੁੰਦਾ ਹੈ, ਅੰਦਾਜ਼ਾ ਲਾਉਣਾ ਔਖਾ ਨਹੀਂ। **ਅੱਜ-ਕਲ ਚਿੱਟਾ ਪਾਊਡਰ/ਭੂਰਾ ਪਾਊਡਰ ਦੇ ਨਾਮ ਨਾਲ ਜਾਣੇ ਜਾਂਦੇ ਇਹ ਅਤਿ ਮਹਿੰਗੇ (ਹਜ਼ਾਰਾਂ ਰੁਪਇਆਂ ਵਿੱਚ ਕੁੱਝ ਕੁ ਗਰਾਮ ਨਸ਼ਾ) ਨਾ-ਮੁਰਾਦ ਨਸ਼ੇ ਇਤਨੇ ਖ਼ਤਰਨਾਕ ਹਨ ਕਿ ਇਨ੍ਹਾਂ ਨੂੰ ਵਰਤਣ ਵਾਲਾ ਪ੍ਰਾਣੀ ਇਨ੍ਹਾਂ ਦੇ ਜੱਫੇ ਵਿੱਚ ਫਸ ਕੇ ਕੁੱਝ ਕੁ ਸਾਲਾਂ ਵਿੱਚ ਹੀ ਸੰਤਾਨ ਪੈਦਾ ਕਰਨ ਤੋਂ ਅਸਮਰੱਥ ਹੋ ਕੇ, ਸਰੀਰਕ ਤੇ ਮਾਨਸਿਕ ਪੱਖ ਤੋਂ ਸਮਾਜ ਅਤੇ ਸਬੰਧੀਆਂ 'ਤੇ ਬੇ-ਲੋੜਾ ਬੋਝ ਬਣ ਕੇ, ਮੌਤ ਦੇ ਮੂੰਹ ਵਿੱਚ ਜਾ ਡਿਗਦਾ ਹੈ ਅਤੇ ਪਿੱਛੇ ਰੋਂਦੇ-ਕੁਰਲਾਉਂਦੇ ਪਰਿਵਾਰ ਨੂੰ ਛੱਡ ਜਾਂਦਾ ਹੈ। ਅਸਲ ਵਿੱਚ ਇਹ ਕੌਮੀ ਪਨੀਰੀ ਦੀ ਨਸ਼ਿਆਂ ਦੁਆਰਾ ਨਸ਼ਲਕੁਸ਼ੀ ਹੈ ਜਿਸ ਵਿੱਚ ਭਾਗੀਦਾਰ ਕੌਮੀ ਪਨੀਰੀ/ਨੌਜਵਾਨੀ ਦੇ ਕਾਤਲ ਅਤੇ ਕੌਮ ਦੇ ਗ਼ੱਦਾਰ ਨਹੀਂ ਤਾਂ ਹੋਰ ਕੌਣ ਹਨ?** ਇਥੇ ਹੀ ਬੱਸ ਨਹੀਂ ਪੰਜਾਬ ਵਿੱਚ ਸਕੂਲਾਂ ਦੀ ਗਿਣਤੀ ਨਾਲੋਂ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਕਿਤੇ ਜ਼ਿਆਦਾ ਹੈ। ਕਈ ਪਿੰਡਾਂ ਵਿੱਚ ਤਾਂ ਪੰਚਾਇਤਾਂ ਵੱਲੋਂ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਬਾਰੇ ਮਤਿਆਂ ਦੇ ਪਾਸ ਹੋਣ ਦੇ ਬਾ-ਵਜੂਦ, ਪੁਲਿਸ ਦੇ ਡੰਡੇ ਦੇ ਜ਼ੋਰ ਨਾਲ ਸ਼ਰਾਬ ਦੇ ਠੇਕੇ ਖੁਲ੍ਹਵਾਏ ਜਾਂਦੇ ਹਨ। ਇਸ ਮਾਨਵ-ਵਿਰੋਧੀ ਕਾਰਵਾਈ ਨੂੰ ਠੀਕ ਠਹਿਰਾਉਣ ਲਈ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਨ੍ਹਾਂ ਠੇਕਿਆਂ ਦੀ ਨੀਲਾਮੀ ਤੋਂ ਸੂਬਾ ਸਰਕਾਰ ਦੇ ਖ਼ਜ਼ਾਨੇ ਵਿੱਚ ਬਹੁਤ ਸਾਰਾ ਧਨ ਜਮ੍ਹਾਂ ਹੁੰਦਾ ਹੈ, ਇਸ ਲਈ ਇਨ੍ਹਾਂ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਕੀ ਸਮਾਜ ਭਲਾਈ ਦੀਆਂ

ਟਾਹਰਾਂ ਮਾਰਨ ਵਾਲੀ ਅਤੇ 'ਰਾਜ ਨਹੀਂ, ਸੇਵਾ' ਦਾ ਨਾਅਰਾ ਲਗਾਉਂਣ ਵਾਲੀ ਸੂਬਾ ਸਰਕਾਰ ਨੂੰ ਇਹ ਗੱਲਾਂ ਸ਼ੋਭਾ ਦਿੰਦੀਆਂ ਹਨ? ਕੀ ਪੰਜਾਬ ਦੀ ਨੌਜਵਾਨੀ ਨੂੰ (ਸਮੇਤ ਅੱਧਖੜ ਅਤੇ ਕੁੱਝ ਕੁ ਬਜ਼ੁਰਗਾਂ ਦੇ) ਨਸ਼ੇੜੀ ਬਣਾ ਕੇ, ਵਿਹਲੜ ਤੇ ਲੋਫ਼ਰ ਬਣਾ ਕੇ, ਸਿਵਿਆਂ ਦੇ ਰਾਹ ਪਾਉਂਣ ਵਾਲੇ ਇਨ੍ਹਾਂ ਸਿਆਸੀ ਲੀਡਰਾਂ ਨੂੰ ਇਨਸਾਨ ਕਿਹਾ ਜਾਵੇ ਕਿ ਹੈਵਾਨ? ਅਸਲ ਵਿੱਚ, ਇਨ੍ਹਾਂ ਲਈ 'ਹੈਵਾਨ' (ਪਸ਼ੂ) ਸ਼ਬਦ ਦੀ ਵਰਤੋਂ ਕਰਨੀ ਪਸ਼ੂ ਸ਼੍ਰੇਣੀ ਦੀ ਤੌਹੀਨ ਹੈ, ਕਿਉਂਕਿ, ਪਸ਼ੂ ਤਾਂ ਘਾਹ-ਫੂਸ ਨਾਲ ਆਪਣਾ ਢਿੱਡ ਭਰ ਕੇ ਵੀ ਗੁਜ਼ਾਰਾ ਕਰ ਕੇ ਸਬਰ ਕਰ ਲੈਂਦੇ ਹਨ ਅਤੇ ਤ੍ਰਿਸ਼ਨਾ ਅਧੀਨ 'ਗ਼ੈਰ-ਪਸ਼ੂ ਕਾਰਵਾਈਆਂ' ਨਹੀਂ ਕਰਦੇ, ਪਰ, ਇਨ੍ਹਾਂ ਖ਼ੁਦਗਰਜ਼, ਤ੍ਰਿਸ਼ਨਾਲੂ ਅਤੇ ਹੰਕਾਰ ਨਾਲ ਆਫ਼ਰੇ ਹੋਏ ਲੀਡਰਾਂ ਦੀ ਡਿਕਸ਼ਨਰੀ ਵਿੱਚ ਸਬਰ-ਸੰਤੋਖ ਨਾਂ ਦੀ ਕੋਈ ਸ਼ੈਅ ਹੁੰਦੀ ਹੀ ਨਹੀਂ। ਇਥੇ ਹੀ ਬੱਸ ਨਹੀਂ। ਇਨ੍ਹਾਂ ਆਗੂਆਂ ਨੇ ਆਪਣੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਦਾ ਤਾਂ ਬਹੁਤ ਵਿਕਾਸ ਕਰ ਲਿਆ ਹੈ (ਆਰਥਿਕ ਪੱਖ ਤੋਂ) ਪਰ ਭਾਰਤ ਦੇ ਅੱਵਲ ਨੰਬਰ ਦੇ ਸੂਬੇ ਪੰਜਾਬ ਨੂੰ ਬਿਹਾਰ ਵਰਗਾ ਬਣਾ ਦਿੱਤਾ ਹੈ। ਪੰਜਾਬ ਦੀ ਟਰਾਂਸਪੋਰਟ ਤੇ ਵਪਾਰਕ ਅਦਾਰਿਆਂ 'ਤੇ ਹੀ ਇਨ੍ਹਾਂ ਨੇ ਕਬਜ਼ਾ ਨਹੀਂ ਜਮਾਇਆ ਹੋਇਆ ਬਲਕਿ ਰੇਤਾ ਤੇ ਬੱਜਰੀ ਆਦਿਕ ਆਮ ਵਰਤੋਂ ਦੀਆਂ ਚੀਜ਼ਾਂ ਨੂੰ ਵੀ ਗ਼ੈਰ-ਸਮਾਜਕ ਨੀਤੀਆਂ ਰਾਹੀਂ, ਆਪਣੇ ਹੱਥਾਂ ਵਿੱਚ ਕਰ ਕੇ, ਭ੍ਰਿਸ਼ਟਾਚਾਰ ਦੇ ਨਵੇਂ ਅਤੇ ਅਣਹੋਣੇ ਕੀਰਤੀਮਾਨ ਸਥਾਪਤ ਕਰ ਕੇ, ਆਮ ਪਬਲਕ ਦਾ ਜਿਊਂਣਾ ਮੁਹਾਲ ਕੀਤਾ ਹੋਇਆ ਹੈ। ਪਰਮੇਸ਼ਰ ਮਿਹਰ ਕਰੇ, ਸਭ ਨੂੰ ਸੁਮਤਿ ਬਖ਼ਸ਼ੇ! ਮਨੁੱਖ ਇਨਸਾਨ ਬਣ ਜਾਵੇ, ਹੈਵਾਨ ਜਾਂ ਸ਼ੈਤਾਨ ਨਾ ਬਣੇ!!

ਸੰਸਾਰ ਦੇ ਇਤਿਹਾਸ ਅੰਦਰ ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਪਾਲਣਾ ਕਰ ਕੇ ਤੁਰਨ ਵਾਲੀ ਲਾਸਾਨੀ ਤੇ ਅਣਖ਼ੀਲੀ ਸਿੱਖ ਕੌਮ ਦਾ ਜਨਮ ਸਾਂਝੇ ਪੰਜਾਬ (1947 ਤੋਂ ਪਹਿਲਾਂ ਵਾਲੇ ਪੰਜਾਬ) ਵਿੱਚ ਹੋਇਆ। ਗੁਰੂਆਂ ਦੀ ਚਰਨਛੋਹ ਨਾਲ ਪਵਿੱਤਰ ਹੋਈ ਪੰਜਾਬ ਦੀ ਧਰਤੀ ਨੇ, ਪੰਘੂੜੇ ਦਾ ਰੋਲ ਅਦਾ ਕਰਦਿਆਂ ਹੋਇਆਂ, ਸਿੱਖੀ ਦੇ ਬਚਪਨ ਨੂੰ ਗੁਰਮਤਿ ਦੀਆਂ ਲੋਰੀਆਂ ਸੁਣਾ ਕੇ ਵੱਡਾ ਕੀਤਾ, ਇਥੇ ਹੀ ਸਿੱਖੀ ਜਵਾਨ ਹੋਈ ਤੇ ਸਤਿਗੁਰਾਂ ਦੀਆਂ ਨਜ਼ਰਾਂ ਵਿੱਚ ਪਰਵਾਨ ਚੜ੍ਹੀ। ਜ਼ਿੰਦਗੀ ਦੇ ਇਸ ਅਮਲ ਦੌਰਾਨ, ਪ੍ਰਭੂ-ਪਿਤਾ ਦੀ ਰਜ਼ਾ ਅਨੁਸਾਰ, ਪਰਮੇਸ਼ਰ-ਸਰੂਪ ਗੁਰੂ ਜਾਮਿਆਂ ਅਤੇ ਰੱਬੀ ਭਗਤਾਂ ਦੀਆਂ ਸਾਂਈਂ ਨਾਲ ਇੱਕਸੁਰ ਹੋਈਆਂ ਰੂਹਾਂ ਦੀ ਮੁਬਾਰਕ ਰਸਨਾ ਰਾਹੀਂ, ਧੁਰ ਕੀ ਬਾਣੀ (ਗੁਰੂ ਗ੍ਰੰਥ ਸਾਹਿਬ) ਪਰਗਟ ਹੋਈ ਅਤੇ ਗੁਰਮਤਿ ਗਾਡੀਰਾਹ ਦੇ ਰਾਹੀਆਂ ਦੇ ਜੀਵਨ ਦਾ ਆਧਾਰ ਬਣੀ -

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥੬॥
ਜਿਉ ਮਛੁਲੀ ਵਿਣੁ ਪਾਣੀਐ ਰਹੈ ਨਾ ਕਿਤੈ ਉਪਾਇ ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿਨਾਮੈ ਮਰਿ ਜਾਇ ॥੭॥
ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥ (ਮ:੪, ੭੫੯)

ਪਦਅਰਥ : ਸਾਗਰੁ-ਸਮੁੰਦਰ। ਤਿਸੁ-ਉਸ (ਗੁਰੂ) ਨੂੰ। ਹਉ-ਮੈਂ। ਨ ਜੀਵਊ - (ਆਤਮਿਕ ਜੀਵਨ) ਜਿਊਂ ਨਹੀਂ ਸਕਦਾ। ਮਰਿ ਜਾਉ-ਮੇਰੀ ਆਤਮਕ ਮੌਤ ਹੋ ਜਾਂਦੀ ਹੈ। ਕਿਤੈ ਉਪਾਇ-ਕਿਸੇ ਭੀ ਯਤਨ ਨਾਲ। ਨ ਜੀਵਈ-ਨਾ ਜੀਵੈ, ਆਤਮਕ ਜੀਵਨ ਕਾਇਮ ਨਹੀਂ ਰੱਖ ਸਕਦਾ।੭॥

ਸੇਤੀ-ਨਾਲ। ਪਿਰਹੜੀ-ਪਿਆਰ। ਕਿਉ ਜੀਵਾ-ਕਿਵੇਂ ਜੀਅ ਸਕਦਾ ਹਾਂ?। ਮਾਉ-ਹੇ ਮਾਂ! ਅਧਾਰੁ-ਆਸਰਾ। ਨਾਮਿ-ਨਾਮ ਵਿੱਚ। ਲਾਗਿ ਰਹਾਉ-ਲੱਗ ਕੇ ਟਿਕ ਸਕਦਾ ਹਾਂ।੮।

ਭਾਵ : ਹੇ ਭਾਈ! ਗੁਰੂ ਗੁਣਾਂ ਦਾ ਸਮੁੰਦਰ ਹੈ, ਪਰਮਾਤਮਾ ਦੇ ਨਾਮ ਦਾ ਸਮੁੰਦਰ ਹੈ (ਗੁਰੂ ਵਿੱਚ ਪਰਮਾਤਮਾ ਦੇ ਸਾਰੇ ਗੁਣ ਹੁੰਦੇ ਹਨ)। ਉਸ ਗੁਰੂ ਦਾ ਦਰਸ਼ਨ ਕਰਨ ਦੀ ਮੈਨੂੰ ਤਾਂਘ ਲੱਗੀ ਹੋਈ ਹੈ। ਮੈਂ ਉਸ ਗੁਰੂ ਤੋਂ ਬਿਨਾਂ ਇੱਕ ਘੜੀ-ਭਰ ਵੀ ਆਤਮਕ ਜੀਵਨ ਕਾਇਮ ਨਹੀਂ ਰੱਖ ਸਕਦਾ। ਗੁਰੂ ਦਾ ਦਰਸ਼ਨ ਕਰਨ ਤੋਂ ਬਿਨਾਂ ਮੇਰੀ ਆਤਮਕ-ਮੌਤ ਹੋ ਜਾਂਦੀ ਹੈ।੬।

ਹੇ ਭਾਈ! ਜਿਵੇਂ ਮੱਛੀ ਪਾਣੀ ਤੋਂ ਬਿਨਾਂ ਕਿਸੇ ਭੀ ਯਤਨ ਨਾਲ ਜੀਊਂਦੀ ਨਹੀਂ ਰਹਿ ਸਕਦੀ, ਤਿਵੇਂ ਹੀ ਗੁਰੂ ਦੇ ਪਿਆਰੇ ਵੀ, ਗੁਰੂ ਤੋਂ ਬਿਨਾਂ, ਜੀਊਂ ਨਹੀਂ ਸਕਦੇ, ਪਰਮਾਤਮਾ ਦੇ ਨਾਮ ਤੋਂ ਬਿਨਾਂ ਉਹ ਆਪਣੀ ਆਤਮਕ-ਮੌਤ ਸਮਝਦੇ ਹਨ।੭।

ਹੇ ਮਾਂ! ਮੇਰਾ ਆਪਣੇ ਗੁਰੂ ਨਾਨ ਡੂੰਘਾ ਪਿਆਰ ਹੈ। ਗੁਰੂ ਤੋਂ ਬਿਨਾਂ ਮੈਂ ਕਿਵੇਂ ਜੀਊਂ ਸਕਦਾ ਹਾਂ? ਗੁਰੂ ਦੀ ਬਾਣੀ ਮੇਰਾ ਸਹਾਰਾ ਹੈ। ਗੁਰੂ ਦੀ ਬਾਣੀ ਵਿੱਚ ਜੁੜ ਕੇ (ਭਾਵ, 'ਗੁਰਬਾਣੀ ਗੁਰੂ' ਦੇ ਉਪਦੇਸ਼ਾਂ ਨੂੰ ਆਪਣੀ ਜ਼ਿੰਦਗੀ ਵਿੱਚ ਧਾਰਨ ਕਰ ਕੇ) ਹੀ ਮੈਂ ਰਹਿ ਸਕਦਾ ਹਾਂ।੮।

ਕਿਤਨੀ ਹੈਰਾਨੀਜਨਕ ਅਤੇ ਦੁਖਦਾਈ ਗੱਲ ਹੈ ਕਿ ਅਸੀਂ ਬਾਣੀ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਸਿੱਖ ਹੋਣ ਦਾ ਦਾਅਵਾ ਵੀ ਕਰਦੇ ਹਾਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਮੰਨਦੇ ਵੀ ਨਹੀਂ। ਗੁਰੂ ਗ੍ਰੰਥ ਸਾਹਿਬ, ਸਿੱਖ ਨੂੰ ਹੀ ਨਹੀਂ, ਬਲਕਿ, ਸਮੁੱਚੀ ਮਨੁੱਖਤਾ ਨੂੰ ਹੀ, ਕਿਸੇ ਵੀ ਕਿਸਮ ਦੇ ਨਸ਼ੇ ਦੀ ਵਰਤੋਂ ਕਰਨ ਤੋਂ ਸਖਤੀ ਨਾਲ ਰੋਕਦੇ ਹੋਏ ਤਾੜਨਾ ਕਰਦੇ ਹਨ -

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥ (ਮ:੩, ੫੫੪)

ਪਦ ਅਰਥ : ਮਾਣਸੁ-ਮਨੁੱਖ। ਆਣਿਆ-ਲਿਆਂਦਾ ਗਿਆ (ਭਾਵ ਜੰਮਿਆ)। ਆਇ-ਆ ਕੇ (ਭਾਵ, ਜਨਮ ਲੈ ਕੇ)। ਭਰਿਆ-ਲਿੱਬੜਿਆ ਹੋਇਆ; (ਸ਼ਰਾਬ ਆਦਿਕ ਨਸ਼ਿਆਂ ਦੀ ਭੈੜੀ ਆਦਤ ਵਿੱਚ) ਫਸਿਆ ਹੋਇਆ। ਬਰਲੁ-ਝੱਲਪੁਣਾ। ਪੀਚਈ-ਪੀਣਾ ਚਾਹੀਦਾ। ਜੇਕਾ-ਜਿੱਥੋਂ ਤੱਕ। ਪਾਰਿ ਵਸਾਇ-ਵੱਸ ਚੱਲੇ।

ਭਾਵ : ਜੋ ਮਨੁੱਖ (ਵਿਕਾਰਾਂ ਨਾਲ) ਲਿੱਬੜਿਆ ਹੋਇਆ (ਏਥੇ ਜਗਤ ਵਿੱਚ) ਲਿਆਂਦਾ ਗਿਆ, ਉਹ ਏਥੇ ਆ ਕੇ (ਹੋਰ ਵਿਕਾਰਾਂ ਵਿੱਚ ਹੀ) ਲਿੱਬੜਦਾ ਹੈ (ਤੇ ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਦਾ ਹੈ), ਪਰ, ਜਿਸ ਨਸ਼ੇ ਦੇ ਵਰਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਬਕਣ ਦਾ ਜੋਸ਼ ਆ ਚੜ੍ਹਦਾ ਹੈ, ਆਪਣੇ-ਪਰਾਏ ਦੀ ਪਛਾਣ ਨਹੀਂ ਰਹਿੰਦੀ, ਮਾਲਿਕ-ਪ੍ਰਭੂ ਵੱਲੋਂ ਧੱਕੇ ਪੈਂਦੇ ਹਨ। ਜਿਸ ਦੇ ਵਰਤਿਆਂ ਮਾਲਿਕ-ਪ੍ਰਭੂ ਵਿਸਰਦਾ ਹੈ ਤੇ ਰੱਬੀ-ਦਰਗਾਹ ਵਿੱਚ ਸਜ਼ਾ ਮਿਲਦੀ ਹੈ, ਐਸਾ ਚੰਦਰਾ ਨਸ਼ਾ, ਜਿੱਥੋਂ ਤੱਕ ਵੱਸ ਚੱਲੇ, ਨਹੀਂ ਵਰਤਣਾ ਚਾਹੀਦਾ।

ਹੇ ਨਾਨਕ! ਪ੍ਰਭੂ ਦੀ ਮਿਹਰ ਦੀ ਨਜ਼ਰ ਨਾਲ ਨਾਮ-ਰੂਪ ਨਸ਼ਾ (ਉਸ ਮਨੁੱਖ ਨੂੰ) ਮਿਲਦਾ ਹੈ, ਜਿਸ ਨੂੰ ਗੁਰੂ ਆ ਕੇ ਮਿਲ ਪਏ (ਭਾਵ, ਜੋ ਆਪਣੀ ਮਤਿ ਦਾ ਤਿਆਗ ਕਰ ਕੇ ਸ਼ਬਦ-ਗੁਰੂ ਦੀ ਮਤਿ ਦਾ ਧਾਰਨੀ ਬਣ ਜਾਵੇ), ਉਹ ਮਨੁੱਖ ਸਦਾ ਮਾਲਿਕ-ਪ੍ਰਭੂ ਦੇ (ਨਾਮ ਦੇ) ਰੰਗ ਵਿੱਚ ਰੰਗਿਆ ਰਹਿੰਦਾ ਹੈ ਤੇ ਦਰਗਾਹ ਵਿੱਚ ਉਸ ਨੂੰ ਥਾਂ (ਭਾਵ, ਇੱਜਤ) ਮਿਲਦੀ ਹੈ।

ਜਿਹੜੀ ਸਿੱਖ ਕੌਮ ਦਾ ਆਧਾਰ ਹੀ ਬਾਣੀ-ਗੁਰੂ ਹੋਵੇ, ਜਿੱਥੇ ਸਿੱਖ ਕੌਮ ਦਾ ਬਾਣੀ ਦੀਆਂ ਸ਼ਹਿਦ ਤੋਂ ਵੀ ਮਿੱਠੀਆਂ ਲੋਰੀਆਂ ਸੁਣ ਕੇ ਬਪਚਨ ਬੀਤਿਆ ਹੋਵੇ ਅਤੇ ਜਿਹੜੀ ਕੌਮ ਜਵਾਨ ਹੋ ਕੇ ਗੁਰਬਾਣੀ ਗੁਰੂ ਦੀ ਗੋਦ ਵਿੱਚ ਪਰਵਾਨ ਹੋਈ ਹੋਵੇ, ਜਿਸ ਕੌਮ ਨੂੰ ਜੋਤਿ-ਨਿਰੰਜਨੀ, ਅਰਸ਼ੀ ਦਾਤੇ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ-ਜਾਮਿਆਂ ਨੇ 239 ਸਾਲ ਤੱਕ ਦੇ ਲੰਮੇਂ ਸਮੇਂ ਦੌਰਾਨ ਖ਼ੁਦ ਅਗੁਵਾਈ ਦੇ ਕੇ ਸੰਪੂਰਨਤਾਈ ਦੀ ਬਖ਼ਸ਼ਿਸ਼ ਕੀਤੀ ਹੋਵੇ, ਜਿਸ ਦੀ ਖਾਤਰ ਸਤਿਗੁਰਾਂ ਨੇ ਤਿੰਨ ਜਾਮਿਆਂ ਵਿੱਚ ਸ਼ਹੀਦੀਆਂ ਦਿੱਤੀਆਂ ਹੋਣ, ਜਿਸ ਦੀ ਖਾਤਰ ਗੁਰੂਆਂ ਨੇ ਸਰਬੰਸ ਤੱਕ ਵਾਰ ਦਿੱਤੇ ਹੋਣ, ਜਿਸ ਨੂੰ ਸਤਿਗੁਰਾਂ ਨੇ ਆਪਣੀ ਬਿੰਦੀ ਸੰਤਾਨ ਤੋਂ ਵੀ ਵੱਧ ਪਿਆਰ ਤੇ ਲਾਡ ਬਖ਼ਸ਼ਿਸ਼ ਕੀਤਾ ਹੋਵੇ, ਜੇਕਰ ਉਸ ਕੌਮ ਦੇ ਮੈਂਬਰ ਹੀ ਸਤਿਗੁਰਾਂ ਦੇ ਹੁਕਮਾਂ ਦੀ ਉਲੰਘਣਾ ਕਰਨ ਲੱਗ ਪੈਣ ਤਾਂ ਇਸ ਤੋਂ ਦੁੱਖ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ ?

ਮੀਡੀਆ ਦੀਆਂ ਰੀਪੋਰਟਾਂ ਦਸਦੀਆਂ ਹਨ ਕਿ ਭਾਰਤ ਵਿੱਚ ਨਸ਼ਿਆਂ ਦੀ ਸਭ ਤੋਂ ਵੱਧ ਵਰਤੋਂ ਪੰਜਾਬ ਵਿੱਚ ਹੀ ਹੁੰਦੀ ਹੈ ਅਤੇ ਉਹ ਵੀ ਬਹੁਤੇ ਅਖੌਤੀ ਸਿੱਖਾਂ ਵੱਲੋਂ ਹੀ। ਸੱਚ ਪੁੱਛੋ ਤਾਂ ਲੇਖਕ ਦੀ ਰੂਹ ਇਸ ਹ਼ਕੀਕਤ ਨੂੰ ਅਨੁਭਵ ਕਰ ਕੇ ਕੰਬ ਰਹੀ ਹੈ ਕਿ ਕੀ ਸਤਿਗੁਰਾਂ ਨੇ ਐਹੋ ਜਿਹੇ ਸਿੱਖ ਸਾਜਣ ਲਈ ਹੀ ਇਤਨੀਆਂ ਅਸਹਿ ਤੇ ਅਕਹਿ ਕੁਰਬਾਨੀਆਂ

ਦਿੱਤੀਆਂ ਸਨ ? ਇਹ ਭਾਣਾ ਕਿਵੇਂ ਵਾਪਰ ਗਿਆ ? ਸਾਨੂੰ ਇਸ ਦੇ ਕਾਰਨ ਲੱਭ ਕੇ, ਗੁਰਮਤਿ-ਵਿਧੀ ਅਨੁਸਾਰ, ਸਿਰਤੋੜ ਯਤਨ ਕਰਨੇ ਪੈਣਗੇ ਤਾਂ ਕਿ ਸਤਿਗੁਰਾਂ ਵੱਲੋਂ ਸਾਜੀ-ਨਿਵਾਜੀ ਲਾਸਾਨੀ, ਅਣਖ਼ੀਲੀ ਤੇ ਬਹਾਦਰ ਸਿੱਖ ਕੌਮ ਆਪਣੇ ਸ਼ਾਨਾਮੱਤੇ ਵਿਰਸੇ ਨਾਲ ਜੁੜੇ ਤੇ ਸਦਾ ਲਈ ਹੀ ਜੁੜੀ ਰਹਿ ਕੇ ਸਮੁੱਚੀ ਮਨੁੱਖਤਾ ਦਾ ਸਰਬ-ਪੱਖੀ ਮਾਰਗ-ਦਰਸ਼ਨ ਕਰ ਸਕੇ। ਪਰ, ਇਹ ਕਾਰਜ ਤਦ ਹੀ ਹੋ ਸਕੇਗਾ ਜੇਕਰ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਫ਼ੁਰਮਾਣਾਂ ਨੂੰ ਸਮਝ ਕੇ, ਮਨੋਂ ਸਵੀਕਾਰ ਕਰ ਕੇ, ਆਪਣੇ ਰੋਜ਼ਮਰਾ ਦੇ ਜੀਵਨ ਵਿੱਚ ਦ੍ਰਿੜਤਾ ਨਾਲ ਧਾਰਨ ਕਰ ਲਵੇਗੀ, ਗੁਰਮਤਿ ਸੰਸਥਾਵਾਂ ਤੇ ਜਥੇਬੰਦੀਆਂ ਦਾ ਵਿਕਾਸ ਤੇ ਪ੍ਰਬੰਧ ਗੁਰਮਤਿ ਸਿਧਾਂਤਾਂ ਅਨੁਸਾਰ ਕਰਨ ਲੱਗ ਜਾਵੇਗੀ ਅਤੇ ਸਿੱਖ ਕੌਮ ਦੇ ਦਾਮਨ ਨੂੰ ਦਾਗ਼ੀ ਕਰਨ ਵਾਲੇ, ਸਿੱਖੀ ਭੇਖ ਵਿੱਚ ਵਿਚਰ ਰਹੇ, ਖ਼ੁਦਗਰਜ਼ ਲੀਡਰਾਂ ਤੋਂ ਸਦਾ ਵਾਸਤੇ ਖਹਿੜਾ ਛੁਡਾ ਲਵੇਗੀ।

ਅਨਪੜ੍ਹ/ਅੱਧਪੜ੍ਹ ਤੇ ਨਸ਼ੇੜੀ ਨੌਜਵਾਨੀ ਨਾਂ ਤਾਂ ਆਪਣਾ ਕੋਈ ਕਾਰੋਬਾਰ ਕਰਨ ਜੋਗੀ ਰਹਿੰਦੀ ਹੈ ਅਤੇ ਨਾ ਹੀ ਸਰਕਾਰੀ ਜਾਂ ਪ੍ਰਾਈਵੇਟ ਸਰਵਸ ਕਰਨ ਦੇ ਕਾਬਲ ਰਹਿ ਜਾਂਦੀ ਹੈ। ਉੱਪਰੋਂ ਸੂਬਾ ਸਰਕਾਰ ਵੱਲੋਂ ਅਤੇ ਸਨਅਤਕਾਰਾਂ ਵੱਲੋਂ ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਵੀ ਕੋਈ ਤਸੱਲੀਬਖ਼ਸ਼ ਸਾਧਨ ਨਹੀਂ ਪੈਦਾ ਕੀਤੇ ਜਾ ਰਹੇ ਬਲਕਿ ਸੂਬੇ ਵਿੱਚਲੀ ਸਨਅਤ (ਫੈਕਟਰੀਆਂ ਆਦਿ) ਵੀ ਪੰਜਾਬੋਂ ਬਾਹਰਲੀ ਯੂ.ਪੀ., ਹਰਿਆਣਾ, ਬਿਹਾਰ, ਰਾਜਸਥਾਨ ਆਦਿ ਵਿੱਚੋਂ ਆਉਂਣ ਵਾਲੀ ਸਸਤੀ ਲੇਬਰ ਨੂੰ ਹੀ ਤਰਜ਼ੀਹ ਦਿੰਦੀ ਹੈ। ਇਨ੍ਹਾਂ ਕਾਰਨਾਂ ਕਰ ਕੇ ਪੰਜਾਬ ਦੇ ਨੌਜਵਾਨ ਬੇ-ਰੁਜ਼ਗਾਰ ਹੋ ਕੇ ਵਿਹਲੜਪੁਣੇ ਦਾ ਸ਼ਿਕਾਰ ਹੋ ਰਹੇ ਹਨ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਛੋਟੀਆਂ/ਵੱਡੀਆਂ ਅਪਰਾਧਕ ਕਾਰਵਾਈਆਂ ਵੀ ਕਰਨ ਲੱਗ ਜਾਂਦੇ ਹਨ ਅਤੇ ਸਮਾਜਕ ਵਾਤਾਵਰਣ ਨੂੰ ਖਰਾਬ ਕਰਦੇ ਹਨ।

ਰਹਿੰਦੀ-ਖੂੰਹਦੀ ਕਸਰ ਲੱਚਰ/ਅਸ਼ਲੀਲ ਗਾਇਕੀ ਵੱਲੋਂ ਮੀਡੀਆ (ਖ਼ਾਸ ਕਰ ਕੇ ਟੈਲੀਵੀਜੀਅਨ) ਰਾਹੀਂ ਜ਼ਬਰਦਸਤੀ (ਐਡਜ਼ ਆਦਿ ਰਾਹੀਂ) ਪਰੋਸੀ ਜਾ ਰਹੀ ਸਮਾਜਕ ਜ਼ਹਿਰ ਨੇ ਕੱਢ ਦਿੱਤੀ ਹੈ ਜਿਸ ਨੇ ਨੌਜਵਾਨੀ ਦੇ ਕਿਰਦਾਰ ਨੂੰ ਵਿਗਾੜ ਕੇ ਸਿੱਖ ਸਭਿਆਚਾਰਕ ਇਖ਼ਲਾਕੀ ਕਦਰਾਂ-ਕੀਮਤਾਂ ਨੂੰ ਸੱਟ ਮਾਰੀ ਹੈ। ਲੋੜ ਹੈ ਸਮਾਜ ਵਿੱਚ ਗਾਇਕੀ ਆਦਿ ਦੇ ਬਹਾਨੇ ਪਰੋਸੀ ਜਾ ਰਹੀ ਜ਼ਹਿਰ ਨੂੰ ਸਖ਼ਤੀ ਨਾਲ ਰੋਕਣ ਦੀ।

ਉਪਰੋਕਤ ਵਰਣਨ ਕੀਤੇ ਸਿੱਖ ਨੌਜਵਾਨੀ ਨੂੰ ਗੁਮਰਾਹ ਕਰਕੇ ਬਰਬਾਦ ਕਰਨ ਦੇ ਘਟਨਾਚੱਕਰ ਦੇ ਚਾਲੂ ਰਹਿਣ ਦੀ ਪ੍ਰਕਿਰਿਆ ਵਿੱਚੋਂ ਆਮ ਪਬਲਿਕ ਨੂੰ ਵੀ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ, ਕਿਉਂਕਿ, ਅਜਿਹੇ ਭ੍ਰਿਸ਼ਟ ਤੇ ਖ਼ੁਦਗਰਜ਼ ਸਿਆਸੀ ਲੀਡਰਾਂ ਨੂੰ ਚੋਣਾਂ ਵਿੱਚ ਸਫ਼ਲ ਕਰਨ ਲਈ ਆਮ ਵਿਅਕਤੀ ਨਸ਼ੇ, ਪੈਸੇ ਜਾਂ ਕਿਸੇ ਹੋਰ ਦਬਾਅ ਜਾਂ ਖ਼ੁਦਗਰਜ਼ੀ ਕਾਰਨ, ਹੀ ਆਪਣੀ ਕੀਮਤੀ ਵੋਟ ਪਾ ਦਿੰਦੇ ਹਨ। ਬਹੁਤ ਸਾਰੇ ਪ੍ਰਾਣੀ, ਧੜੇਬੰਦੀ ਨੂੰ ਧੜਾ ਬਣਾ ਕੇ, ਆਪਣੀ ਜਥੇਬੰਦੀ ਦੇ ਮਾੜੇ ਕਿਰਦਾਰ ਵਾਲੇ ਆਗੂਆਂ ਦੇ ਵੀ ਮਦਦਗਾਰ ਬਣ ਕੇ ਵਿਚਰਦੇ ਹਨ।

ਜਦੋਂ ਤੱਕ ਸਿੱਖ ਕੌਮ ਨੂੰ, ਗੁਰਮਤਿ ਸਿਧਾਂਤਾਂ ਨੂੰ ਸਮਰਪਤ, ਚੰਗੇ ਕਿਰਦਾਰ ਵਾਲੇ ਆਗੂ ਨਹੀਂ ਮਿਲਣਗੇ, ਕੌਮ ਦੀ ਦਸ਼ਾ ਬਦ ਤੋਂ ਬਦਤਰ ਹੁੰਦੀ ਚਲੀ ਜਾਵੇਗੀ। ਚੰਗੇ ਕੌਮੀ ਲੀਡਰ, ਸਤਿਗੁਰਾਂ ਵੱਲੋਂ ਸੁਝਾਈ ਤੇ ਖ਼ਾਲਸਾ ਕੌਮ ਵੱਲੋਂ ਅਠਾਰ੍ਹਵੀਂ ਸਦੀ ਦੇ ਅਤਿ ਬਿੱਖੜੇ ਸਮਿਆਂ ਦੌਰਾਨ ਵਿਕਸਤ ਕੀਤੀ ਸਰਬੱਤ ਖ਼ਾਲਸਾ ਦੀ ਕੇਂਦਰੀ ਸੰਸਥਾ ਨੂੰ, ਗੁਰਮਤਿ-ਵਿਧੀ ਅਨੁਸਾਰ, ਹੋਂਦ ਵਿੱਚ ਲਿਆ ਕੇ ਹੀ ਸਥਾਪਤ ਕੀਤੇ ਜਾ ਸਕਣਗੇ ਕਿਉਂਕਿ ਉਦੋਂ ਵੋਟਾਂ ਦੇ ਆਧਾਰ 'ਤੇ ਨਹੀਂ ਬਲਕਿ ਯੋਗਤਾ ਦੇ ਆਧਾਰ 'ਤੇ ਹੀ, ਆਮ-ਸਹਿਮਤੀ ਦੁਆਰਾ, ਲੀਡਰਸ਼ਿਪ ਦੀ ਸੀਲੈਕਸ਼ਨ ਕੀਤੀ ਜਾਵੇਗੀ। ਜਿਵੇਂ ਕਿ ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਦੀ ਸੀਲੈਕਸ਼ਨ ਕੌਮ ਨੇ ਸਰਬੱਤ ਖ਼ਾਲਸੇ ਦੇ ਇਕੱਠ ਵਿੱਚ ਕੀਤੀ ਸੀ ਅਤੇ ਇਨ੍ਹਾਂ ਦੋਨਾਂ ਲੀਡਰਾਂ ਨੇ ਹੀ ਕੌਮ ਨੂੰ ਉਸ ਅਤਿ ਬਿੱਖੜੇ ਸਮੇਂ ਦੌਰਾਨ ਕਾਬਲੇ-ਏ-ਤਾਰੀਫ਼ ਅਗੁਵਾਈ ਦਿੱਤੀ ਸੀ ਅਤੇ ਸਿੱਖ ਕੌਮ ਨੂੰ 1716 ਵਿੱਚ ਗੁਆਚੇ ਖ਼ਾਲਸਾ-ਹਲੇਮੀ ਰਾਜ ਦੀ ਬਹਾਲੀ ਦੇ ਐਨ ਨਜ਼ਦੀਕ ਲੈ ਆਂਦਾ ਸੀ। ਜਦੋਂ ਕੌਮ ਨੂੰ ਗੁਰਮਤਿ ਸਿਧਾਂਤਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਵਾਲੀ ਲੀਡਰਸ਼ਿਪ ਮਿਲ ਗਈ ਤਾਂ ਸਾਰੇ ਕੌਮੀ ਮਸਲੇ (ਸਮੇਤ ਕੌਮੀ ਪਨੀਰੀ ਦੀ ਯੋਗ ਸੰਭਾਲ ਦੇ) ਸਹਿਜੇ-ਸਹਿਜੇ ਹੱਲ ਹੁੰਦੇ ਚਲੇ ਜਾਣਗੇ।

3. ਸਰਬੱਤ ਖ਼ਾਲਸਾ ਦੀ ਕੇਂਦਰੀ ਸੰਸਥਾ ਦੀ ਪੁਨਰ-ਸੁਰਜੀਤੀ

ਸਰਬੱਤ ਖ਼ਾਲਸਾ ਦੀ ਸੰਸਥਾ ਨੂੰ ਪੁਨਰ-ਸੁਰਜੀਤ ਕਰਨ ਲਈ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਤੋਂ ਹੀ ਅਗੁਵਾਈ ਲੈ ਕੇ ਸਾਰੀ ਕਾਰਵਾਈ ਕਰਨੀ ਪਵੇਗੀ। ਸਰਬੱਤ ਖ਼ਾਲਸਾ ਦੇ ਇਕੱਠ ਵਿੱਚ ਕੇਵਲ ਉਨ੍ਹਾਂ ਜਥੇਬੰਦੀਆਂ/ਸੰਸਥਾਵਾਂ/ ਅਦਾਰਿਆਂ ਅਤੇ ਵਿਅਕਤੀਆਂ ਨੂੰ ਹੀ ਸ਼ਾਮਿਲ ਕੀਤਾ ਜਾਵੇ ਜਿਹੜੇ, ਲਿਖਤੀ ਤੌਰ 'ਤੇ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨ ਕੇ ਚੱਲਣ ਦਾ ਵਾਅਦਾ ਕਰਨ। ਵਰਤਮਾਨ ਹਾਲਾਤ ਅਨੁਸਾਰ, ਅੱਜ ਅਜਿਹੀਆਂ ਜਥੇਬੰਦੀਆਂ/ਸੰਸਥਾਵਾਂ/ਅਦਾਰੇ/ ਵਿਅਕਤੀ ਬਹੁਤ ਹੀ ਘੱਟ ਹਨ। ਪਰ, ਜਿਵੇਂ-ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦਾ, ਰਲ-ਮਿਲ ਕੇ, ਸ਼ੁੱਧ ਰੂਪ ਵਿੱਚ, ਵਿਉਂਤਬੰਦ ਢੰਗਾਂ ਨਾਲ, ਪ੍ਰਚਾਰ ਹੁੰਦਾ ਜਾਵੇਗਾ, ਅਜਿਹੇ ਜਾਗਰੂਕ ਸਿੱਖ ਵਰਗ ਦੀ ਗਿਣਤੀ ਵਧਦੀ ਜਾਵੇਗੀ ਕਿਉਂਕਿ ਗੁਰਮਤਿ ਫ਼ਲਸਫ਼ਾ ਮਨੁੱਖੀ ਮਨਾਂ ਨੂੰ ਜਜ਼ਬਾਤੀ ਪੱਖ ਤੋਂ ਆਦਰਸ਼ਕ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨ ਦੇ ਸਮਰੱਥ ਹੈ।

ਇਨਕਲਾਬੀ ਗੁਰਮਤਿ ਫ਼ਲਸਫ਼ੇ ਦਾ ਸਿੱਖ ਸਮਾਜ ਅੰਦਰ ਹੀ ਨਹੀਂ, ਬਲਕਿ ਸਮੁੱਚੇ ਮਨੁੱਖੀ ਸਮਾਜ ਅੰਦਰ ਹੀ ਆਧੁਨਿਕ ਪ੍ਰਚਾਰ ਢੰਗਾਂ (ਆਡੀਓ-ਵਿਜ਼ੂਅਲ ਮੀਡੀਆ ਦੀ ਸੁਚੱਜੀ ਵਰਤੋਂ ਕਰਕੇ) ਨਾਲ ਪ੍ਰਚਾਰ ਕਰਨ ਦੀ ਲੋੜ ਹੈ ਕਿਉਂਕਿ ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਪਾਲਣਾ 'ਤੇ ਆਧਾਰਤ, ਮਨੁੱਖਤਾ ਪਾਸ, ਅੱਜ ਇਹੀ ਇੱਕੋ-ਇੱਕ ਫ਼ਲਸਫ਼ਾ ਹੈ ਜੋ ਸਮੁੱਚੇ ਮਨੁੱਖੀ ਸਮਾਜ ਨੂੰ ਸੰਬੋਧਤ ਹੈ।

ਯਾਨੀ ਕਿ, ਇਹ ਫ਼ਲਸਫ਼ਾ ਕਿਸੇ ਖ਼ਾਸ ਕੌਮ, ਦੇਸ਼ ਜਾਂ ਨਸਲ ਲਈ ਰਾਖਵਾਂ ਨਹੀਂ ਹੈ। ਇਸ ਪਰਥਾਇ ਗੁਰ ਫ਼ੁਰਮਾਨ ਹੈ -

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ॥
ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ॥ (ਮ:੩, ੬੪੭)

ਪਦ ਅਰਥ : ਸਾਖੀ-ਸਿੱਖਿਆ ਦਾ ਬਚਨ।

ਭਾਵ : ਮਹਾਂ ਪੁਰਖ ਕਿਸੇ ਦੇ ਸੰਬੰਧ ਵਿੱਚ ਸਿੱਖਿਆ ਦਾ ਬਚਨ ਬੋਲਦੇ ਹਨ (ਪਰ ਉਹ ਸਿੱਖਿਆ) ਸਾਰੇ ਸੰਸਾਰ ਲਈ ਸਾਂਝੀ ਹੁੰਦੀ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁੱਖ ਹੁੰਦਾ ਹੈ (ਭਾਵ, ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੋਇਆ ਪਰਮੇਸ਼ਰ ਦੇ ਹੁਕਮ ਅਨੁਸਾਰ ਜੀਵਨ ਜਿਊਂਣ ਲਈ ਯਤਨਸ਼ੀਲ ਹੁੰਦਾ ਹੈ), ਉਹ (ਸਾਖੀ ਨੂੰ ਸੁਣ ਕੇ ਤੇ ਮਨੋਂ ਸਵੀਕਾਰ ਕਰ ਕੇ) ਪ੍ਰਭੂ ਦਾ ਡਰ (ਹਿਰਦੇ ਵਿੱਚ ਧਾਰਨ) ਕਰਦਾ ਹੈ, ਤੇ ਆਪਣੇ ਆਪ ਦੀ ਖ਼ੋਜ (ਸਵੈ-ਪੜਚੋਲ) ਕਰਦਾ ਹੈ, ਸਤਿਗੁਰੂ ਦੀ ਕਿਰਪਾ ਨਾਲ, ਉਹ ਸੰਸਾਰ ਵਿੱਚ ਵਰਤਦਾ ਹੋਇਆ ਹੀ ਮਾਇਆ ਵੱਲੋਂ ਉਦਾਸ (ਨਿਰਲੇਪ) ਰਹਿੰਦਾ ਹੈ, ਤਾਂ ਉਸ ਦਾ ਮਨ ਆਪਣੇ ਆਪ ਵਿੱਚ ਪਤੀਜ ਜਾਂਦਾ ਹੈ (ਬਾਹਰ ਭਟਕਣੋਂ ਹਟ ਜਾਂਦਾ ਹੈ)।

ਸਰਬੱਤ ਖ਼ਾਲਸਾ ਸੰਸਥਾ ਦੀ ਪੁਨਰ-ਸੁਰਜੀਤੀ ਦੇ ਰਾਹ ਵਿੱਚ ਸਭ ਤੋਂ ਵੱਧ ਰੁਕਾਵਟਾਂ ਵੀ ਅਜੋਕੇ ਖ਼ੁਦਗਰਜ਼ ਸਿੱਖ ਲੀਡਰ (ਖ਼ਾਸ ਕਰ ਕੇ ਸਿਆਸੀ ਤੇ ਧਾਰਮਿਕ ਆਗੂ) ਹੀ ਪੈਦਾ ਕਰਨਗੇ ਅਤੇ ਪੂਰੀ ਵਾਹ ਲਾਉਂਣਗੇ ਕਿ ਕੌਮ ਦੀ ਇਹ ਅਹਿਮ ਕੇਂਦਰੀ ਸੰਸਥਾ ਹੋਂਦ ਵਿੱਚ ਨਾ ਆਵੇ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਜੇਕਰ ਇਹ ਸੰਸਥਾ ਹੋਂਦ ਵਿੱਚ ਆ ਗਈ ਤਾਂ ਇਨ੍ਹਾਂ ਦੀ ਲੀਡਰਸ਼ਿਪ ਖੁੱਸ ਜਾਣੀ ਹੈ ਅਤੇ ਇਨ੍ਹਾਂ ਨੂੰ ਕੌਮ ਨੇ ਕੌਡੀਉਂ ਖੋਟੇ ਜਾਣ ਕੇ ਰੱਦ ਕਰ ਦੇਣਾ ਹੈ। ਇਸ ਸੰਸਥਾ ਨੂੰ ਹੋਂਦ ਵਿੱਚ ਆਉਂਣ ਤੋਂ ਰੋਕਣ ਲਈ ਇਹ ਸ਼ਾਤਰ ਆਗੂ ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚ ਮੀਰੀ-ਪੀਰੀ ਦੀ ਸੰਸਥਾ ਦੀ ਦੁਰਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਗੇ ਕਿਉਂਕਿ ਇਹ ਕਾਫ਼ੀ ਅਰਸੇ ਤੋਂ ਇਸ ਸੰਸਥਾ ਦੀ ਦੁਰਵਰਤੋਂ ਕਰਦੇ ਆ ਰਹੇ ਹਨ।

ਅਸਲ ਵਿੱਚ ਅਕਾਲ-ਤਖ਼ਤ ਸਾਹਿਬ ਦੀ ਸੰਸਥਾ ਇਨ੍ਹਾਂ ਖ਼ੁਦਗਰਜ਼ ਰਾਜਨੀਤਕ ਆਗੂਆਂ ਦੀ ਗ਼ੁਲਾਮੀ ਵਿੱਚ ਜਕੜੀ ਹੋਈ ਹੈ। ਇਸ ਬਾਰੇ ਜ਼ਿਕਰ ਅੱਗੇ ਕੀਤਾ ਜਾ ਰਿਹਾ ਹੈ। ਇਥੇ ਹੀ ਬੱਸ ਨਹੀਂ। ਇਹ ਖ਼ੁਦਗਰਜ਼ ਲੀਡਰ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਸਮਾਜ ਵਿਚਲੇ ਗੁੰਡਾ ਤੇ ਲੱਠ-ਮਾਰ ਅੰਸਰਾਂ ਦੀ ਸਹਾਇਤਾ ਲੈਣ ਤੋਂ ਵੀ ਗੁਰੇਜ਼ ਨਹੀਂ ਕਰਨਗੇ ਅਤੇ ਹੋਰ ਵੀ ਤਰ੍ਹਾਂ-ਤਰ੍ਹਾਂ ਦੇ ਹੱਥ-ਕੰਡਿਆਂ ਦੀ ਵਰਤੋਂ ਕਰਨਗੇ। ਪਰ, ਬਾਣੀ ਗੁਰੂ ਤੋਂ ਅਗੁਵਾਈ ਲੈ ਕੇ ਜਾਗਰੂਕ ਹੋਇਆ, ਸਿੱਖ ਕੌਮ ਦੇ ਗੁਰਮਤਿ-ਗਾਡੀਰਾਹ ਦਾ ਪਾਂਧੀ ਅਣਖ਼ੀ ਤੇ ਅਲਬੇਲਾ ਕਾਫ਼ਲਾ, ਇਨ੍ਹਾਂ ਰੁਕਾਵਟਾਂ ਦਾ ਦ੍ਰਿੜਤਾ ਨਾਲ ਟਾਕਰਾ ਕਰਦਾ ਹੋਇਆ ਆਪਣੀ ਮੰਜ਼ਲ (ਹਲੇਮੀ-ਰਾਜ ਦੀ ਸਥਾਪਨਾ ਤੇ ਪ੍ਰਭੂ-ਪਿਤਾ ਦੀ ਗੋਦ ਅੰਦਰ ਸਦੀਵੀ ਅਨੰਦਮਈ ਲੀਨਤਾ ਪ੍ਰਾਪਤ ਕਰਨਾ) ਵੱਲ ਵਧਦਾ ਚਲਾ ਜਾਵੇਗਾ।

4. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚ ਸੰਸਥਾ ਨੂੰ ਖ਼ੁਦਗਰਜ਼ ਸਿਆਸੀ ਆਗੂਆਂ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਾਉਣਾ

ਸ੍ਰੀ ਅਕਾਲ ਤਖ਼ਤ ਸਾਹਿਬ

ਆਲਮਗੀਰੀ ਗੁਰਮਤਿ ਫ਼ਲਸਫ਼ੇ ਅਨੁਸਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨਾ ਤਾਂ ਕੋਈ ਇਮਾਰਤ ਹੈ ਅਤੇ ਨਾ ਹੀ ਇਸ ਦਾ ਪ੍ਰਬੰਧਕੀ ਨਿਜ਼ਾਮ। ਸਿੱਖ ਕੌਮ ਦੀ ਹੀ ਨਹੀਂ, ਬਲਕਿ ਸਮੁੱਚੀ ਮਨੁੱਖਤਾ ਦੀ ਹੀ, ਇਹ ਇੱਕ ਸਰਬ-ਉੱਚ ਤੇ ਸਾਂਝੀ ਸੰਸਥਾ ਹੈ ਜਿਸ ਨੂੰ 1608-09 ਵਿੱਚ ਗੁਰੂ ਨਾਨਕ ਜੋਤਿ ਦੇ ਛੇਵੇਂ ਜਾਮੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਮਤਿ ਦੇ ਇਸ ਬੁਨਿਆਦੀ ਸਿਧਾਂਤ ਨੂੰ ਸਾਕਾਰ ਰੂਪ ਵਿੱਚ ਪਰਗਟ ਕਰਨ ਲਈ ਹੋਂਦ ਵਿੱਚ ਲਿਆਂਦਾ ਸੀ ਕਿ ਵਾਹਿਦ ਪਰਮੇਸ਼ਰ ਹੀ ਸਮੁੱਚੀ ਸ੍ਰਿਸ਼ਟੀ (ਕਾਇਨਾਤ) ਦਾ ਇੱਕੋ-ਇੱਕ ਰਾਜਾ ਹੈ ਅਤੇ ਸਿੱਖ ਕੌਮ, ਪ੍ਰਭੂ-ਰਾਜੇ ਦੀ ਸਲਤਨਤ ਅਧੀਨ, ਇੱਕ ਪ੍ਰਭੂ-ਸੱਤਾ-ਸੰਪੰਨ ਸੁਤੰਤਰ ਕੌਮ ਹੈ। ਇਸ ਪਰਥਾਇ ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥ (ਮ:੫, ੯੬੪)

ਪਦ ਅਰਥ : ਸਚਾ-ਸਦਾ ਕਾਇਮ ਰਹਿਣ ਵਾਲਾ। ਸਿਰਿ-ਸਿਰ ਉੱਤੇ। ਛਤੁ-ਛਤਰ।

ਭਾਵ : ਹੇ ਪ੍ਰਭੂ! ਤੇਰਾ ਇਲਾਹੀ ਦਰਬਾਰ (ਹੋਰ ਸਾਰੇ ਦਰਬਾਰਾਂ ਨਾਲੋਂ) ਵੱਡਾ ਹੈ, ਤੇਰਾ ਤਖ਼ਤ ਸਦਾ ਕਾਇਮ ਰਹਿਣ ਵਾਲਾ ਹੈ, ਤੇਰਾ ਚਵਰ ਤੇ ਛਤਰ ਅਟੱਲ ਹੈ, ਤੂੰ (ਦੁਨੀਆਂ ਦੇ ਸਾਰੇ) ਬਾਦਸ਼ਾਹਾਂ ਦੇ ਸਿਰ ਉੱਤੇ ਪਾਤਿਸ਼ਾਹ ਹੈਂ।

ਇਤਿਹਾਸ ਗਵਾਹ ਹੈ ਕਿ ਜੋ ਵੀ ਮਜ਼ਲੂਮ ਇਸ ਇਲਾਹੀ ਤਖ਼ਤ ਸਾਹਿਬ 'ਤੇ ਫ਼ਰਿਆਦੀ ਹੋ ਕੇ ਆਇਆ, ਉਸ ਨੂੰ ਇੱਥੋਂ, ਗੁਰਮਤਿ ਸਿਧਾਂਤਾਂ ਅਨੁਸਾਰ, ਪੂਰਾ ਇਨਸਾਫ਼ ਪ੍ਰਾਪਤ ਹੋਇਆ।

ਅਜੋਕੇ ਬਾਕੀ ਦੇ ਚਾਰ ਤਖ਼ਤ ਸਾਹਿਬਾਨ

ਸਤਿਗੁਰਾਂ ਦੀ, ਬਿਨਾਂ ਸੋਚੇ-ਸਮਝੇ, ਰੀਸ ਕਰ ਕੇ, ਸਿੱਖ ਕੌਮ ਨੇ ਚਾਰ ਹੋਰ ਤਖ਼ਤ ਸਥਾਪਤ ਕਰ ਲਏ ਹਨ। ਇਹ ਪਰਤੱਖ ਨਿਸ਼ਾਨੀ ਹੈ ਗੁਰਮਤਿ ਸਿਧਾਂਤਾਂ ਤੋਂ ਉੱਖੜੀ ਹੋਈ ਸਿੱਖ ਕੌਮ ਦੀ ਲੀਡਰਸ਼ਿਪ ਦੀ। ਦੁਨਿਆਵੀ ਰਾਜਿਆਂ ਦਾ ਵੀ ਇੱਕ ਹੀ ਤਖ਼ਤ ਹੋਇਆ ਕਰਦਾ ਸੀ। ਪ੍ਰਭੂ-ਪਿਤਾ ਸਰਬ-ਵਿਆਪਕ ਹੈ ਅਤੇ ਉਸ ਦਾ ਇਲਾਹੀ ਤਖ਼ਤ ਸਾਰੀ ਕਾਇਨਾਤ ਦੇ ਕਣ-ਕਣ ਵਿੱਚ ਮੌਜੂਦ ਹੈ। ਇਸੇ ਗੁਰਮਤਿ ਸਿਧਾਂਤ ਨੂੰ ਸਥੂਲ ਰੂਪ ਵਿੱਚ ਪਰਗਟ ਕਰਨ ਲਈ ਅਕਾਲ ਤਖ਼ਤ ਸਾਹਿਬ ਪਰਗਟ ਹੋਇਆ ਹੈ। ਇਸ ਦੇ ਮੁਕਾਬਲੇ 'ਤੇ ਹੋਰ ਚਾਰ ਤਖ਼ਤ ਸਾਹਿਬਾਨ ਨੂੰ ਕਾਇਮ ਕਰਨਾ ਗੁਰਮਤਿ ਸਿਧਾਂਤ ਦੀ ਉਲੰਘਣਾ ਹੈ ਜਿਸ ਦਾ ਖ਼ਮਿਆਜ਼ਾ ਅੱਜ ਕੌਮ ਭੁਗਤ ਰਹੀ ਹੈ। ਪਟਨਾ ਵਾਲੇ ਤਖ਼ਤ ਸਾਹਿਬ ਦਾ ਪੁਜਾਰੀ

ਬੋਲਦਾ ਹੈ ਕਿ, "ਪਟਨਾ ਸਾਹਿਬ ਵਾਲਾ ਤਖ਼ਤ ਸਾਹਿਬ ਹੀ ਸਰਬ-ਉੱਚ ਹੈ।" ਹਜ਼ੂਰ ਸਾਹਿਬ (ਨੰਦੇੜ) ਦਾ ਪੁਜਾਰੀ ਕਹਿੰਦਾ ਹੈ ਕਿ, "ਨਹੀਂ, ਹਜ਼ੂਰ ਸਾਹਿਬ ਦਾ ਤਖ਼ਤ ਸਾਹਿਬ ਹੀ ਸਰਬ-ਉੱਚ ਹੈ।" ਆਪੋ-ਆਪਣੇ ਇਨ੍ਹਾਂ ਹਾਸੋ-ਹੀਣੇ 'ਇਲਾਹੀ-ਫ਼ੁਰਮਾਣਾਂ' ਦੀ ਪ੍ਰੋੜਤਾ ਲਈ ਇਹ ਪੁਜਾਰੀ ਭਾਂਤ-ਭਾਂਤ ਦੀਆਂ ਦਲੀਲਾਂ ਵੀ ਦੇ ਰਹੇ ਹਨ।

ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ?

ਜਥੇਦਾਰ ਕਿਸੇ ਜਥੇ ਦਾ ਮੁੱਖੀ ਹੁੰਦਾ ਹੈ। ਪਰ, ਅਕਾਲ ਤਖ਼ਤ ਸਾਹਿਬ ਕੋਈ ਜਥਾ ਨਹੀਂ ਹੈ, ਇਹ ਇੱਕ ਅਹਿਮ ਗੁਰਮਤਿ ਸਿਧਾਂਤ (ਜਿਸ ਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ) ਨੂੰ ਸਥੂਲ ਰੂਪ ਵਿੱਚ ਪਰਗਟ ਕਰਨ ਵਾਲੀ, ਮੀਰੀ-ਪੀਰੀ ਦੇ ਸੁਮੇਲ ਵਾਲੀ, ਸਰਬ-ਉੱਚ ਸਿਧਾਂਤਕ ਸੰਸਥਾ ਹੈ। ਕੀ ਕਿਸੇ ਗੁਰਮਤਿ ਸਿਧਾਂਤ ਦਾ ਕੋਈ ਜਥੇਦਾਰ ਨਿਯੁਕਤ ਕੀਤਾ ਜਾ ਸਕਦਾ ਹੈ ? ਨਹੀਂ।

ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਿਧਾਂਤ ਅਤੇ ਸਿੱਖ ਇਤਿਹਾਸ ਅੰਦਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਕੋਈ ਅਹੁਦਾ ਹੀ ਨਹੀਂ ਤਾਂ ਇਹ ਅਹੁਦਾ ਕਿਵੇਂ ਕਦੋਂ ਅਤੇ ਕਿਸ ਨੇ ਹੋਂਦ ਵਿੱਚ ਲਿਆਂਦਾ ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਵੀਹਵੀਂ ਸਦੀ ਦੇ ਸਿੱਖ ਇਤਿਹਾਸ 'ਤੇ ਨਜ਼ਰ ਮਾਰਨੀ ਪਵੇਗੀ, ਕਿਉਂਕਿ 1920 ਤੱਕ ਅਜਿਹਾ ਕੋਈ ਅਹੁਦਾ ਹੈ ਹੀ ਨਹੀਂ ਸੀ।

"10 ਤੋਂ 12 ਅਕਤੂਬਰ 1920 ਨੂੰ, 'ਖ਼ਾਲਸਾ ਬਰਾਦਰੀ ਕਾਰਜ ਸਾਧਕ ਦਲ' ਜਥੇਬੰਦੀ ਵੱਲੋਂ ਜਲ੍ਹਿਆਂਵਾਲਾ ਬਾਗ ਵਿੱਚ ਇੱਕ ਦੀਵਾਨ ਸਜਾਇਆ ਗਿਆ। ਇਸ ਜਥੇਬੰਦੀ ਦੇ ਮੁੱਖੀ ਭਾਈ ਮਹਿਤਾਬ ਸਿੰਘ ਬੀਰ ਸਨ (ਭਾਈ ਮਹਿਤਾਬ ਸਿੰਘ ਦਾ ਪਹਿਲਾ ਨਾਂ ਰੁਕਨਦੀਨ ਸੀ। ਆਪ ਮੌਲਵੀ ਕਰੀਮ ਬਖਸ਼, ਜੋ ਬਕਾਪੁਰ, ਜਲੰਧਰ, ਵਿੱਚ 14 ਜੂਨ 1893 ਦੇ ਦਿਨ ਖੰਡੇ ਦੀ ਪਾਹੁਲ ਲੈ ਕੇ ਭਾਈ ਲਖਬੀਰ ਸਿੰਘ ਬਣ ਗਏ ਸਨ, ਦੇ ਬੇਟੇ ਸਨ)। ..... ਉਨ੍ਹਾਂ ਨੇ ਇਸ ਦੀਵਾਨ ਵਾਸਤੇ ਇੱਕ ਇਸ਼ਤਿਹਾਰ ਵੀ ਛਾਪਿਆ ਸੀ।....

ਉਨੀਂ ਦਿਨੀਂ ਦਰਬਾਰ ਸਾਹਿਬ ਦੇ ਪੁਜਾਰੀ ਅਖੌਤੀ ਪਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਨਹੀਂ ਕਰਦੇ ਸੀ। 11 ਅਕਤੂਬਰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਅਖੌਤੀ ਪਛੜੀਆਂ ਜਾਤਾਂ ਦੇ ਸਿੱਖ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜਾਣ। ਉਨ੍ਹਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਅਖੌਤੀ ਪਛੜੀਆਂ ਜਾਤਾਂ ਦੇ ਕਈ ਸਿੰਘਾਂ ਨੇ ਅੰਮ੍ਰਿਤ ਛਕਿਆ। ਦੀਵਾਨ ਦੇ ਖਤਮ ਹੋਣ ਤੋਂ ਬਾਅਦ, ਇਹ ਸਾਰੇ ਸਿੰਘ ਇਕੱਠੇ ਹੋ ਕੇ ਸੁੰਦਰ ਸਿੰਘ ਮਜੀਠੀਆ ਦੀ ਅਗੁਵਾਈ ਵਿੱਚ ਦਰਬਾਰ ਸਾਹਿਬ ਗਏ। ਜਿਹਾ ਕਿ ਉਮੀਦ ਸੀ, ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪ੍ਰੋ. ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿੱਚ ਪੱਲਾ ਪਾ ਕੇ ਤਿੰਨ ਵਾਰ ਪੁਜਾਰੀਆਂ ਨੂੰ ਅਰਜ਼ ਕੀਤੀ ਕਿ ਉਹ ਪ੍ਰਸ਼ਾਦ ਕਬੂਲ ਕਰ ਲੈਣ। ਪਰ, ਪੁਜਾਰੀਆਂ ਨੇ 'ਨੰਨਾ' ਹੀ ਫੜੀ ਰੱਖਿਆ। ਏਨੇ ਚਿਰ ਵਿੱਚ, ਜਥੇਦਾਰ ਕਰਤਾਰ ਸਿੰਘ ਝੱਬਰ ਤੇ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਪੁੱਜ

ਗਏ। ਹੁਣ ਸੰਗਤਾਂ ਦੀ ਗਿਣਤੀ ਬਹੁਤ ਹੋ ਚੁੱਕੀ ਸੀ। ਅਖੀਰ ਫ਼ੈਸਲਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਵੇ। ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੀ -

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥....

ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੁਣ ਕੇ ਸੰਗਤਾਂ ਵਿਸਮਾਦ ਵਿੱਚ ਆ ਗਈਆਂ। ਅਖੀਰ, ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਤੇ ਪ੍ਰਸ਼ਾਦ ਵਰਤਾਇਆ ਗਿਆ। ਇਸ ਤੋਂ ਬਾਅਦ, ਸੰਗਤਾਂ ਅਕਾਲ ਤਖ਼ਤ ਸਾਹਿਬ ਵੱਲ ਗਈਆਂ। ਸੰਗਤਾਂ ਨੂੰ ਆਉਂਦਿਆਂ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ, ਸੰਗਤਾਂ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲ ਤਖ਼ਤ ਸਾਹਿਬ 'ਤੇ ਸਿੱਖ ਆਗੂਆਂ ਦੇ ਲੈਕਚਰ ਹੋਏ। ਬਾਅਦ ਵਿੱਚ ਹਾਜ਼ਰ ਸੰਗਤਾਂ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਇੱਕ ਜਥਾ ਬਣਾਉਂਣ ਦਾ ਫ਼ੈਸਲਾ ਕੀਤਾ। 17 ਮੈਂਬਰਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਸੇਵਾ ਵਾਸਤੇ ਪੇਸ਼ ਕੀਤਾ। (ਇਸ ਕਮੇਟੀ ਦੇ ਜਥੇਦਾਰ ਤੇਜਾ ਸਿੰਘ ਭੁੱਚਰ ਬਣਾਏ ਗਏ)। ਇਸ ਜਥੇ ਦੀ ਡਿਊਟੀ ਅਕਾਲ ਤਖ਼ਤ ਸਾਹਿਬ 'ਤੇ ਪਹਿਰਾ ਦੇਣਾ ਤੇ ਸੇਵਾ-ਸੰਭਾਲ ਕਰਨਾ ਸੀ (ਰੋਜ਼ਾਨਾ ਅਕਾਲੀ, 18 ਅਕਤੂਬਰ 1920)। **ਮਗਰੋਂ ਅਕਾਲ ਤਖ਼ਤ ਸਾਹਿਬ ਦੇ 'ਜਥੇਦਾਰ' ਦਾ ਇੱਕ ਨਵਾਂ ਅਹੁਦਾ ਖੜ੍ਹਾ ਹੋ ਗਿਆ। ਇਸ ਤੋਂ ਪਹਿਲਾਂ ਸਿੱਖ ਤਵਾਰੀਖ਼ ਅਤੇ ਸਿੱਖ ਫ਼ਲਸਫ਼ੇ ਵਿੱਚ 'ਜਥੇਦਾਰ' ਦੇ ਅਹੁਦੇ ਦਾ ਕੋਈ ਵਜ਼ੂਦ ਨਹੀਂ ਸੀ।** ਉਂਞ ਭਾਈ ਤੇਜਾ ਸਿੰਘ ਦੇ ਜਥੇ ਨੇ ਦੋ ਮਹੀਨੇ ਬਾਅਦ ਛੁੱਟੀਆਂ ਮੰਗ ਲਈਆਂ ਸਨ। ....ਇਸ 'ਤੇ ਉਨ੍ਹਾਂ ਦੀ ਥਾਂ ਦੀਦਾਰ ਸਿੰਘ ਮੱਟੂ ਭਾਈਕੇ ਤੇ ਉਨ੍ਹਾਂ ਦੇ ਜਥੇ ਨੂੰ ਇਹ ਸੇਵਾ ਸੌਂਪੀ ਗਈ ਸੀ" (ਰੋਜ਼ਾਨਾ ਅਕਾਲੀ, 26 ਦਸੰਬਰ, 1920)।

(ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼, ਪੰਨੇ 794-96)

ਅਸਲ ਵਿੱਚ, ਤੇਜਾ ਸਿੰਘ ਭੁੱਚਰ ਅਤੇ ਦੀਦਾਰ ਸਿੰਘ ਮੱਟੂ ਭਾਈਕੇ, ਦੋਨੋਂ ਹੀ, ਆਪੋ-ਆਪਣੇ ਜਥੇ ਦੇ ਜਥੇਦਾਰ ਸਨ ਅਤੇ ਉਨ੍ਹਾਂ ਨੂੰ 'ਜਥੇਦਾਰ ਜੀ' ਕਹਿ ਕੇ ਬੁਲਾਇਆ ਜਾਂਦਾ ਸੀ। ਉਨ੍ਹਾਂ ਤੋਂ ਪਿੱਛੋਂ ਇਹ ਇੱਕ ਕਿਸਮ ਦੀ ਅੱਲ ਜਿਹੀ ਹੀ ਪੈ ਗਈ ਕਿ ਜਿਹੜਾ ਵੀ ਸਿੰਘ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਨ ਵਾਲੇ ਜਥੇ ਦਾ ਮੁੱਖੀ ਹੁੰਦਾ ਸੀ, ਉਸ ਨੂੰ 'ਜਥੇਦਾਰ ਜੀ' ਕਹਿ ਕੇ ਹੀ ਬੁਲਾਇਆ ਜਾਣ ਲੱਗ ਪਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਉਦੋਂ ਇਸ ਸੇਵਾ-ਸੰਭਾਲ ਦੇ ਜਥਿਆਂ ਦੇ ਮੁੱਖੀ ਅਕਾਲ ਤਖ਼ਤ ਸਾਹਿਬ ਦੀ ਰਾਖੀ ਅਤੇ ਗੁਰਮਤਿ ਮਰਯਾਦਾ ਅਨੁਸਾਰ ਇਸ ਕੇਂਦਰੀ ਸੰਸਥਾ ਦੀ ਸੇਵਾ-ਸੰਭਾਲ ਤੱਕ ਹੀ ਸੀਮਤ ਰਹਿੰਦੇ ਸਨ ਅਤੇ ਅਜੋਕੇ ਅਖੌਤੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਤਰ੍ਹਾਂ 'ਗਿਆਰਵੀਂ ਪਾਤਿਸ਼ਾਹੀ' ਬਣ ਕੇ ਕੌਮ ਦੇ ਨਾਂ 'ਹੁਕਮਨਾਮੇ' ਤੇ ਆਦੇਸ਼ ਨਹੀਂ ਜਾਰੀ ਕਰਿਆ ਕਰਦੇ ਸਨ।

ਇੰਜ ਜਾਪਦਾ ਹੈ ਕਿ, ਜਿਵੇਂ ਅੰਗਰੇਜ਼ੀ ਹਕੂਮਤ ਨੇ ਆਪਣੇ ਵੱਲੋਂ 'ਸਰਬਰਾਹ'

ਨਿਯੁਕਤ ਕੀਤੇ, ਗੁਰਮਤਿ-ਵਿਹੂਣੇ, ਅਰੂੜ ਸਿੰਘ ਤੋਂ ਕਾਮਾਗਾਟਾਮਾਰੂ ਜਹਾਜ਼ ਦੇ ਅੰਗਰੇਜ਼ੀ ਸਾਮਰਾਜ ਵੱਲੋਂ ਮਾਰੇ ਗਏ ਸਿੱਖ ਯਾਤਰੂਆਂ ਅਤੇ ਗ਼ਦਰ ਪਾਰਟੀ ਦੇ ਸਿੱਖ ਸ਼ਹੀਦਾਂ ਨੂੰ ਸਿੱਖੀ 'ਚੋਂ ਖਾਰਜ਼ ਕਰਨ ਲਈ ਵਰਤਿਆ ਸੀ, ਉਸੇ ਤਰ੍ਹਾਂ ਹੀ ਗੁਰਮਤਿ-ਵਿਹੂਣੇ ਤੇ ਖ਼ੁਦਗਰਜ਼ ਸਿੱਖ ਰਾਜਨੀਤਕ ਆਗੂਆਂ ਨੇ, 1970 ਦੇ ਆਸ-ਪਾਸ ਤੋਂ, ਇਸ ਗ਼ੈਰ-ਸਿਧਾਂਤਕ ਅਹੁਦੇ ਦੀ ਕਾਢ ਕੱਢ ਕੇ ਆਪਣੇ ਵਿਰੋਧੀਆਂ ਨੂੰ ਦਬਕਾਅ ਕੇ ਰੱਖਣ ਦੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਹਨ। ਅੱਜ ਹਾਲਾਤ ਇਤਨੇ ਨਿੱਘਰ ਗਏ ਹਨ ਕਿ ਅਖੌਤੀ ਸ਼੍ਰੋਮਣੀ ਅਕਾਲੀ ਦਲ (ਕਿਉਂਕਿ 1996 ਦੀ ਮੋਗਾ ਕਨਵੈਨਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਰੂਹ ਦਾ ਕਤਲ ਕਰ ਕੇ ਇਸ ਨੂੰ ਇੱਕ ਪਰਵਾਰ ਦੇ ਕਬਜ਼ੇ ਹੇਠਲੀ ਪੰਜਾਬੀ ਪਾਰਟੀ ਬਣਾ ਦਿੱਤਾ ਗਿਆ ਹੈ) 'ਤੇ ਕਾਬਜ਼ ਹੋਇਆ ਇੱਕੋ ਪਰਵਾਰ ਦਾ ਮੁਖੀ ਹੀ, ਆਪਣੀ ਮਰਜ਼ੀ ਅਨੁਸਾਰ, ਆਪਣੇ ਕਿਸੇ 'ਜੀ-ਹਜ਼ੂਰੀਏ' ਗ੍ਰੰਥੀ ਨੂੰ 'ਜਥੇਦਾਰ ਅਕਾਲ ਤਖ਼ਤ ਸਾਹਿਬ' ਨਿਯੁਕਤ ਕਰਦਾ ਆ ਰਿਹਾ ਹੈ। ਜਦੋਂ ਇਹ 'ਜਥੇਦਾਰ' ਉਸ ਸਿਆਸੀ ਆਗੂ ਦੇ ਇਸ਼ਾਰਿਆਂ 'ਤੇ ਨੱਚਣਾ ਖੁੰਝ ਜਾਵੇ ਤਾਂ ਇਸ ਨੂੰ ਇੱਕਦਮ ਇਸ ਅਹੁਦੇ ਤੋਂ ਲਾਹ ਕੇ ਬੇ-ਇੱਜ਼ਤ ਕਰ ਕੇ ਘਰੇ ਬਿਠਾ ਦਿੱਤਾ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਦੇ ਤੱਤਕਾਲੀਨ 'ਐਕਟਿੰਗ ਜਥੇਦਾਰ' ਭਾਈ ਮਨਜੀਤ ਸਿੰਘ, ਭਾਈ ਰਣਜੀਤ ਸਿੰਘ, ਪੂਰਨ ਸਿੰਘ ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦਾ ਵੀ ਇਹੀ ਹਾਲ ਕੀਤਾ ਗਿਆ ਸੀ। **ਅਜੋਕੇ 'ਜਥੇਦਾਰ' ਅਕਾਲ ਤਖ਼ਤ ਸਾਹਿਬ ਦਾ ਤਾਂ ਇਹ ਹਾਲ ਹੈ ਕਿ ਇਹ ਆਪਣੇ 'ਆਕਾ' ਦੇ ਹੁਕਮਾਂ ਦੀ ਪੂਰੀ ਵਫ਼ਾਦਾਰੀ ਨਾਲ ਪਾਲਣਾ ਕਰਦਾ ਆ ਰਿਹਾ ਹੈ। ਇਸ ਦਾ ਆਕਾ ਭਾਵੇਂ ਮੁਕਟ ਪਾ ਕੇ ਹਵਨ ਕਰਾਏ, ਕਿਸੇ ਗੁਰੂ-ਡੰਮੀਏ ਅਤੇ ਗੁਰਮਤਿ ਫ਼ਲਸਫ਼ੇ ਦਾ ਵਿਰੋਧ ਕਰਨ ਵਾਲੇ ਸਾਧ ਦੇ ਚਰਨਾਂ ਵਿੱਚ ਬੈਠੇ ਜਾਂ ਹੋਰ ਕੋਈ ਗੁਰਮਤਿ-ਵਿਰੋਧੀ ਕਾਰਵਾਈ ਕਰੇ ਤਾਂ ਇਹ ਕੌਮ ਦੇ ਨਾਂ 'ਹੁਕਮਨਾਮੇ' ਜਾਰੀ ਕਰਨ ਵਾਲਾ 'ਜਥੇਦਾਰ' ਮਚਲਾ ਬਣ ਕੇ ਮੌਨ ਧਾਰਨ ਕਰ ਲੈਂਦਾ ਹੈ। ਪਰ, ਜਦੋਂ ਇਸ ਦੇ ਆਕਾ ਦਾ ਕੋਈ ਵਿਰੋਧੀ ਮਾੜੀ-ਮੋਟੀ ਉਕਾਈ ਵੀ ਕਰ ਜਾਵੇ ਤਾਂ, ਆਪਣੇ ਮਾਲਿਕ ਦੇ ਇਸ਼ਾਰੇ 'ਤੇ, ਉਸ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਜ਼ਲੀਲ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ।** ਨਿਰਸੰਦੇਹ, ਅਜਿਹੀਆਂ ਗੁਰਮਤਿ-ਵਿਰੋਧੀ ਕਾਰਵਾਈਆਂ ਜਿੱਥੇ ਸਿੱਖ ਕੌਮ ਅਤੇ ਆਲਮਗੀਰੀ ਗੁਰਮਤਿ ਫ਼ਲਸਫ਼ੇ ਦੇ ਮਾਣ-ਸਤਿਕਾਰ ਨੂੰ ਮਿੱਟੀ-ਘੱਟੇ ਰੋਲ ਕੇ ਕੌਮ ਦੀ ਜੱਗ-ਹਸਾਈ ਦਾ ਕਾਰਨ ਬਣਦੀਆਂ ਆ ਰਹੀਆਂ ਹਨ ਉਥੇ ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚ ਕੇਂਦਰੀ ਗੁਰਮਤਿ ਸੰਸਥਾ ਦੀ ਅਜ਼ਮਤ ਅਤੇ ਵਕਾਰ ਨੂੰ ਗਹਿਰੀ ਚੋਟ ਵੀ ਮਾਰਦੀਆਂ ਹਨ।

ਹੁਣ ਸਿੱਖ ਕੌਮ ਦੇ ਗਲ ਪਏ ਅਖੌਤੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਗੁਰਮਤਿ ਵਿਰੋਧੀ-ਅਹੁਦੇ ਦਾ ਕੀ ਕੀਤਾ ਜਾਵੇ ?

ਲੇਖਕ ਦਾ ਸੁਝਾਅ ਹੈ ਕਿ ਜਦੋਂ ਤੱਕ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਬਾਰੇ (ਵਿਸ਼ਵ-ਪੱਧਰੀ ਵਿਉਂਤਬੰਦ ਗੁਰਮਤਿ ਪ੍ਰਚਾਰ ਦਾ ਸਦਕਾ) ਜਾਗਰੂਕ ਹੋ ਕੇ, ਗੁਰਮਤਿ-

ਵਿਧੀ ਅਨੁਸਾਰ ਸਰਬੱਤ ਖ਼ਾਲਸਾ ਦੀ ਕੇਂਦਰੀ ਸੰਸਥਾ ਨੂੰ ਸਥਾਪਤ ਨਹੀਂ ਕਰ ਲੈਂਦੀ, ਉਦੋਂ ਤੱਕ ਅਕਾਲ ਤਖ਼ਤ ਸਾਹਿਬ 'ਤੇ ਅਣਅਧਿਕਾਰਤ ਤੌਰ 'ਤੇ ਚੜ੍ਹੇ ਬੈਠੇ 'ਜਥੇਦਾਰ ਅਕਾਲ ਤਖ਼ਤ ਸਾਹਿਬ (ਅਸਲ ਵਿੱਚ ਪੁਜਾਰੀ) ਦੇ ਸਾਰੇ ਦੇ ਸਾਰੇ ਗੁਰਮਤਿ-ਵਿਰੋਧੀ 'ਫ਼ੁਰਮਾਣਾਂ' ਤੇ ਆਦੇਸ਼ਾਂ ਨੂੰ ਮੁਕੰਮਲ ਤੌਰ 'ਤੇ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਇਸ ਤਰ੍ਹਾਂ ਇਸ ਗੁਰਮਤਿ-ਵਿਰੋਧੀ ਅਹੁਦੇ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ। ਜਦੋਂ ਕੌਮ ਨੇ ਇਸ ਦੀ ਪੁੱਛ-ਪੜਤਾਲ ਬੰਦ ਕਰ ਦਿੱਤੀ ਤਾਂ ਪੂਰੀ ਸੰਭਾਵਨਾ ਹੈ ਕਿ ਇਹ ਆਪ ਹੀ ਆਪਣੇ ਇਸ ਅਹੁਦੇ ਤੋਂ ਤਿਆਗ ਪੱਤਰ ਦੇ ਕੇ ਘਰ ਚਲਾ ਜਾਵੇਗਾ। ਪਰ, ਇਸ ਵਿਧੀ ਨੂੰ ਅਪਣਾਉਂਣ ਦੇ ਰਾਹ ਵਿੱਚ ਕੁੱਝ ਗੁਰਮਤਿ-ਵਿਹੂਣੇ ਸਿਆਸੀ ਤੇ ਧਾਰਮਿਕ ਆਗੂ ਹੀ ਰੁਕਾਵਟ ਬਣਦੇ ਆ ਰਹੇ ਹਨ, ਜਿਹੜੇ ਇਸ ਪੁਜਾਰੀ ਦੇ ਜਾਰੀ ਕੀਤੇ ਸੰਮਣਾਂ ਦੀ ਤਾਮੀਲ ਕਰ ਕੇ ਇੱਕ ਨਿਮਾਣੇ ਸਿੱਖ ਦੀ ਤਰ੍ਹਾਂ ਇਨ੍ਹਾਂ ਪੰਜ ਪੁਜਾਰੀਆਂ ਦੀ ਜੁੰਡਲੀ ਮੂਹਰੇ, ਇਨ੍ਹਾਂ ਦੇ ਦਫ਼ਤਰ (ਅਕਾਲ ਤਖ਼ਤ ਸਾਹਿਬ 'ਤੇ ਨਹੀਂ) ਦੇ ਬੰਦ ਕਮਰੇ 'ਚ, ਹੱਥ ਜੋੜ ਕੇ ਜਾ ਹਾਜ਼ਰ ਹੁੰਦੇ ਹਨ ਅਤੇ ਜ਼ਲੀਲ ਹੋ ਕੇ ਬਾਹਰ ਨਿਕਲਦੇ ਹਨ। ਅਜਿਹੇ ਸਿਆਸੀ/ਧਾਰਮਿਕ ਆਗੂਆਂ ਅਤੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਿੰਮਤ ਕਰ ਕੇ ਸ਼ਬਦ-ਗੁਰੂ ਦੇ ਸਨਮੁੱਖ ਹੋਣ ਅਤੇ ਕਿਸੇ ਵੀ ਵਿਅਕਤੀ ਅੱਗੇ ਨਾ ਝੁਕਣ। ਸ਼ਬਦ-ਗੁਰੂ 'ਤੇ ਦ੍ਰਿੜ ਭਰੋਸਾ ਰੱਖਣ ਨਾਲ ਹੀ ਹਲਤ-ਪਲਤ ਸੰਵਰਨਗੇ, ਪੁਜਾਰੀਆਂ ਅੱਗੇ ਸੀਸ ਝੁਕਾਉਂਣ ਨਾਲ ਨਹੀਂ। ਅੱਜ ਸਭ ਤੋਂ ਪਹਿਲੀ ਲੋੜ ਹੈ, ਇਨ੍ਹਾਂ ਪੁਜਾਰੀਆਂ ਦੀ ਮਾਨਤਾ ਨੂੰ ਰੱਦ ਕੀਤਾ ਜਾਵੇ। ਜਦੋਂ ਸਰਬੱਤ ਖ਼ਾਲਸਾ ਦੀ ਸੰਸਥਾ, ਗੁਰਮਤਿ-ਵਿਧੀ ਅਨੁਸਾਰ, ਹੋਂਦ ਵਿੱਚ ਆ ਗਈ ਤਾਂ ਉਹ ਆਪੇ ਹੀ ਇਨ੍ਹਾਂ ਪੁਜਾਰੀਆਂ ਨੂੰ ਗਿੱਚੀ ਤੋਂ ਫੜ ਕੇ ਤਖ਼ਤ ਸਾਹਿਬਾਨ ਤੋਂ ਥੱਲੇ ਉਤਾਰ ਦੇਵੇਗੀ। ਪਰ, ਉਦੋਂ ਤੱਕ, ਇਨ੍ਹਾਂ ਵੱਲੋਂ ਜਾਰੀ ਕੀਤੇ ਜਾ ਰਹੇ ਸੰਮਣਾਂ ਨੂੰ ਰੱਦੀ ਦੀ ਟੋਕਰੀ 'ਚ ਸੁੱਟ ਦੇਣਾ ਹੀ ਠੀਕ ਹੈ।

ਪੰਜ-ਪਿਆਰਿਆਂ ਦੀ ਗੁਰਮਤਿ ਸੰਸਥਾ

ਗੁਰਮਤਿ ਫ਼ਲਸਫ਼ੇ ਅਨੁਸਾਰ, ਜਿੱਥੇ ਪੰਜ ਪਿਆਰੀਆਂ ਦੀ ਅਗੁਵਾਈ (collective leadership) ਵਾਲੀ ਗੁਰਮਤਿ ਸੰਸਥਾ ਸਥਾਈ (Permanent) ਹੈ, ਉੱਥੇ ਪੰਜ ਪਿਆਰੇ ਸਥਾਈ ਨਹੀਂ ਹਨ। ਗੁਰ-ਇਤਿਹਾਸ ਇਸ ਹਕੀਕਤ ਦਾ ਗਵਾਹ ਹੈ। ਕੌਮੀ ਮਸਲਿਆਂ ਦੇ ਹੱਲ ਲਈ ਕੌਮੀ ਪੱਧਰ ਦੇ ਸਰਬੱਤ ਖ਼ਾਲਸਾ ਇਕੱਠ ਵਿੱਚੋਂ, ਆਮ-ਸਹਿਮਤੀ ਨਾਲ, ਸੀਲੈਕਟ ਕੀਤੇ ਪੰਜ ਪਿਆਰੇ, ਗੁਰਮਤਿ-ਵਿਧੀ ਅਨੁਸਾਰ, **'ਗੁਰਮੱਤਾ'** ਸੋਧਣ ਦੇ ਅਧਿਕਾਰੀ ਹਨ ਅਤੇ ਸਰਬੱਤ ਖ਼ਾਲਸਾ ਦੇ ਇਕੱਠ ਦਾ ਜਥੇਦਾਰ ਉਸ ਗੁਰਮੱਤੇ ਨੂੰ ਕੌਮ ਦੇ ਨਾਂ ਜਾਰੀ ਕਰਨ ਦਾ ਅਧਿਕਾਰ ਰਖਦਾ ਹੈ।

ਇਸੇ ਤਰ੍ਹਾਂ ਹੀ, ਸਥਾਨਿਕ ਮਸਲਿਆਂ ਨੂੰ ਹੱਲ ਕਰਨ ਲਈ ਸਥਾਨਕ ਸੰਗਤ 'ਚੋਂ ਸੀਲੈਕਟ ਕੀਤੇ ਪੰਜ ਪਿਆਰੇ **'ਮੱਤਾ'** ਸੋਧ ਕੇ ਸੰਗਤਿ ਨੂੰ ਗੁਰਮਤਿ ਅਨੁਸਾਰ ਅਗੁਵਾਈ ਦੇਣ ਦੇ ਹੱਕਦਾਰ ਹਨ।

ਪਰ, ਇੱਥੇ ਤਾਂ ਭਾਣਾ ਹੀ ਹੋਰ ਵਾਪਰਿਆ ਪਿਆ ਹੈ। ਪੰਜਾਂ ਤਖ਼ਤਾਂ ਦੇ ਪੁਜਾਰੀ (ਜਾਂ ਗ੍ਰੰਥੀ) ਹੀ ਸਿੱਖ ਕੌਮ ਨੂੰ ਸਰਬ-ਪੱਖੀ ਅਗੁਵਾਈ ਦੇਣ ਲਈ, ਸਿੱਖ ਕੌਮ ਦੇ ਪੱਕੇ (permanent) ਪੰਜ ਪਿਆਰੇ ਬਣੇ ਬੈਠੇ ਹਨ। ਇਨ੍ਹਾਂ ਵਿੱਚੋਂ ਦੋ ਪੁਜਾਰੀ (ਪਟਨੇ ਸਾਹਿਬ ਵਾਲਾ ਤੇ ਹਜ਼ੂਰ ਸਾਹਿਬ ਵਾਲਾ) ਤਾਂ ਸਤਿਗੁਰਾਂ ਵੱਲੋਂ ਮੁਕੱਰਰ ਕੀਤੀ ਜਾ ਚੁੱਕੀ ਸਿੱਖ ਦੀ ਪ੍ਰੀਭਾਸ਼ਾ (ਜਿਸ ਦਾ ਜ਼ਿਕਰ ਇਸ ਲਿਖਤ ਵਿੱਚ ਕੀਤਾ ਜਾ ਚੁਕਾ ਹੈ) 'ਤੇ ਹੀ ਖਰੇ ਨਹੀਂ ਉਤਰਦੇ (ਫਿਰ ਇਨ੍ਹਾਂ ਨੂੰ ਪੰਜ ਪਿਆਰਿਆਂ 'ਚ ਕਿਵੇਂ ਸ਼ਾਮਿਲ ਕੀਤਾ ਜਾ ਸਕਦਾ ਹੈ?) ਕਿਉਂਕਿ, **ਇਹ ਇਨ੍ਹਾਂ ਤਖ਼ਤ ਸਾਹਿਬ 'ਤੇ ਦਸਮੇਸ਼ ਪਿਤਾ ਜੀ ਦੇ ਹੁਕਮਾਂ ਦੀ ਘੋਰ ਉਲੰਘਣਾ ਕਰ ਕੇ, ਕੁੱਝ ਕੁ ਹੋਰ ਗੁਰਮਤਿ ਵਿਰੋਧੀ ਗ੍ਰੰਥਾਂ ਦੀ ਮੰਜੀ ਵੀ (ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕਾਂ ਵਜੋਂ) ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਵਾਕਰ) ਡਾਹੀ ਬੈਠੇ ਹਨ। ਇਨ੍ਹਾਂ ਗ੍ਰੰਥਾਂ ਉੱਪਰ ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਚੰਦੋਆ ਤਾਣਿਆ ਜਾਂਦਾ ਹੈ, ਚਵਰ ਕੀਤਾ ਜਾਂਦਾ ਹੈ, 'ਹੁਕਮਨਾਮਾ' ਲਿਆ ਜਾਂਦਾ ਹੈ, ਅਖੰਡ-ਪਾਠ ਕੀਤਾ ਜਾਂਦਾ ਹੈ ਤੇ ਇਨ੍ਹਾਂ ਨੂੰ ਮੱਥੇ ਟੇਕੇ ਜਾਂਦੇ ਹਨ। ਇਥੇ ਹੀ ਬੱਸ ਨਹੀਂ। ਇਨ੍ਹਾਂ ਗ੍ਰੰਥਾਂ 'ਚੋਂ ਇੱਕ ਗ੍ਰੰਥ (ਅਖੌਤੀ ਦਸਮ ਗ੍ਰੰਥ) ਦੇ ਸਿਰਲੇਖ ਵਿੱਚ 'ਗੁਰੂ' ਸ਼ਬਦ ਦੀ ਵੀ ਵਰਤੋਂ ਕੀਤੀ ਮਿਲਦੀ ਹੈ। ਪੁੱਛਣਾ ਬਣਦਾ ਹੈ ਕਿ ਇਨ੍ਹਾਂ ਗ੍ਰੰਥਾਂ ਦੀ ਮੰਜੀ 'ਗੁਰੂ' ਸਾਹਿਬ ਦੇ ਬਰਾਬਰ ਡਾਹੁਣ ਦੀ ਅਤੇ ਇਨ੍ਹਾਂ ਦੇ ਸਿਰਲੇਖ ਵਿੱਚ 'ਗੁਰੂ' ਸ਼ਬਦ ਦੀ ਵਰਤੋਂ ਕਰਨ ਦਾ ਅਧਿਕਾਰ ਇਨ੍ਹਾਂ ਪੁਜਾਰੀਆਂ ਨੂੰ ਕਿੱਥੋਂ ਪ੍ਰਾਪਤ ਹੋਇਆ ਹੈ ?** ਇਸ ਗੁਰਮਤਿ-ਵਿਰੋਧੀ ਅਤੇ ਦਸਮੇਸ਼ ਜੀ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲੀ ਕਾਰਵਾਈ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ।

ਗੁਰਮਤਿ ਫ਼ਲਸਫ਼ਾ ਅਤੇ ਪੁਜਾਰੀਵਾਦ

ਸੰਸਾਰ ਦੇ ਮੱਤਾਂ (ਮਜ਼ਬਾਂ) ਦੇ ਇਤਿਹਾਸ 'ਤੇ ਨਿਗਾਹ ਮਾਰੀਏ ਤਾਂ ਸਭ ਤੋਂ ਪਹਿਲਾਂ ਈਸਾਈ ਮੱਤ ਵਿੱਚ ਪੁਜਾਰੀਵਾਦ ਦੇ ਦਰਸ਼ਨ ਹੁੰਦੇ ਹਨ। ਪੋਪ ਆਪਣੇ ਆਪ ਨੂੰ ਫ਼ਤਵੇ ਜਾਰੀ ਕਰਨ ਦਾ ਦੈਵੀ-ਅਧਿਕਾਰ ਦੇ ਕੇ, ਕਈ ਸਦੀਆਂ ਤੱਕ, ਈਸਾਈ ਮੱਤ ਦਾ ਸ਼ੋਸ਼ਨ ਕਰਦਾ ਰਿਹਾ। ਪਰ, ਇਹ ਉਸ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਸ ਨੇ ਈਸਾਈ ਮੱਤ ਦੇ ਰਾਜਿਆਂ ਨਾਲ ਹੀ ਪੰਗਾ ਲੈ ਲਿਆ। ਈਸਾਈ ਮੱਤ ਦੇ ਧਾਰਨੀ ਰਾਜੇ ਵੀ ਆਪਣੇ ਆਪ ਨੂੰ ਦੈਵੀ-ਅਧਿਕਾਰਾਂ ਦੇ (Divine Rights of Kings) ਮਾਲਿਕ ਸਮਝਦੇ ਸਨ। ਕਈ ਦਹਾਕਿਆਂ ਤੱਕ ਪੋਪ ਅਤੇ ਇਨ੍ਹਾਂ ਰਾਜਿਆਂ ਦਰਮਿਆਨ ਰੱਸਾ-ਕੱਸੀ ਦਾ ਖੇਡ ਚਲਦਾ ਰਿਹਾ। ਇਸੇ ਸਮੇਂ ਦੌਰਾਨ ਹੀ ਇੱਕ ਪਾਦਰੀ ਮਾਰਟਨ ਲੂਥਰ ਨੇ, ਈਸਾਈ ਮੱਤ ਦੇ ਪੁਰਾਣੇ ਅਹਿਦਨਾਮੇ (old testaments) ਅਤੇ ਪੋਪ ਦੇ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ ਅਤੇ ਈਸਾਈ ਮੱਤ ਦੋਫਾੜ ਹੋ ਗਿਆ। ਪੋਪ ਦੀ ਸ਼ਕਤੀ ਘੱਟ ਗਈ। ਈਸਾਈ ਮੱਤ ਦੇ ਰਾਜਿਆਂ ਨੇ ਪੋਪ ਨੂੰ ਜੇਲ੍ਹ ਵਿੱਚ ਬੰਦ ਕਰ ਦੇਣ ਦੀ ਧਮਕੀ ਦਿੱਤੀ। ਅਖੀਰ, ਆਪਸੀ ਸਹਿਮਤੀ ਨਾਲ, ਪੋਪ ਨੂੰ ਰੋਮ ਵਿਚਲੀ 'ਵੈਟੀਕਨ ਸਿਟੀ' ਦਾ ਮੁੱਖੀ ਮੰਨ ਲਿਆ ਗਿਆ ਅਤੇ ਉਸ ਨੂੰ ਫ਼ਤਵੇ ਜਾਰੀ ਕਰਨ ਤੋਂ ਰੋਕ ਦਿੱਤਾ ਗਿਆ ਤੇ ਗੱਲ ਮੁੱਕ ਗਈ।

ਇਸੇ ਤਰ੍ਹਾਂ ਹੀ, ਇਸਲਾਮ-ਮੱਤ ਵਿੱਚ ਕਾਜ਼ੀ, ਫ਼ਤਵੇ ਜਾਰੀ ਕਰਨ ਲੱਗ ਪਿਆ ਅਤੇ ਅੱਜ ਤੱਕ ਵੀ ਜਾਰੀ ਕਰਦਾ ਆ ਰਿਹਾ ਹੈ। ਇਵੇਂ-ਜਿਵੇਂ ਹੀ, ਅਖੌਤੀ ਹਿੰਦੂ-ਮੱਤ (ਕਿਉਂਕਿ ਇਹ ਦੂਜੇ ਮੱਤਾਂ ਦੀ ਤਰ੍ਹਾਂ ਇੱਕ 'ਮੱਤ' ਹੈ ਹੀ ਨਹੀਂ ਬਲਕਿ, ਸ਼ਾਤਰ ਬ੍ਰਾਹਮਣ ਟੋਲੇ ਵੱਲੋਂ, ਮਨੂੰ-ਸਿਮ੍ਰਿਤੀ ਦੇ ਆਧਾਰ 'ਤੇ, ਸਮਾਜ ਨੂੰ ਗ਼ੈਰ-ਕੁਦਰਤੀ ਜਾਤ-ਪਾਤ ਅਨੁਸਾਰ ਵੰਡ ਕੇ, ਆਪਣੀ ਸਰਦਾਰੀ ਕਾਇਮ ਰੱਖਣ ਲਈ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਊੱਚਾਂ-ਨੀਚਾਂ, ਸ਼ਗਨਾਂ-ਅਪਸ਼ਗਨਾਂ ਆਦਿ ਦਾ ਮੱਕੜ-ਜਾਲ ਤਾਣਿਆ ਹੋਇਆ ਹੈ) ਵਿੱਚ ਵੀ ਬ੍ਰਾਹਮਣ (ਪੁਜਾਰੀ) ਨੇ ਫ਼ਤਵੇ ਜਾਰੀ ਕਰਨ ਦਾ ਅਧਿਕਾਰ ਪ੍ਰਾਪਤ ਕੀਤਾ ਹੋਇਆ ਸੀ ਜੋ ਅੱਜ-ਕਲ ਤਕਰੀਬਨ ਖਤਮ ਹੀ ਹੋ ਚੁੱਕਾ ਹੈ।

ਪਰ, ਵੱਡੀ ਹੈਰਾਨੀ ਦੀ ਗੱਲ ਹੈ ਕਿ ਸਰਬ-ਸਾਂਝੇ ਅਤੇ ਸਭ ਤੋਂ ਸਰੇਸ਼ਟ ਗੁਰਮਤਿ ਫ਼ਲਸਫ਼ੇ ਅੰਦਰ ਪੁਜਾਰੀਵਾਦ ਨੂੰ ਰੱਦ ਕਰਨ ਦੇ ਬਾ-ਵਜੂਦ, ਖ਼ੁਦਗਰਜ਼ ਸ਼ਾਤਰ ਸਿੱਖ ਸਿਆਸੀ ਆਗੂਆਂ ਨੇ ਇਸ ਨੂੰ, ਪਿਛਲੇ ਦਰਵਾਜੇ ਰਾਹੀਂ, ਸਿੱਖ ਕੌਮ ਅੰਦਰ ਦਾਖ਼ਲ ਕਰ ਕੇ ਸਿੱਖ ਕੌਮ ਦੀ ਪਿੱਠ 'ਤੇ ਸਵਾਰ ਕਰ ਦਿੱਤਾ ਹੋਇਆ ਹੈ।

ਦਰਅਸਲ, ਸਿੱਖ ਫ਼ਲਸਫ਼ੇ ਅੰਦਰ, ਰਸਮੀ ਤੌਰ 'ਤੇ ਕੀਤੀ ਜਾਣ ਵਾਲੀ ਪੂਜਾ ਲਈ ਕੋਈ ਥਾਂ ਹੀ ਨਹੀਂ ਹੈ। ਕੇਵਲ ਰਜ਼ਾ ਦੇ ਮਾਲਿਕ-ਪ੍ਰਭੂ ਪਿਤਾ ਦੇ ਹੁਕਮ (ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮ) ਅਨੁਸਾਰ ਜੀਊਂਣ ਲਈ ਹੀ ਕਿਹਾ ਗਿਆ ਹੈ -

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥ ੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥੧॥ ਰਹਾਉ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥
ਨੇੜਾ ਹੈ ਦੂਰਿ ਨਾ ਜਾਣਿਅਹੁ ਨਿਤ ਸਾਰੇ ਸੰਮਾਲੇ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ॥੪॥ (ਮ:੧, ੪੮੯)

ਪਦ ਅਰਥ : ਚਨਣਾਠੀਆ-(ਚੰਦਨ ਕਾਠ) ਚੰਦਨ ਦੀ ਲੱਕੜੀ। ਕਰੀ-ਮੈਂ ਕਰਾਂ। ਉਰਸਾ-ਸਿਲ, ਚੰਦਨ ਘਸਾਣ ਵਾਲਾ ਵੱਟਾ। ਕਰਣੀ-ਉੱਚਾ ਆਚਰਣ। ਕੁੰਗੂ-ਕੇਸਰ। ਘਟ-ਹਿਰਦਾ।੧। ਕੀਚੈ-ਕਰਨੀ ਚਾਹੀਦੀ ਹੈ। ਪੂਜ-ਪੂਜਾ।੧।ਰਹਾਉ। ਦੇਵ-ਦੇਵਤੇ, ਮੂਰਤੀਆਂ। ਪਖਾਲੀਅਹਿ-ਧੋਤੇ ਜਾਂਦੇ ਹਨ। ਜੂਠਿ-ਵਿਕਾਰਾਂ ਦੀ ਮੈਲ। ਮਾਜੀਐ-ਮਾਂਜਿਆ ਜਾਂਦਾ ਹੈ। ਮੋਖ-ਵਿਕਾਰਾਂ ਤੋਂ ਅਜ਼ਾਦ, ਖੁੱਲਾ। ਪਇਆਣਾ-ਸਫ਼ਰ।੨। ਖੜੁ-ਘਾਹ। ਅੰਮ੍ਰਿਤੁ-(ਦੁਧ ਵਰਗਾ) ਉੱਤਮ ਪਦਾਰਥ। ਵਿਹੂਣੇ-ਸੱਖਣੇ। ਧ੍ਰਿਗੁ-ਫਿਟਕਾਰ-ਯੋਗ। ਕਰੇਹਿ-ਕਰਦੇ ਹਨ।੩। ਨੇੜਾ-ਨੇੜਤਾ, ਨੇੜੇ ਦੀ ਸਾਂਝ, ਡੂੰਘੀ ਸਾਂਝ। ਸਾਰੇ-ਸਾਰ ਲੈਂਦਾ ਹੈ। ਸੰਮਾਲੇ-ਸੰਭਾਲ ਕਰਦਾ ਹੈ। ਸਾਚਾ-ਸਦਾਥਿਰ ਰਹਿਣ ਵਾਲਾ। ਹੇ-ਹੈ।੪।

ਭਾਵ: (ਹੇ ਪ੍ਰਭੂ!) ਜੇ ਮੈਂ ਤੇਰੇ ਨਾਮ (ਦੀ ਯਾਦ) ਨੂੰ ਚੰਨਣ ਦੀ ਲੱਕੜੀ ਬਣਾ ਲਵਾਂ, ਜੇ ਮੇਰਾ ਮਨ (ਉਸ ਚੰਦਨ ਦੀ ਲੱਕੜੀ ਨੂੰ ਘਸਾਣ ਵਾਸਤੇ) ਸਿਲ ਬਣ ਜਾਵੇ, ਜੇ ਮੇਰਾ ਉੱਚਾ ਆਚਰਨ (ਇਨ੍ਹਾਂ ਦੇ ਨਾਲ) ਕੇਸਰ (ਬਣ ਕੇ) ਰਲ ਜਾਵੇ, ਤਾਂ ਤੇਰੀ ਪੂਜਾ ਮੇਰੇ ਹਿਰਦੇ ਦੇ ਅੰਦਰ ਹੀ ਪਈ ਹੋਵੇਗੀ।੧।

(ਹੇ ਭਾਈ!) ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ, ਇਹੀ ਪੂਜਾ ਕਰਨੀ ਚਾਹੀਦੀ ਹੈ। ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਪੂਜਾ (ਐਸੀ) ਨਹੀਂ (ਜੋ ਪਰਵਾਨ ਹੋ ਸਕੇ)।੧। ਰਹਾਉ।

ਜਿਵੇਂ ਬਾਹਰ ਦੇਵ-ਮੂਰਤੀਆਂ ਦੇ ਇਸ਼ਨਾਨ ਕਰਾਈਦੇ ਹਨ, ਤਿਵੇਂ ਜੇ ਕੋਈ ਮਨੁੱਖ ਆਪਣੇ ਮਨ ਨੂੰ (ਨਾਮ-ਸਿਮਰਨ ਨਾਲ) ਧੋਵੇ, ਤਾਂ ਉਸ ਦੇ ਮਨ ਦੀ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ, ਉਸ ਦੀ ਜਿੰਦ ਸ਼ੁੱਧ-ਪਵਿੱਤਰ ਹੋ ਜਾਂਦੀ ਹੈ, ਉਸ ਦਾ ਜੀਵਨ-ਸਫ਼ਰ ਵਿਕਾਰਾਂ ਤੋਂ ਆਜ਼ਾਦ ਹੋ ਜਾਂਦਾ ਹੈ।੨।

(ਇਸ ਧਰਤੀ ਉੱਤੇ ਮਨੁੱਖ, ਪਸ਼ੂ-ਪੰਛੀ ਆਦਿਕ ਸਭ ਦਾ ਸਿਰਦਾਰ ਮੰਨਿਆ ਜਾਂਦਾ ਹੈ, ਪਰ) ਪਸ਼ੂਆਂ ਨੂੰ ਸ਼ਬਾਸ਼ੇ ਮਿਲਦੀਆਂ ਹਨ, ਉਹ ਘਾਹ ਖਾਂਦੇ ਹਨ ਤੇ (ਦੁੱਧ ਵਰਗਾ) ਉੱਤਮ ਪਦਾਰਥ ਦੇਂਦੇ ਹਨ। ਨਾਮ ਤੋਂ ਸੱਖਣੇ ਮਨੁੱਖਾਂ ਦਾ ਜੀਵਨ ਫ਼ਿਟਕਾਰ-ਯੋਗ ਹੈ ਕਿਉਂਕਿ ਉਹ (ਨਾਮ ਵਿਸਾਰ ਕੇ ਹੋਰ ਹੋਰ) ਕੰਮ ਹੀ ਕਰਦੇ ਹਨ।੩।

ਹੇ ਨਾਨਕ! (ਆਖ-ਹੇ ਭਾਈ!) ਸਾਡੀ ਤੇ ਪ੍ਰਭੂ ਦੀ ਬੜੀ ਨੇੜੇ ਦੀ ਸਾਂਝ ਹੈ (ਇਤਨੀ ਨੇੜੇ ਦੀ ਕਿ) ਜੋ ਕੁੱਝ ਉਹ ਸਾਨੂੰ ਦਿੰਦਾ ਹੈ ਉਹੀ ਅਸੀਂ ਖਾਂਦੇ ਹਾਂ (ਖਾ ਕੇ ਜੀਵਨ-ਨਿਰਬਾਹ ਕਰਦੇ ਹਾਂ) ਉਹ (ਦਾਤਾ) ਹੈ ਭੀ ਸਦਾ (ਸਾਡੇ ਸਿਰ ਉੱਤੇ) ਕਾਇਮ। ਉਸ ਨੂੰ ਆਪਣੇ ਤੋਂ ਦੂਰ ਨਾ ਸਮਝੋ, ਉਹ ਸਾਡੀ ਸਾਰ ਲੈਂਦਾ ਹੈ, ਸੰਭਾਲ ਕਰਦਾ ਹੈ। ਮੂਰਤੀਆਂ ਆਦਿ ਦੀ ਪੂਜਾ ਕਰਨ ਦੇ ਥਾਂ, ਉਸ ਹਾਜ਼ਰ-ਨਾਜ਼ਰ ਪ੍ਰਭੂ ਦਾ ਨਾਮ ਧਿਆਵੋ।੪।

ਕਿਸੇ ਸਿੱਖ ਨੂੰ, ਸਿੱਖੀ 'ਚੋਂ ਖਾਰਜ਼ ਕਰਨ ਦਾ ਅਧਿਕਾਰ, ਕਿਸ ਨੂੰ ਹੈ ?

ਕੋਈ ਮਨੁੱਖ ਉਦੋਂ ਹੀ ਸਿੱਖ ਅਖਵਾਉਂਣ ਦਾ ਹੱਕਦਾਰ ਬਣਦਾ ਹੈ ਜਦੋਂ ਉਹ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਹੁਕਮਾਂ ਦੀ ਪਾਲਣਾ ਕਰਨ ਦਾ ਪ੍ਰਣ ਕਰਦਾ ਹੈ ਅਤੇ ਇਹ ਪ੍ਰਣ ਕਰਨ ਤੋਂ ਫ਼ੌਰਨ ਬਾਅਦ, ਹੇਠ ਲਿਖੇ ਅਨੁਸਾਰ ਆਪਣਾ ਅਮਲੀ ਜੀਵਨ ਜਿਊਂਣ ਲੱਗ ਜਾਂਦਾ ਹੈ :-

(ੳ) **ਸੁਣਨਾ** : ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧਿਆਨ ਲਾ ਕੇ ਸੁਣਦਾ ਹੈ।

(ਅ) **ਸਮਝਣਾ** : ਧਿਆਨ ਨਾਲ ਬਾਣੀ ਸੁਣ ਕੇ ਗੁਰਬਾਣੀ ਦੇ ਭਾਵ-ਅਰਥਾਂ ਨੂੰ ਸਮਝਦਾ ਹੈ। ਇਸ ਕਾਰਜ ਲਈ, ਪ੍ਰੋ: ਸਾਹਿਬ ਸਿੰਘ ਜੀ ਵੱਲੋਂ ਕੀਤਾ ਗੁਰਬਾਣੀ ਦਾ ਟੀਕਾ ਜਾਂ ਕਿਸੇ ਹੋਰ ਚੰਗੇ ਸੋਝੀਵਾਨ ਗੁਰਮਤਿ ਵਿਦਵਾਨ ਵੱਲੋਂ ਕੀਤੇ ਗੁਰਬਾਣੀ ਦੇ ਅਰਥ, ਸਹਾਇਤਾ ਕਰ ਸਕਦੇ ਹਨ।

(ੲ) **ਸਵੀਕਾਰ ਕਰਨਾ** : ਸੁਣ ਕੇ ਸਮਝੀ ਗੁਰਬਾਣੀ ਦੇ ਹੁਕਮਾਂ ਨੂੰ, ਮਨ ਕਰ ਕੇ ਸਵੀਕਾਰ ਕਰਨਾ।

(ਸ) **ਸਮਰਪਤ ਹੋਣਾ** : ਮਨ ਕਰ ਕੇ ਸਵੀਕਾਰ ਕੀਤੇ ਬਾਣੀ-ਗੁਰੂ ਦੇ ਹੁਕਮਾਂ 'ਤੇ ਫ਼ੌਰਨ ਤੌਰ 'ਤੇ ਅਮਲ ਕਰਨਾ ਅਰੰਭ ਕਰ ਦੇਣਾ।

ਗੁਰੂ ਨਾਨਕ ਸਾਹਿਬ ਵੱਲੋਂ ਉਚਾਰਨ ਕੀਤੀ (ਪਰਗਟ ਕੀਤੀ) ਜਪੁ ਬਾਣੀ (ਜਪੁ ਜੀ) ਦੀ ਦੂਜੀ ਪਉੜੀ ਦਾ ਅਰੰਭ ਇਸ ਪੰਗਤੀ ਤੋਂ ਹੁੰਦਾ ਹੈ -

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ (ਮ: ੧, ੧)

ਪਦ ਅਰਥ : ਹੁਕਮੀ-ਅਕਾਲ ਪੁਰਖੁ ਦੇ ਹੁਕਮ-ਅਨੁਸਾਰ। ਹੋਵਨਿ-ਹੁੰਦੇ ਹਨ, ਹੋਂਦ ਵਿੱਚ ਆਉਂਦੇ ਹਨ। ਆਕਾਰ-ਸਰੂਪ, ਸ਼ਕਲਾਂ, ਸਰੀਰ। ਨ ਕਹਿਆ ਜਾਈ-ਸੰਪੂਰਨ ਤੌਰ 'ਤੇ ਬਿਆਨ ਨਹੀਂ ਕੀਤਾ ਜਾ ਸਕਦਾ।

ਭਾਵ : ਅਕਾਲ ਪੁਰਖੁ ਦੇ ਹੁਕਮ ਅਨੁਸਾਰ ਸਾਰੇ ਸਰੀਰ ਬਣਦੇ ਹਨ, ਪਰ ਇਸ ਹੁਕਮ ਦੀ ਸੰਪੂਰਨ ਤੌਰ 'ਤੇ ਵਿਆਖਿਆ ਨਹੀਂ ਕੀਤੀ ਜਾ ਸਕਦੀ (ਕਿਉਂਕਿ ਬੇਅੰਤ ਪ੍ਰਭੂ ਦਾ ਹੁਕਮ ਵੀ ਬੇਅੰਤ ਹੈ)।

ਸਪੱਸ਼ਟ ਹੈ ਕਿ ਸਰੀਰਾਂ ਦੇ ਸਾਰੇ ਅੰਗ (ਸਮੇਤ ਕੇਸ਼ਾਂ ਅਤੇ ਰੋਮਾਂ ਦੇ), ਪ੍ਰਭੂ-ਪਿਤਾ ਦੇ ਹੁਕਮ ਅਨੁਸਾਰ ਹੀ ਹੋਂਦ ਵਿੱਚ ਆਉਂਦੇ ਹਨ। ਇਸ ਲਈ ਸਿੱਖੀ ਦੀ ਸ਼ੁਰੂਆਤ ਆਪਣੇ ਸਰੀਰ ਨੂੰ, ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ, ਉਸੇ ਸਰੂਪ ਵਿੱਚ ਸੰਭਾਲ ਕਰਨ ਤੋਂ ਹੁੰਦੀ ਹੈ, ਜਿਸ ਰੂਪ, ਵਿੱਚ ਪਰਮੇਸ਼ਰ ਨੇ ਇਸ ਨੂੰ ਬਣਾਇਆ ਹੈ। ਯਾਨੀ ਕਿ, ਸਰੀਰ ਦੇ ਕਿਸੇ ਹਿੱਸੇ ਦੇ ਕੇਸ਼ਾਂ ਜਾਂ ਵਾਲਾਂ ਨੂੰ ਕੱਟਣਾ ਪ੍ਰਭੂ-ਪਿਤਾ ਦੇ ਇਲਾਹੀ ਹੁਕਮ ਦੀ ਉਲੰਘਣਾ ਹੈ, ਜੋ ਕਿ ਨਹੀਂ ਕੀਤੀ ਜਾਣੀ ਚਾਹੀਦੀ। ਹਾਂ, ਸਰਜਰੀ ਦੌਰਾਨ ਕੱਟੇ ਜਾਣ ਵਾਲੇ ਕੇਸ਼ਾਂ-ਵਾਲਾਂ ਬਾਰੇ ਵਹਿਮ ਨਹੀਂ ਕਰਨਾ ਚਾਹੀਦਾ ਕਿਉਂਕਿ ਮਨੁੱਖੀ ਜਿੰਦ ਨੂੰ ਬਚਾਉਣ ਲਈ ਕਈ ਵਾਰ ਸਰਜਰੀ ਕਰਨੀ ਜ਼ਰੂਰੀ ਬਣ ਜਾਂਦੀ ਹੈ। ਜੰਗਾਂ-ਯੁੱਧਾਂ ਵਿੱਚ ਲੱਗਣ ਵਾਲੇ ਫੱਟਾਂ/ਜ਼ਖਮਾਂ ਦੇ ਇਲਾਜ ਲਈ ਵੀ, ਕਈ ਵਾਰ, ਸਰਜਰੀ ਕਰਨੀ ਜ਼ਰੂਰੀ ਹੁੰਦੀ ਹੈ। ਪਰ, ਜਾਣ-ਬੁੱਝ ਕੇ ਆਪਣੇ ਆਪ ਨੂੰ ਸੋਹਣਾ ਬਣਾਉਣ ਲਈ (ਫ਼ੈਸ਼ਨ-ਪ੍ਰਸਤੀ ਲਈ) ਕੇਸ਼ਾਂ-ਵਾਲਾਂ ਦਾ ਕੱਟਣਾ ਗੁਰਮਤਿ ਫ਼ਲਸਫ਼ੇ ਅਨੁਸਾਰ ਬੱਜਰ ਕੁਰਹਿਤ ਹੈ, ਜਿਸ ਦੀ ਸਖਤ ਮਨਾਂਹੀ ਹੈ। ਮਨੁੱਖ ਨੂੰ ਸਿੱਖੀ ਦੀ ਦਾਤ ਪਰਮੇਸ਼ਰ ਵੱਲੋਂ (ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਨਾ ਕਰਨ ਨਾਲ) ਮਿਲਦੀ ਹੈ। ਇਸ ਲਈ ਇੱਕ ਸਿੱਖ ਕੋਲੋਂ ਇਹ ਦਾਤ ਕੋਈ (ਸਿਵਾਏ ਪਰਮੇਸ਼ਰ-ਸਰੂਪ ਗੁਰੂ ਦੇ) ਖੋਹ ਨਹੀਂ ਸਕਦਾ। ਹਾਂ, ਜੇਕਰ ਕਿਸੇ ਸਿੱਖ (ਮਰਦ ਤੇ ਨਾਰੀ) ਕੋਲੋਂ ਹੇਠ ਲਿਖੀਆਂ ਚਾਰ ਬੱਜਰ ਕੁਰਹਿਤਾਂ 'ਚੋਂ ਕੋਈ ਕੁਰਹਿਤ ਹੋ ਜਾਵੇ ਤਾਂ, ਉਹ, ਸਥਾਨਕ ਸੰਗਤ ਪਾਸ, ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ, ਹਾਜ਼ਰ ਹੋ ਕੇ, ਯੋਗ ਤਨਖ਼ਾਹ (ਧਾਰਮਿਕ ਸਜ਼ਾ) ਲੁਆ ਕੇ, ਭੁੱਲ ਬਖ਼ਸ਼ਵਾ ਸਕਦਾ ਹੈ -

(ੳ) ਕੇਸ਼ਾਂ-ਰੋਮਾਂ ਦਾ ਕੱਟਣਾ।

(ਅ) ਪਰਾਏ ਪੁਰਸ਼ ਜਾਂ ਪਰਾਈ ਇਸਤਰੀ ਨਾਲ ਸਰੀਰਕ ਸਬੰਧ ਬਣਾਉਣਾ।

(ੲ) ਨਸ਼ਿਆਂ ਦਾ ਸੇਵਨ ਕਰਨਾ।

(ਸ) ਕੁੱਠਾ (ਕਲ੍ਹਮਾਂ ਪੜ੍ਹ ਕੇ ਮਾਰੇ ਗਏ ਜਾਨਵਰ ਦਾ) ਮਾਸ ਖਾਣਾ।

ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਕੋਈ ਵੀ ਬੱਜਰ ਕੁਰਹਿਤ ਕਰਨ ਵਾਲਾ ਪ੍ਰਾਣੀ, ਖ਼ਾਲਸਾਈ ਹਲੇਮੀ-ਰਾਜ ਅਧੀਨ, ਕਿਸੇ ਵੀ ਪ੍ਰਬੰਧਕੀ ਅਹੁਦੇ 'ਤੇ ਨਿਯੁਕਤ ਨਹੀਂ ਕੀਤਾ ਜਾ ਸਕਦਾ, ਜਦ ਤੱਕ ਉਹ, ਉੱਪਰ ਵਰਣਨ ਕੀਤੇ ਢੰਗਾਂ ਨਾਲ, ਆਪਣੀ ਭੁੱਲ ਬਖ਼ਸ਼ਾ ਕੇ ਅੱਗੇ ਵਾਸਤੇ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਨਾ ਕਰਨ ਦਾ ਪ੍ਰਣ, ਸਥਾਨਕ ਸੰਗਤ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹੋ ਕੇ, ਨਹੀਂ ਕਰਦਾ।

5. ਮਾਨਵ-ਵਿਰੋਧੀ ਧਿਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ 'ਤੇ ਕੀਤੇ ਜਾ ਰਹੇ ਸਾਜਿਸ਼ੀ ਹਮਲੇ

ਜਿਵੇਂ ਕਿ ਇਸ ਲਿਖਤ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਆਲਮਗੀਰੀ, ਸਰਬ-ਸਾਂਝੇ, ਸਰਬੱਤ ਦੇ ਭਲੇ ਦੇ ਜਾਮਨ, ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦਾ ਪਾਲਣ ਕਰਨ ਵਾਲੇ ਇਲਾਹੀ ਗੁਰਮਤਿ ਫ਼ਲਸਫ਼ੇ ਦਾ, ਮਾਨਵ-ਵਿਰੋਧੀ ਧਿਰਾਂ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਸਾਜਿਸ਼ੀ ਢੰਗਾਂ ਨਾਲ, ਵਿਉਂਤਬੰਦ ਤੇ ਜਥੇਬੰਦ ਹੋ ਕੇ, ਜੰਗੀ-ਪੱਧਰ 'ਤੇ, ਵਿਰੋਧ ਕਰਦੀਆਂ ਆ ਰਹੀਆਂ ਹਨ।

ਇਤਿਹਾਸ ਇਸ ਹਕੀਕਤ ਦਾ ਗਵਾਹ ਹੈ ਕਿ ਜਦੋਂ ਤੱਕ ਸਿੱਖ ਕੌਮ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਤੋਂ ਸਰਬਪੱਖੀ ਅਗੁਵਾਈ ਹਾਸਿਲ ਕਰ ਕੇ ਵਿਚਰਦੀ ਰਹੀ, ਇਸ ਨੂੰ ਅਕਾਲ ਪੁਰਖੁ ਨੇ ਹਰ ਮੈਦਾਨ ਫ਼ਤਹਿ ਦੀ ਬਖ਼ਸ਼ਿਸ਼ ਕੀਤੀ ਅਤੇ ਵਿਰੋਧੀ ਧਿਰਾਂ ਨੂੰ ਮੂੰਹ ਦੀ ਖਾਣੀ ਪਈ। 1469 ਤੋਂ ਲੈ ਕੇ 1708 ਤੱਕ (ਜਿਸ ਦੌਰਾਨ ਪਰਮੇਸ਼ਰ-ਸਰੂਪ ਗੁਰੂ ਜਾਮਿਆਂ ਨੇ ਖ਼ੁਦ ਕੌਮ ਦੀ ਅਗੁਵਾਈ ਕੀਤੀ) ਇਹ ਮਾਨਵ-ਵਿਰੋਧੀ ਧਿਰਾਂ, ਸ਼ਖ਼ਸੀ ਗੁਰੂ-ਜਾਮਿਆਂ ਦੇ ਸ਼ਰੀਕਾਂ ਵਜੋਂ, ਕਈ ਸ਼ਖ਼ਸੀਅਤਾਂ (ਸ੍ਰੀ ਚੰਦ ਜੀ, ਦਾਤੂ ਜੀ, ਮੋਹਨ ਜੀ, ਪ੍ਰਿਥੀ ਚੰਦ ਜੀ, ਮਿਹਰਬਾਨ ਜੀ, ਹਰਿ ਜੀ, ਰਾਮ ਰਾਏ ਜੀ, ਧੀਰਮੱਲ ਜੀ ਆਦਿ) ਨੂੰ 'ਗੁਰੂ' ਦੇ ਸ਼ਰੀਕਾਂ ਵਜੋਂ ਉਭਾਰ ਕੇ ਸਥਾਪਤ ਕਰਨ ਦੇ ਯਤਨ ਕਰਦੀਆਂ ਰਹੀਆਂ ਸਨ। ਪਰ, **ਜਦੋਂ ਕਲ਼ਗੀਧਰ ਪਿਤਾ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵਕਾਲ ਲਈ ਗੁਰੂ ਨਾਨਕ ਜੋਤਿ ਦੀ ਗੁਰਗੱਦੀ 'ਤੇ ਸ਼ੁਸ਼ੋਭਤ ਕਰ ਦਿੱਤਾ ਤਾਂ, ਇਨ੍ਹਾਂ ਧਿਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਅਤੇ ਇਨ੍ਹਾਂ ਨੇ ਡੂੰਘੀ ਸੋਚ-ਵਿਚਾਰ ਕਰ ਕੇ ਫ਼ੈਸਲਾ ਕੀਤਾ ਕਿ, ਕਿਉਂਕਿ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਸ਼ਰੀਕ ਵਜੋਂ) ਕਿਸੇ ਵਿਅਕਤੀ ਨੂੰ ਤਾਂ ਖੜ੍ਹਾ ਨਹੀਂ ਕੀਤਾ ਜਾ ਸਕਦਾ, ਕਿਸੇ ਵੱਡ-ਅਕਾਰੀ ਗ੍ਰੰਥ ਨੂੰ ਹੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰ ਕੇ ਸਥਾਪਤ ਕਰਨਾ ਪਵੇਗਾ। ਇਸ ਸਾਜ਼ਿਸ਼ੀ ਫ਼ੈਸਲੇ ਨੂੰ**

ਅਮਲੀ ਰੂਪ ਦੇਣ ਲਈ ਕੁੱਝ ਕੁ ਵੱਡ-ਆਕਾਰੀ ਗੁਰਮਤਿ-ਵਿਰੋਧੀ ਗ੍ਰੰਥ (ਬਚਿੱਤ੍ਰ ਨਾਟਕ ਗ੍ਰੰਥ, ਸਰਬਲੋਹ ਗ੍ਰੰਥ ਆਦਿ) ਹੋਂਦ ਵਿੱਚ ਲਿਆਂਦੇ ਗਏ।

ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਗ੍ਰੰਥਾਂ ਦੇ ਬਹੁਤੇ ਲਿਖਾਰੀ ਗੁੰਮਨਾਮ ਹਨ। ਬਚਿੱਤ੍ਰ ਨਾਟਕ ਗ੍ਰੰਥ ਦਾ ਬਹੁਤਾ ਹਿੱਸਾ ਮਾਰਕੰਡੇਯ-ਪੁਰਾਣ, ਸ਼ਿਵ-ਪੁਰਾਣ ਤੇ ਸ੍ਰੀਮਦ ਭਾਗਵਤ-ਪੁਰਾਣ (ਬ੍ਰਾਹਮਣਵਾਦੀ ਪੌਰਾਣਾਂ) 'ਚੋਂ ਨਕਲ ਮਾਰ ਕੇ ਲਿਖਿਆ ਹੋਇਆ ਹੈ। ਇਸ ਗ੍ਰੰਥ ਦੀਆਂ ਕੁੱਝ ਕੁ ਪੁਰਾਤਨ ਹੱਥ-ਲਿਖਤ ਜਿਲਦਾਂ 'ਚ ਇਸ ਦਾ ਕੋਈ ਸਿਰਲੇਖ ਵੀ ਲਿਖਿਆ ਨਹੀਂ ਮਿਲਦਾ। ਪਰ, ਇਸ ਦੇ ਤਤਕਰੇ 'ਚ ਬਚਿੱਤ੍ਰ ਨਾਟਕ ਦੇ ਕਈ ਅਧਿਆਇ ਦਾ ਜ਼ਿਕਰ ਆਉਂਣ ਕਰ ਕੇ ਇਸ ਦਾ ਨਾਂ ਬਚਿੱਤ੍ਰ ਨਾਟਕ ਰੱਖਿਆ ਗਿਆ। ਜਦੋਂ ਵੇਖਿਆ ਗਿਆ ਕਿ ਇਸ ਨਾਮ ਨਾਲ ਇਹ ਸਿੱਖ ਜਗਤ ਨੂੰ ਕੋਈ ਖ਼ਾਸ ਖਿੱਚ ਨਹੀਂ ਪਾ ਰਿਹਾ ਤਾਂ, ਇਸ ਦਾ ਨਾਂ ਬਦਲ ਕੇ 'ਦਸਮ ਗ੍ਰੰਥ' ਰੱਖ ਦਿੱਤਾ ਗਿਆ। ਬੱਸ, ਇਥੋਂ ਇਹ ਸਾਜਿਸ਼ ਰੰਗ ਵਿਖਾਉਂਣ ਲੱਗੀ, ਕਿਉਂਕਿ, ਲਫ਼ਜ਼ 'ਦਸਮ' ਦਸਮੇਸ਼ ਪਿਤਾ ਜੀ ਨਾਲ ਜੁੜਿਆ ਹੋਣ ਕਰ ਕੇ ਇਸ ਨੇ ਸਿੱਖ ਜਗਤ ਨੂੰ ਜਜ਼ਬਾਤੀ ਖਿੱਚ ਪਾਉਂਣੀ ਸ਼ੁਰੂ ਕਰ ਦਿੱਤੀ। ਹੁਣ ਫਿਰ ਇਸ ਦਾ ਸਿਰਲੇਖ ਬਦਲ ਕੇ ਇਸ ਨੂੰ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸਿਰਲੇਖ ਹੇਠ ਛਾਪਿਆ ਜਾ ਰਿਹਾ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਦੌਰਾਨ, ਇਸ ਗ੍ਰੰਥ ਦੀ ਮੰਜੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਸ਼ਰੀਕ ਵਜੋਂ) ਜਥਾ ਭਿੰਡਰਾਂਵਾਲਾ ਦੀ ਇੱਕ ਸ਼ਾਖ ਦੇ ਹੈਡ-ਕੁਆਟਰ ਮਹਿਤਾ ਚੌਕ (ਪੰਜਾਬ), ਤਖ਼ਤ ਸਾਹਿਬ, ਪਟਨਾ ਸਾਹਿਬ, ਤਖ਼ਤ ਸਾਹਿਬ ਹਜ਼ੂਰ ਸਾਹਿਬ ਤੇ ਹੋਰ ਕਈ ਡੇਰਿਆਂ ਵਿੱਚ ਡਾਹ ਦਿੱਤੀ ਗਈ। ਨਿਹਸੰਦੇਹ, ਇਸ ਗ੍ਰੰਥ ਨਾਲ 'ਗੁਰੂ' ਪਦ ਨੂੰ ਜੋੜਨਾ ਤੇ ਇਸ ਦਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਗੁਰੂ ਗ੍ਰੰਥ ਸਾਹਿਬ ਵਾਕਰ) ਪ੍ਰਕਾਸ਼ (?) ਕਰਨ ਦੀ ਸਾਜਿਸ਼ੀ ਕਾਰਵਾਈ ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ 'ਤੇ, ਨਾ-ਕਾਬਲੇ-ਬਰਦਾਸ਼ਤ, ਸਿੱਧੇ ਹਮਲੇ ਹਨ। ਵੈਸੇ ਇਸ ਸਾਜ਼ਿਸ਼ ਵਿੱਚ ਤੱਤਕਾਲੀਨ ਅੰਗਰੇਜ਼ੀ ਸਾਮਰਾਜ ਦੇ ਮਾਲਕਮ ਵਰਗੇ ਵਿਦਵਾਨ ਵੀ ਸ਼ਾਮਿਲ ਸਨ। ਇਸ ਸਾਜਿਸ਼ੀ ਕਾਰਵਾਈ ਨੂੰ ਠੱਲ੍ਹ ਪਾਉਂਣ ਲਈ ਸਿੱਖ ਕੌਮ ਦੇ ਇਸ ਸਾਜਿਸ਼ ਵਿੱਚ (ਜਾਣੇ ਜਾਂ ਅਣਜਾਣੇ) ਸ਼ਾਮਿਲ ਹਿੱਸੇ ਘੱਟੋ-ਘੱਟ ਹੇਠ ਲਿਖੇ ਦੋ ਪੱਖਾਂ 'ਤੇ ਅਮਲ ਕਰ ਕੇ, ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਯਕੀਨ ਸਿੱਖ ਕੌਮ ਨੂੰ ਦੁਆਉਣ :

(ੳ) **ਇਸ ਗ੍ਰੰਥ (ਅਤੇ ਭਵਿੱਖ ਵਿੱਚ ਹੋਰ ਕਿਸੇ ਵੀ ਗ੍ਰੰਥ) ਨਾਲ ਲਗਾਇਆ ਹੋਇਆ 'ਗੁਰੂ' ਲਫ਼ਜ਼ ਲਾਹ ਦੇਣ, ਕਿਉਂਕਿ, ਸਾਰੇ ਸੰਸਾਰ ਦੇ ਧਾਰਮਿਕ ਗ੍ਰੰਥਾਂ ਵਿੱਚ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨਾਲ ਹੀ 'ਗੁਰੂ' ਪਦ ਦੀ ਵਰਤੋਂ ਕਰਨੀ ਗੁਰਮਤਿ ਫ਼ਲਸਫ਼ੇ ਅਨੁਸਾਰ ਯੋਗ ਹੈ ਅਤੇ ਇਸ ਗੁਰਮਤਿ ਸਿਧਾਂਤ ਦੀ ਉਲੰਘਣਾ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।**

(ਅ) **ਇਸ ਗ੍ਰੰਥ (ਅਤੇ ਅਜਿਹੇ ਹੋਰ ਗੁਰਮਤਿ-ਵਿਰੋਧੀ ਗ੍ਰੰਥਾਂ) ਦੀ ਗੁਰੂ ਗ੍ਰੰਥ ਸਾਹਿਬ ਦੇ ਸਿੰਘਾਸਨ ਦੇ ਬਰਾਬਰ ਡਾਹੀ ਹੋਈ ਮੰਜੀ (ਇਨ੍ਹਾਂ ਗ੍ਰੰਥਾਂ ਨੂੰ ਗੁਰੂ**

ਗ੍ਰੰਥ ਸਾਹਿਬ ਦੇ ਸ਼ਰੀਕਾਂ ਵਜੋਂ ਮਾਨਤਾ ਦੇਣ ਵਾਲੀ ਕੋਝੀ ਤੇ ਨਾ-ਕਾਬਲ-ਏ-ਬਰਦਾਸ਼ਤ ਕਾਰਵਾਈ) ਤੁਰੰਤ ਚੁੱਕ ਦਿੱਤੀ ਜਾਵੇ।

ਜੇਕਰ ਕਿਸੇ ਨੂੰ ਇਨ੍ਹਾਂ ਗ੍ਰੰਥਾਂ ਦੇ ਪਾਠ-ਪਠਨ ਤੇ ਅਧਿਐਨ 'ਚੋਂ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਉਹ ਜੀ-ਸਦਕੇ ਭਾਵੇਂ ਦਿਨ-ਰਾਤ ਇਨ੍ਹਾਂ ਦਾ ਪਾਠ ਕਰੀ ਜਾਵੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ। ਪਰ, ਇਨ੍ਹਾਂ ਨੂੰ ਸ਼ਬਦ-ਗੁਰੂ ਦੇ ਸ਼ਰੀਕ ਵਜੋਂ ਮਾਨਤਾ ਦੇਣੀ ਸ਼ਬਦ-ਗੁਰੂ ਦੀ ਘੋਰ ਬੇ-ਅਦਬੀ ਹੈ।

ਉਪਰੋਕਤ ਸਾਜ਼ਿਸ਼ ਦੀਆਂ ਕੜੀਆਂ ਵਜੋਂ ਅੱਜ ਅਸੀਂ ਵੇਖਦੇ ਹਾਂ ਕਿ ਸਿੱਖ ਕੌਮ ਨੂੰ ਗੁਮਰਾਹ ਕਰ ਕੇ ਕਮਜ਼ੋਰ ਕਰਨ ਲਈ, ਪੰਜਾਬ ਵਿੱਚ ਕਈ ਅਸਥਾਨਾਂ 'ਤੇ ਦੇਹਧਾਰੀ ਗੁਰੂਡੰਮ ਵੀ ਪੈਰ ਪਸਾਰ ਰਿਹਾ ਹੈ (ਰਾਧਾ ਸੁਆਮੀਏ, ਕੂਕੇ, ਅਸ਼ੂਤੋਸ਼ੀਏ, ਸਰਸੇ ਵਾਲੇ ਦੇ ਚੇਲੇ, ਕੁੱਝ ਹੱਦ ਤੱਕ ਨਾਨਕ-ਸਰੀਏ ਤੇ ਹੋਰ ਕਈ ਨਕਲੀ ਸਾਧ-ਸੰਤ ਇਸ ਕਾਰਵਾਈ 'ਚ ਮਸ਼ਰੂਫ ਹਨ)। ਇਨ੍ਹਾਂ ਗੁਰੂ-ਡੰਮੀ ਅਸਥਾਨਾਂ 'ਤੇ, ਸਿੱਖ ਜਗਤ ਨਾਲ ਠੱਗੀ ਮਾਰਨ ਲਈ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ। ਪਰ, ਘੁਮਾ-ਫਿਰਾ ਕੇ ਤੋੜਾ ਇਥੇ ਝਾੜਿਆ ਜਾਂਦਾ ਹੈ ਕਿ ਦੇਹਧਾਰੀ ਗੁਰੂ ਤੋਂ ਬਿਨਾਂ ਗੁਰਮਤਿ ਦੀ ਸਮਝ ਹੀ ਨਹੀਂ ਆ ਸਕਦੀ। ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਜਾਣਕਾਰੀ ਤੋਂ ਕੋਰਾ ਸਿੱਖ ਜਗਤ ਦਾ ਵੱਡਾ ਹਿੱਸਾ ਇਨ੍ਹਾਂ ਗੁਰੂ-ਡੰਮੀਆਂ ਦੇ ਕਪਟੀਜਾਲ ਵਿੱਚ ਫਸਿਆ ਹੋਇਆ ਹੈ ਅਤੇ ਉਤਨਾ ਚਿਰ ਫਸਿਆ ਰਹੇਗਾ ਜਦੋਂ ਤੱਕ ਗੁਰਬਾਣੀ-ਗੁਰੂ ਦੇ ਉਪਦੇਸ਼ਾਂ ਨੂੰ ਸਮਝ ਕੇ ਇਹ ਜਾਗ ਨਹੀਂ ਪੈਂਦਾ (ਅਗਿਆਨਤਾ ਦੀ ਨੀਂਦ 'ਚੋਂ)। ਮਨੁੱਖ ਨੂੰ ਕੇਵਲ ਅਤੇ ਕੇਵਲ ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਸੋਝੀ ਹੀ ਅਗਿਆਨਤਾ ਦੀ ਨੀਂਦ 'ਚੋਂ ਜਗਾ ਸਕਦੀ ਹੈ, ਕਿਸੇ ਦੇਹਧਾਰੀ ਗੁਰੂ-ਡੰਮੀਏ ਨਕਲੀ ਸਾਧ ਦੇ ਅਖੌਤੀ ਪਰਬਚਨ ਨਹੀਂ -

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ॥
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥
ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ॥ (ਮ:੧, ੮੪੪)

ਪਦ ਅਰਥ : ਜਾਗੁ - (ਮਾਇਆ ਦੇ ਹੱਲਿਆਂ ਵੱਲੋਂ) ਸਾਵਧਾਨ ਰਹੁ। ਸਲੋਨੜੀਏ- ਹੇ ਸੋਹਣੇ ਨੇਤ੍ਰਾਂ ਵਾਲੀ ਜੀਵ-ਇਸਤ੍ਰੀਏ! ਬੋਲੈ-ਬੋਲਦੀ ਹੈ, ਜਗਾਉਂਦੀ ਹੈ, ਸਾਵਧਾਨ ਕਰਦੀ ਹੈ। ਜਿਨਿ-ਜਿਸ ਨੇ। ਸੁਣਿ-ਸੁਣ ਕੇ। ਅਕਥ ਕਹਾਣੀ-ਅਕੱਥ ਪ੍ਰਭੂ ਦੀ ਸਿਫ਼ਤਿ-ਸਾਲਾਹ। ਅਕੱਥ-ਜਿਸ ਦਾ ਸਹੀ ਰੂਪ ਬਿਆਨ ਨਾ ਕੀਤਾ ਜਾ ਸਕੇ। ਪਦੁ-ਆਤਮਿਕ ਦਰਜਾ। ਨਿਰਬਾਣ-ਵਾਸ਼ਨਾ-ਰਹਿਤ। ਕੋ-ਕੋਈ। ਗੁਰਮੁਖਿ-ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਨ ਵਾਲਾ। ਬੂਝਏ-ਬੁੱਝਦਾ ਹੈ, ਸਮਝਦਾ ਹੈ। ਸਬਦਿ-ਗੁਰੂ ਦੇ ਸ਼ਬਦ (ਉਪਦੇਸ਼) ਵਿੱਚ। ਆਪੁ-ਆਪਾ-ਭਾਵ। ਤ੍ਰਿਭਵਣ ਸੋਝੀ-ਸ੍ਰਿਸ਼ਟੀ ਵਿੱਚ ਵਿਆਪਕ ਪ੍ਰਭੂ ਦੀ ਸੂਝ।

ਭਾਵ: ਹੇ ਸੋਹਣੇ ਨੇਤ੍ਰਾਂ ਵਾਲੀ ਜੀਵ-ਇਸਤ੍ਰੀਏ! (ਮਾਇਆ ਦੇ ਹੱਲਿਆਂ ਵੱਲੋਂ)

ਸਾਵਧਾਨ ਰਹੁ, (ਤੈਨੂੰ) ਗੁਰੂ ਦੀ ਬਾਣੀ ਜਗਾ ਰਹੀ ਹੈ। ਜਿਸ (ਜੀਵ-ਇਸਤ੍ਰੀ) ਨੇ (ਗੁਰੂ ਦੀ ਬਾਣੀ) ਸੁਣ ਕੇ (ਉਸ ਵਿੱਚ) ਸ਼ਰਧਾ ਬਣਾਈ ਹੈ, ਉਹ ਅਕੱਥ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨ ਲੱਗ ਪੈਂਦੀ ਹੈ ਤੇ ਅਕੱਥ-ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਉਹ ਉਸ ਆਤਮਿਕ ਅਵੱਸਥਾ ਵਿੱਚ ਪਹੁੰਚ ਜਾਂਦੀ ਹੈ, ਜਿੱਥੇ ਕੋਈ ਵਾਸ਼ਨਾ ਪੋਹ ਨਹੀਂ ਸਕਦੀ।

ਪਰ, ਗੁਰੂ ਦੇ ਸਨਮੁੱਖ ਰਹਿਣ ਵਾਲਾ (ਗੁਰੂ ਦੇ ਬਚਨਾਂ ਦੀ ਪਾਲਣਾ ਕਰਨ ਵਾਲਾ) ਕੋਈ ਵਿਰਲਾ ਮਨੁੱਖ ਇਸ ਗੱਲ ਨੂੰ ਸਮਝਦਾ ਹੈ, ਉਹ (ਗੁਰਮੁੱਖ) ਮਨੁੱਖ ਗੁਰੂ ਦੇ ਸ਼ਬਦ ਵਿੱਚ ਲੀਨ ਰਹਿੰਦਾ ਹੈ, (ਆਪਣੇ ਅੰਦਰੋਂ) ਆਪਾ-ਭਾਵ ਦੂਰ ਕਰ ਲੈਂਦਾ ਹੈ, ਸ੍ਰਿਸ਼ਟੀ ਵਿੱਚ ਵਿਆਪਕ ਪ੍ਰਭੂ ਨਾਲ ਉਸ ਦੀ ਡੂੰਘੀ ਸਾਂਝ ਹੋ ਜਾਂਦੀ ਹੈ, ਉਹ ਮਨੁੱਖ ਮਾਇਆ ਦੇ ਮੋਹ ਤੋਂ ਬਚਿਆ ਰਹਿੰਦਾ ਹੈ।

ਗੁਰੂ ਗ੍ਰੰਥ ਸਾਹਿਬ 'ਤੇ ਸਾਜਿਸ਼ੀ ਹਮਲੇ ਕਿਉਂ ਕੀਤੇ ਜਾ ਰਹੇ ਹਨ ?

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮਾਨਵ-ਵਿਰੋਧੀ ਧਿਰਾਂ ਗੁਰੂ ਗ੍ਰੰਥ ਸਾਹਿਬ ਦੇ, ਮਨੁੱਖ-ਮਾਤਰ ਦੀ ਹਰ ਪੱਖ ਤੋਂ ਬਰਾਬਰਤਾ ਨੂੰ ਮਾਨਤਾ ਦੇਣ ਵਾਲੇ, ਸਰਲ, ਵਿਗਿਆਨਿਕ, ਸਰਬੱਤ ਦਾ ਭਲਾ ਲੋਚਣ ਵਾਲੇ, ਹੱਕ-ਸੱਚ-ਇਨਸਾਫ਼ ਨੂੰ ਸਥਾਪਤ ਕਰਨ ਦੇ ਜਾਮਨ, ਸਰਬ-ਸਾਂਝੇ, ਮਾਨਵ-ਵਾਦੀ, ਇਨਕਲਾਬੀ ਫ਼ਲਸਫ਼ੇ ਤੋਂ ਬਹੁਤ ਹੀ ਜ਼ਿਆਦਾ ਤ੍ਰੱਬਕਦੀਆਂ ਹਨ, ਇਸ ਲਈ ਇਹ ਧਿਰਾਂ, ਹਰ-ਹੀਲੇ, ਇਸ ਆਲਮਗੀਰੀ ਫ਼ਲਸਫ਼ੇ ਦੇ ਪ੍ਰਚਾਰ ਤੇ ਪਾਸਾਰ ਨੂੰ ਰੋਕਣਾ ਚਾਹੁੰਦੀਆਂ ਹਨ। ਇਹ ਭਲੀ-ਭਾਂਤ ਸਮਝਦੀਆਂ ਹਨ ਕਿ ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਮੌਜੂਦ ਹਨ, ਸਿੱਖ ਕੌਮ ਅਤੇ ਸਿੱਖੀ (ਸਿੱਖ ਫ਼ਲਸਫ਼ਾ) ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਅਤੇ ਜਦ ਤੱਕ ਸਿੱਖ ਕੌਮ ਸਿੱਖ ਫ਼ਲਸਫ਼ੇ ਨਾਲ ਜੁੜੀ ਰਹੇਗੀ (ਭਾਵੇਂ ਥੋੜੀ ਗਿਣਤੀ 'ਚ ਹੀ ਸਹੀ) ਇਨ੍ਹਾਂ ਮਾਨਵ-ਵਿਰੋਧੀ ਧਿਰਾਂ ਦੀ ਹੋਂਦ ਨੂੰ ਖ਼ਤਰਾ ਬਣਿਆ ਹੀ ਰਹੇਗਾ। ਇਹੀ ਮੂਲ ਕਾਰਨ ਹੈ ਕਿ ਇਹ ਸ਼ੈਤਾਨ ਟੋਲੇ ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ, ਗੁਰਮਤਿ-ਵਿਰੋਧੀ ਗ੍ਰੰਥਾਂ ਨਾਲ ਜੋੜਨਾ ਚਾਹੁੰਦੇ ਹਨ, ਤਾ ਕਿ, ਹੌਲੀ-ਹੌਲੀ, ਸਿੱਖ ਕੌਮ ਨੂੰ ਬ੍ਰਾਹਮਣਵਾਦੀ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਮੂਰਤੀ-ਪੂਜਾ, ਦੇਵੀ-ਦੇਵਤਿਆਂ ਦੀ ਪੂਜਾ ਅਤੇ ਹੋਰ ਫ਼ਜ਼ੂਲ ਦੀਆਂ ਗੁਰਮਤਿ-ਵਿਰੋਧੀ ਰੀਤਾਂ-ਰਸਮਾਂ ਵਿੱਚ ਉਲਝਾ ਕੇ ਬ੍ਰਾਹਮਣਵਾਦ ਦੇ ਡੂੰਘੇ ਖਾਰੇ ਸਮੁੰਦਰ ਵਿੱਚ ਜਜ਼ਬ ਕਰ ਲਿਆ ਜਾਵੇ। ਇਸ ਸਾਜਿਸ਼ੀ ਮਨੋਰਥ ਦੀ ਪੂਰਤੀ ਲਈ ਇਹ ਟੋਲੇ ਕੁੱਝ ਕੁ ਗੁਰਮਤਿ-ਵਿਰੋਧੀ ਗ੍ਰੰਥਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕਾਂ ਵਜੋਂ ਉਭਾਰ ਕੇ (ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਇਨ੍ਹਾਂ ਦੀ ਮੰਜੀ ਡਾਹ ਕੇ), ਗੁਰੂ ਗ੍ਰੰਥ ਸਾਹਿਬ ਦੀ ਅਹਿਮੀਅਤ ਨੂੰ ਖਤਮ ਕਰ ਕੇ, ਸਿੱਖ ਕੌਮ ਨੂੰ ਭੰਬਲਭੂਸਿਆਂ 'ਚ ਪਾ ਕੇ, ਅੰਤ ਵਿੱਚ ਖਤਮ ਕਰਨਾ ਚਾਹੁੰਦੇ ਹਨ।

ਸਿੱਖ ਕੌਮ ਗੁਰੂ ਗ੍ਰੰਥ ਸਾਹਿਬ 'ਤੇ ਹੋ ਰਹੇ ਸਾਜਿਸ਼ੀ ਹਮਲਿਆਂ ਦਾ ਟਾਕਰਾ ਕਿਵੇਂ ਕਰੇ ?

ਗੁਰੂ ਸਾਹਿਬ 'ਤੇ ਹੋ ਰਹੇ ਇਨ੍ਹਾਂ ਸਾਜਿਸ਼ੀ ਹਮਲਿਆਂ ਦੀ ਦਾਸਤਾਨ ਦਾ ਸਭ ਤੋਂ

ਦੁਖਦਾਈ ਅਤੇ ਚਿੰਤਾਜਨਕ ਪੱਖ ਇਹ ਹੈ ਕਿ ਸ਼ਾਤਰ ਸਾਜਿਸ਼ੀ ਧਿਰਾਂ ਨੇ ਗੁਰੂ ਦੇ ਸਿੱਖ ਅਖਵਾਉਂਣ ਵਾਲਿਆਂ ਨੂੰ ਹੀ (ਚਾਣਕੀਯਾ ਕੂਟਨੀਤੀ ਦੇ ਸਹਾਰੇ) ਮੂਹਰੇ ਲਾ ਕੇ (ਖਰੀਦ ਕੇ, ਗੁਮਰਾਹ ਕਰ ਕੇ ਜਾਂ ਡਰਾ-ਧਮਕਾਅ ਕੇ) ਇਸ ਸਾਜਿਸ਼ ਨੂੰ ਸਿਰੇ ਚਾੜ੍ਹਨ ਦਾ ਪਲਾਨ ਬਣਾ ਕੇ ਅਮਲ 'ਚ ਲਿਆਉਂਣਾ ਸ਼ੁਰੂ ਕੀਤਾ ਹੋਇਆ ਹੈ। ਅੱਜ ਸਿੱਖ ਕੌਮ ਆਪਣੇ ਇਤਿਹਾਸ ਦੇ ਬੜੇ ਖ਼ਤਰਨਾਕ ਮੋੜ 'ਤੇ ਆਣ ਖੜ੍ਹੀ ਹੋਈ ਹੈ ਅਤੇ ਵਕਤ ਹੈ, ਸ਼ਬਦ-ਗੁਰੂ ਨੂੰ ਸਮਰਪਤ ਹੋ ਕੇ, ਗੁਰਮਤਿ-ਵਿਧੀ ਅਨੁਸਾਰ ਪਲਾਨ (ਨੇੜ-ਭਵਿੱਖ ਤੇ ਦੂਰ-ਭਵਿਖ ਦੇ ਪਲਾਨ) ਬਣਾ ਕੇ, ਗੁਰੂ-ਪਰਮੇਸ਼ਰ ਨੂੰ ਅੰਗਸੰਗ ਜਾਣ ਕੇ (ਹੇਠ ਲਿਖੇ ਸੁਝਾਅ ਜਾਂ ਕਿਸੇ ਹੋਰ ਬਿਹਤਰ ਸੁਝਾਅ ਅਨੁਸਾਰ) ਦ੍ਰਿੜਤਾ ਨਾਲ ਜਦੋਜਹਿਦ ਕਰਨ ਦਾ।

(ੳ) ਮਾਨਵ-ਵਿਰੋਧੀ ਧਿਰਾਂ ਦੀ ਇਸ ਸਾਜਿਸ਼ ਵਿੱਚ (ਜਾਣੇ ਜਾਂ ਅਣਜਾਣੇ ਵਿੱਚ) ਸ਼ਿਰਕਤ ਕਰ ਰਹੀਆਂ ਸਿੱਖ ਜਥੇਬੰਦੀਆਂ/ਸੰਸਥਾਵਾਂ/ਅਦਾਰਿਆਂ/ਵਿਅਕਤੀਆਂ ਨੂੰ ਗੁਰੂ ਦਾ ਵਾਸਤੇ ਪਾ ਕੇ ਅਪੀਲ ਕਰੀਏ ਕਿ ਉਹ ਗੁਰੂ ਸਾਹਿਬ 'ਤੇ ਕੀਤੇ ਜਾ ਰਹੇ ਸਾਜਿਸ਼ੀ ਹਮਲਿਆਂ ਦੀ ਅਸਲੀਅਤ ਨੂੰ ਸਮਝਣ ਦਾ ਯਤਨ ਕਰਨ ਅਤੇ ਤੁਰੰਤ ਇਨ੍ਹਾਂ ਸਾਜਿਸ਼ਾਂ ਤੋਂ ਆਪਣੇ ਆਪ ਨੂੰ ਅਲੱਗ ਕਰ ਕੇ ਅਪਣੇ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿੱਚ ਆ ਡਿੱਗਣ।

(ਅ) ਜਿਹੜੀਆਂ ਸਿੱਖ ਜਥੇਬੰਦੀਆਂ/ਸੰਸਥਾਵਾਂ/ਅਦਾਰੇ/ਵਿਅਕਤੀ ਇਸ ਕੌਮੀ ਅਪੀਲ ਨੂੰ ਨਜ਼ਰ-ਅੰਦਾਜ਼ ਕਰਦੇ ਨਜ਼ਰ਼ ਆਉਂਣ, ਸਿੱਖ ਕੌਮ ਦਾ ਜਾਗਰੂਕ ਵਰਗ ਉਨ੍ਹਾਂ ਨਾਲ ਉਦੋਂ ਤੱਕ ਆਪਣੇ ਸਾਰੇ ਸਬੰਧ ਤੋੜ ਲਏ ਜਦੋਂ ਤੱਕ ਉਹ ਸਮੁੱਚੀ ਸਿੱਖ ਕੌਮ ਤੋਂ ਖ਼ਿਮਾ-ਜਾਚਨਾ ਕਰ ਕੇ, ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿੱਚ ਨਾ ਆ ਜਾਣ।

(ੲ) ਜਿਹੜੇ ਅਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਹੋਰ ਗ੍ਰੰਥ ਦੀ ਮੰਜੀ ਲੱਗੀ ਹੋਵੇ, ਉਸ ਅਸਥਾਨ 'ਤੇ ਨਾ ਜਾਇਆ ਜਾਵੇ ਤੇ ਉਸ ਅਸਥਾਨ ਦੇ ਪ੍ਰਬੰਧਕਾਂ ਨੂੰ ਕਿਸੇ ਕਿਸਮ ਦਾ ਸਹਿਜੋਗ ਨਾ ਦਿੱਤਾ ਜਾਵੇ।

(ਸ) ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਵਿਆਖਿਆ ਕਰਨ ਦੇ ਨਾਲ-ਨਾਲ, ਗੁਰਮਤਿ ਦੇ ਬੁਨਿਆਦੀ ਸਿਧਾਂਤਾਂ,.ਗੁਰ-ਇਤਿਹਾਸ ਤੇ ਗੁਰਮਤਿ-ਸਭਿਆਚਾਰ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਲਈ ਵਿਉਂਤਬੰਦ ਢੰਗ ਨਾਲ ਜਥੇਬੰਦ ਹੋ ਕੇ, ਪੂਰੀ ਤਨਦੇਹੀ ਨਾਲ ਜੁਟ ਜਾਈਏ।

(ਹ) ਜਿਨਾ ਛੇਤੀ ਹੋ ਸਕੇ, 'ਸਰਬੱਤ ਖ਼ਾਲਸਾ' ਦੀ ਕੇਂਦਰੀ ਸੰਸਥਾ ਦੀ ਪੁਨਰ-ਸੁਰਜੀਤੀ ਕਰ ਕੇ, ਕੌਮੀ ਜਥੇਬੰਦਕ ਸਿਸਟਮ ਨੂੰ ਹੋਂਦ ਵਿੱਚ ਲਿਆ ਕੇ, ਅਮਲ ਵਿੱਚ ਲਿਆਂਦਾ ਜਾਵੇ।

6. ਸਿੱਖ ਕੌਮ ਦੀਆਂ ਜਥੇਬੰਦੀਆਂ/ਸੰਸਥਾਵਾਂ/ਅਦਾਰਿਆਂ ਦਾ ਗੁਰਮਤਿਕਰਨ

ਅੱਜ ਸਿੱਖ ਕੌਮ ਦੀਆਂ ਬਹੁਤ ਸਾਰੀਆਂ ਸਿਆਸੀ, ਧਾਰਮਿਕ ਤੇ ਸਮਾਜਿਕ

ਜਥੇਬੰਦੀਆਂ/ਸੰਸਥਾਵਾਂ ਤੇ ਅਦਾਰੇ ਗੁਰਮਤਿ ਗਾਡੀਰਾਹ ਤੋਂ ਭਟਕ ਚੁੱਕੇ ਹਨ। ਇਨ੍ਹਾਂ ਦਾ ਗੁਰਮਤਿਕਰਨ ਕਰ ਕੇ, ਸਰਬੱਤ ਖ਼ਾਲਸਾ ਦੀ ਕੇਂਦਰੀ ਸੰਸਥਾ ਨੂੰ ਪੁਨਰ-ਸੁਰੀਤ ਕਰ ਕੇ, ਸਿੱਖ ਕੌਮ ਦੇ ਗੁਰਮਤਿ-ਅਨੁਸਾਰੀ ਜਥੇਬੰਦਕ ਸਿਸਟਮ ਨੂੰ ਅਮਲ ਵਿੱਚ ਲਿਆ ਕੇ ਹੀ, ਕੀਤਾ ਜਾ ਸਕੇਗਾ।

7. ਮਨੂੰਵਾਦ ਵੱਲੋਂ ਚੁਣੌਤੀ

ਭਾਰਤ ਉਪ-ਮਹਾਂਦੀਪ ਕਹਿਣ ਨੂੰ ਤਾਂ ਇੱਕ ਲੋਕਰਾਜ ਹੈ, ਪਰ, ਅਮਲੀ ਵਰਤਾਰਾ ਇਥੇ ਘੱਟ ਗਿਣਤੀਆਂ, ਨਸਲੀ ਇਕਾਈਆਂ, ਗ਼ਰੀਬ ਸਮਾਜਕ ਵਰਗਾਂ ਤੇ ਅਖੌਤੀ ਦਲਿਤਾਂ ਨੂੰ ਡਰਾ-ਧਮਕਾਅ ਕੇ, ਲਾਲਚ ਦੇ ਕੇ, ਇਨ੍ਹਾਂ ਨਾਲ ਵਿਤਕਰੇ ਕਰ ਕੇ, ਧੱਕੇ ਤੇ ਜ਼ੁਲਮ ਕਰ ਕੇ, ਅਤੇ ਸਮੇਂ-ਸਮੇਂ ਸਿਰ ਇਨ੍ਹਾਂ ਦੀ ਨਸਲਕੁਸ਼ੀ ਕਰ ਕੇ, ਇਨ੍ਹਾਂ ਨੂੰ ਅਖੌਤੀ ਹਿੰਦੂ ਧਰਮ ਅਪਣਾਉਂਣ ਲਈ ਮਜ਼ਬੂਰ ਕਰਨ ਲਈ ਵਰਤੋਂ 'ਚ ਲਿਆਂਦਾ ਜਾ ਰਿਹਾ ਹੈ। ਰਾਸ਼ਟਰੀਆ ਸਵੈਮਸੇਵਕ ਸੰਘ (ਆਰ.ਐਸ.ਐਸ.) ਨਾਮ ਦਾ ਮਨੂੰਵਾਦੀ ਸੰਗਠਨ ਇਨ੍ਹਾਂ ਮਾਨਵ-ਵਿਰੋਧੀ ਕਾਰਵਾਈਆਂ 'ਚ ਪ੍ਰਮੁੱਖ ਤੌਰ 'ਤੇ ਸ਼ਾਮਲ ਹੈ ਅਤੇ ਹਿੰਦੂ ਮਹਾਂਸਭਾ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਭਾਰਤੀ ਜਨਤਾ ਪਾਰਟੀ (ਪਰਾਣਾ ਨਾਂ ਜਨਸੰਘ) ਸ਼ਿਵ-ਸੈਨਾ, ਅਭਿਨਵ ਭਾਰਤ ਆਦਿ ਜਥੇਬੰਦੀਆਂ ਆਰ.ਐਸ.ਐਸ. ਦੀਆਂ ਸਹਿਜੋਗੀ ਇਕਾਈਆਂ ਵਜੋਂ ਕੰਮ ਕਰ ਰਹੀਆਂ ਹਨ। **ਇਨ੍ਹਾਂ ਵੱਲੋਂ 'ਹਿੰਦੀ, ਹਿੰਦੂ, ਹਿੰਦੂਸਤਾਨ' ਦਾ ਮਾਰਿਆ ਜਾ ਰਿਹਾ ਨਾਅਰਾ ਵੀ ਇਹੀ ਸੰਕੇਤ ਦਿੰਦਾ ਹੈ ਕਿ ਜਿਸ ਨੇ ਵੀ ਭਾਰਤ ਵਿੱਚ ਰਹਿਣਾ ਹੈ ਉਹ ਹਿੰਦੂ ਬਣ ਕੇ ਰਹੇ ਤੇ ਹਿੰਦੀ ਬੋਲੇ। ਪੁਸਤਕ ਦੇ ਅੰਤ ਵਿੱਚ ਦਿੱਤੀਆਂ ਅੰਤਿਕਾਵਾਂ ਭਾਰਤ ਵਿੱਚ ਘੱਟ ਗਿਣਤੀਆਂ ਦੇ ਸਾਹਮਣੇ ਇਸ ਗੰਭੀਰ ਚੁਣੌਤੀ ਦੀ ਪ੍ਰੋੜਤਾ ਕਰਦੀਆਂ ਹਨ। ਭਾਰਤ ਵਿੱਚ ਇਹ ਮਾਨਵ-ਵਿਰੋਧੀ ਵਰਤਾਰਾ ਅਗੱਸਤ 1947 ਵਿੱਚ ਭਾਰਤ ਤੇ ਪਾਕਿਸਤਾਨ ਦੇ ਬਟਵਾਰੇ ਦੇ ਵਕਤ ਤੋਂ ਹੀ ਵਰਤਦਾ ਆ ਰਿਹਾ ਹੈ। ਨਿਰਸੰਦੇਹ, ਅਜਿਹਾ ਵਰਤਾਰਾ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਾ ਹੈ ਅਤੇ ਹਰ ਕੀਮਤ 'ਤੇ ਇਸ ਨੂੰ ਠੱਲ੍ਹ ਪਾਈ ਜਾਣੀ ਚਾਹੀਦੀ ਹੈ।**

ਲੇਖਕ ਦੀ ਸਮਝ ਅਨੁਸਾਰ, ਇਸ ਅਤਿ ਖ਼ਤਰਨਾਕ ਮਾਨਵ-ਵਿਰੋਧੀ ਵਰਤਾਰੇ ਨੂੰ ਠੱਲ੍ਹ ਪਾਉਂਣ ਲਈ ਭਾਰਤ ਵਿਚਲੀਆਂ ਸਾਰੀਆਂ ਘੱਟ ਗਿਣਤੀ ਇਕਾਈਆਂ ਤੇ ਕੌਮਾਂ ਨੂੰ ਇੱਕ ਪਲੇਟਫ਼ਾਰਮ 'ਤੇ ਇਕੱਠੇ ਹੋ ਕੇ, ਸਾਂਝੇ ਤੌਰ 'ਤੇ ਯੂ.ਐਨ.ਓ. ਦੀ ਐਸੋਸੀਏਟ ਮੈਂਬਰਸ਼ਿਪ ਹਾਸਲ ਕਰ ਕੇ, ਵਿਉਂਤਬੰਦ ਢੰਗ ਨਾਲ ਲਗਾਤਾਰ ਜਦੋਜਹਿਦ ਕਰਦੇ ਰਹਿਣਾ ਪਵੇਗਾ। ਸਿੱਖ ਕੌਮ ਦੀ ਇਖ਼ਲਾਕੀ ਜ਼ਿੰਮੇਵਾਰੀ ਹੈ ਕਿ ਇਨ੍ਹਾਂ ਸਾਰਿਆਂ ਨੂੰ ਇਕੱਠੇ ਕਰਨ ਲਈ ਪਹਿਲ ਕਰ ਕੇ, ਯੋਗ ਅਗੁਵਾਈ ਦੇਣ ਲਈ ਨਿੱਤਰੇ। ਇਸ ਕਾਰਜ ਵਿੱਚ ਕੱਟੜਵਾਦੀ ਧਾਰਮਿਕ ਸੰਗਠਨਾਂ 'ਤੇ ਨਿਰਭਰ ਹੋਣ ਤੋਂ ਸੰਕੋਚ ਕੀਤਾ ਜਾਵੇ ਕਿਉਂਕਿ ਇਹ ਸੰਗਠਨ ਵੀ ਕੁੱਝ ਦੇਸ਼ਾਂ ਵਿੱਚ ਵਸ ਰਹੀਆਂ ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ ਦਾ ਘਾਣ ਕਰਨ ਦੀਆਂ ਕਾਰਵਾਈਆਂ ਵਿੱਚ ਲੱਗੇ ਹੋਏ ਹਨ। ਲੋੜ ਹੈ ਕਿ ਗ਼ਰੀਬ ਸਮਾਜਕ ਵਰਗਾਂ, ਅਖੌਤੀ

ਦਲਿਤਾਂ ਤੇ ਹੋਰ ਛੋਟੀਆਂ ਕੌਮਾਂ ਜਾਂ ਐਥੇਨਿਕ ਇਕਾਈਆਂ ਦਾ ਵੱਧ ਤੋਂ ਵੱਧ ਸਹਿਯੋਗ ਲੈ ਕੇ ਚੱਲਣ ਲਈ ਪਲਾਨ ਬਣਾ ਕੇ ਅਮਲ ਵਿੱਚ ਲਿਆਂਦੇ ਜਾਣ।

ਇਥੇ ਇਹ ਸੰਕੇਤਕ ਜ਼ਿਕਰ ਕਰਨਾ ਵੀ ਪਰਸੰਗਕ ਹੀ ਲਗਦਾ ਹੈ ਕਿ ਮਨੂੰਵਾਦੀ ਵਿਚਾਰਧਾਰਾ ਅਖੌਤੀ ਰਿਸ਼ੀ ਮਨੂੰ ਵੱਲੋਂ ਲਿਖੀ ਗਈ ਮਨੂੰ-ਸਿਮ੍ਰਿਤੀ 'ਤੇ ਆਧਾਰਤ ਹੈ। **ਮਨੂੰ ਸਿਮ੍ਰਿਤੀ ਅਨੁਸਾਰ, ਪਰਮੇਸ਼ਰ ਨੇ ਹੀ ਜਾਤ-ਪਾਤੀ ਸਿਸਟਮ ਬਣਾਇਆ ਹੈ ਅਤੇ ਇਸ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਕਤਲ ਕਰ ਦੇਣਾ ਮਨੂੰਵਾਦੀ ਵਿਚਾਰਧਾਰਾ ਦੇ ਅਨੁਕੂਲ ਹੈ।** ਜੇਕਰ ਇਸ ਵਿਚਾਰਧਾਰਾ ਨੂੰ ਸਰਬ-ਸਾਂਝੀ ਤੇ ਕਲਿਆਣਕਾਰੀ ਗੁਰਬਾਣੀ ਦੀ ਕਸਵੱਟੀ 'ਤੇ ਰੱਖ ਕੇ ਪਰਖਿਆ ਜਾਵੇ ਤਾਂ ਇਸ ਦਾ ਕੋਈ ਇੱਕ ਅਸੂਲ ਵੀ ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੇ ਅਨੁਕੂਲ ਨਹੀਂ ਸਾਬਤ ਹੁੰਦਾ। ਅਸਲ ਵਿੱਚ, ਮਨੂੰਵਾਦ ਅਤਿ ਦਾ ਮਾਨਵ-ਵਿਰੋਧੀ (ਕਿਤੇ-ਕਿਤੇ ਸਵੈ-ਵਿਰੋਧੀ ਵੀ) ਫ਼ਲਸਫ਼ਾ ਹੈ (ਜੇਕਰ ਇਸ ਨੂੰ ਫ਼ਲਸਫ਼ਾ ਕਹਿ ਵੀ ਲਿਆ ਜਾਵੇ ਤਾਂ) ਅਤੇ ਇਸ ਨੂੰ ਇੱਕ 'ਅਤਿ ਦਾ ਅਤੰਕਵਾਦੀ ਫ਼ਲਸਫ਼ਾ' ਕਹਿਣਾ ਅਤਿ-ਕਥਨੀ ਨਹੀਂ ਹੋ ਸਕਦਾ। ਇਹ ਬਿੱਪਰਵਾਦੀ ਵਿਚਾਰਧਾਰਾ ਇਤਨੀ ਗੁੰਝਲਦਾਰ ਹੈ ਕਿ ਇਸ ਦਾ ਖ਼ੁਲਾਸਾ ਕਰਨ ਲਈ ਇੱਕ ਵੱਡ-ਆਕਾਰੀ ਪੁਸਤਕ ਲਿਖਣ ਦੀ ਲੋੜ ਪਵੇਗੀ ਅਤੇ ਅਜਿਹਾ ਕਰਨਾ ਇਸ ਹੱਥਲੀ ਪੁਸਤਕ ਦੇ ਵਿਸ਼ੇ-ਵਸਤੂ ਤੋਂ ਦੂਰ ਜਾਣ ਵਾਲੀ ਗੱਲ ਹੋਵੇਗੀ। ਇਸ ਲਈ, ਇਸ ਬਾਰੇ ਹੋਰ ਵਿਸਥਾਰ ਇਥੇ ਦਰਜ਼ ਕਰਨਾ ਬੇ-ਲੋੜਾ ਲਗਦਾ ਹੈ।

ਸੰਸਾਰ ਦੇ ਮਾਨਵਵਾਦੀ ਵਰਗ ਨੂੰ ਅਪੀਲ

ਹੇ ਸਮੁੱਚੇ ਮਨੁੱਖੀ ਸਮਾਜ ਦਾ ਭਲਾ ਲੋਚਣ ਵਾਲਿਓ! ਸੁਚੇਤ ਹੋਵੋ!! ਮਾਨਵ-ਵਿਰੋਧੀ ਧਿਰਾਂ ਦੇ ਕੂੜ-ਪ੍ਰਚਾਰ ਅਤੇ ਸਾਜਿਸ਼ੀ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਨਿੱਤਰ ਕੇ ਬਣਦਾ ਯੋਗਦਾਨ ਪਾਓ। ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ ਅਤੇ ਤੁਸੀਂ ਆਪਣੇ ਮਾਨਵਵਾਦੀ ਫ਼ਰਜ਼ਾਂ ਪ੍ਰਤੀ ਗ਼ਾਫ਼ਲ ਹੋਣ ਦੇ ਕਾਰਨ ਰੱਬੀ-ਦਰਬਾਰ ਵਿੱਚ ਸੁਰਖ਼ਰੂ ਨਹੀਂ ਹੋ ਸਕੋਗੇ!!!

✡✡✡

ਅੰਤਿਕਾ-1

800 ਸਾਲਾਂ ਬਾਅਦ ਦਿੱਲੀ 'ਚ ਬਣੀ ਹਿੰਦੂ ਸਰਕਾਰ

ਨਵੀਂ ਦਿੱਲੀ, 21 ਨਵੰਬਰ: ਦਿੱਲੀ 'ਚ ਚਲ ਰਹੀ ਵਿਸ਼ਵ ਹਿੰਦੂ ਕਾਂਗਰਸ 'ਚ ਅੱਜ ਵਿਸ਼ਵ ਹਿੰਦੂ ਪਰਿਸ਼ਦ ਦੇ ਆਗੂ ਅਸ਼ੋਕ ਸਿੰਘਲ ਨੇ ਵਿਵਾਦਮਈ ਬਿਆਨ ਦਿਤਾ ਹੈ। ਸਿੰਘਲ ਨੇ ਪ੍ਰੋਗਰਾਮ ਦੌਰਾਨ ਕਿਹਾ ਕਿ ਦਿੱਲੀ 'ਚ 800 ਸਾਲਾਂ ਬਾਅਦ ਹਿੰਦੂ ਸਰਕਾਰ ਬਣੀ ਹੈ। ਉਨ੍ਹਾਂ ਕਿਹਾ ਕਿ ਪ੍ਰਿਥਵੀਰਾਜ ਚੌਹਾਨ ਤੋਂ ਬਾਅਦ ਪਹਿਲੀ ਵਾਰੀ ਹਿੰਦੂਆਂ ਦੇ ਹੱਥ 'ਚ ਸੱਤਾ ਆਈ ਹੈ। ਜ਼ਿਕਰਯੋਗ ਹੈ ਕਿ ਰਾਜਧਾਨੀ ਦਿੱਲੀ 'ਚ ਤਿੰਨ ਦਿਨਾਂ ਦੀ ਵਿਸ਼ਵ ਹਿੰਦੂ ਕਾਂਗਰਸ ਚਲ ਰਹੀ ਹੈ ਜਿਸ 'ਚ 40 ਦੇਸ਼ਾਂ ਦੇ ਲਗਭਗ 1500 ਪ੍ਰਤੀਨਿਧ ਹਿਸਾ ਲੈ ਰਹੇ ਹਨ।

ਸਿੰਘਲ ਨੇ ਇਸ ਮੌਕੇ ਕਿਹਾ ਕਿ ਵੀ.ਐਚ.ਪੀ. ਦਾ ਉਦੇਸ਼ ਨਿਡਰ ਅਜੇਤੂ ਹਿੰਦੂ ਬਣਾਉਣਾ ਹੈ। ਉਨ੍ਹਾਂ ਕਿਹਾ, "ਜਦੋਂ ਸਾਡੇ ਕਾਰਕੁਨ ਰਾਮ ਜਨਮਭੂਮੀ ਵਲ ਆਏ, ਮੁਲਾਇਮ ਯਾਦਵ ਨੇ ਕਿਹਾ ਸੀ ਕਿ ਜੋ ਆਏਗਾ ਉਹ ਆਖ਼ਰੀ ਵਾਰੀ ਆਵੇਗਾ। ਫਿਰ ਵੀ 5 ਲੱਖ ਤੋਂ ਜ਼ਿਆਦਾ ਹਿੰਦੂ ਉਥੇ ਆਏ 7 ਥਾਵਾਂ 'ਤੇ ਉਨ੍ਹਾਂ ਨੂੰ ਰੋਕਿਆ ਗਿਆ। ਅਖ਼ੀਰ 60 ਹਜ਼ਾਰ ਲੋਕ ਉਥੇ ਪੁੱਜੇ ਅਤੇ ਝੰਡੇ ਗੱਡ ਦਿਤੇ। ਹਿੰਦੂ ਸਮਾਜ ਦੁਨੀਆਂ ਬਦਲੇਗਾ ਅਤੇ ਅਸ਼ਾਂਤੀ ਨੂੰ ਖ਼ਤਮ ਕਰੇਗਾ।"

ਕੇਂਦਰੀ ਵਿਦਿਆਲਿਆਂ 'ਚ ਜਰਮਨ ਭਾਸ਼ਾ ਦੀ ਥਾਂ 'ਤੇ ਸੰਸਕ੍ਰਿਤ ਪੜ੍ਹਾਉਣ 'ਤੇ ਪੈਦਾ ਵਿਵਾਦ ਬਾਰੇ ਬੋਲਦਿਆਂ ਸਿੰਘਲ ਨੇ ਕਿਹਾ ਕਿ ਸੰਸਕ੍ਰਿਤ ਦੀ ਪੜ੍ਹਾਈ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਅਸ਼ੋਕ ਸਿੰਘਲ ਤੋਂ ਪਹਿਲਾਂ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਦੁਨੀਆਂ ਨੂੰ ਸਿਖਾਉਣ ਦਾ ਕੰਮ ਹਿੰਦੂਆਂ ਨੇ ਕੀਤਾ ਹੈ।

ਉਨ੍ਹਾਂ ਕਿਹਾ ਕਿ ਚੰਗਾ ਸੱਚਾ ਹਿੰਦੂ ਬਣ ਕੇ ਅਸੀਂ ਸਿਰਫ਼ ਦੁਨੀਆਂ ਵੱਲ ਵੇਖਾਂਗੇ ਤਾਂ ਕੰਮ ਹੋ ਜਾਵੇਗਾ, ਇਸ ਲਈ ਸਾਨੂੰ ਵਿਚਾਰ ਕਰਨਾ ਹੈ ਕਿ ਅਸੀਂ ਕਿੱਥੇ ਹਾਂ ਅਤੇ ਸਾਨੂੰ ਕਿੱਥੇ ਜਾਣਾ ਹੈ।

ਇਸ ਮੌਕੇ ਵਿਸ਼ਵ ਹਿੰਦੂ ਕਾਂਗਰਸ ਦੇ ਬੁਲਾਰੇ ਸੁਸ਼ੀਲ ਪੰਡਿਤ ਨੇ ਕਿਹਾ ਕਿ ਵਿਸ਼ਵ ਹਿੰਦੂ ਮਹਾਂਸੰਮੇਲਨ 23 ਨਵੰਬਰ ਤਕ ਚੱਲੇਗਾ ਜੋ 'ਅਸੀਂ ਸਾਰੇ ਨਾਲ ਮਿਲ ਕੇ ਚਲੀਏ, ਅਸੀਂ ਸਾਰੇ ਨਾਲ ਮਿਲ ਕੇ ਸੋਚੀਏ' ਦੀ ਸੋਚ 'ਤੇ ਅਧਾਰਤ ਹੈ।

(ਰੋਜ਼ਾਨਾ ਸਪੋਕਸਮੈਨ, 22 ਨਵੰਬਰ, 2014)

ਅੰਤਿਕਾ-2

ਕੀ ਸਿੱਖਾਂ ਦੀ ਹੋਂਦ ਕਾਇਮ ਰਹਿ ਵੀ ਸਕੇਗੀ ?

ਇਹ ਸਵਾਲ ਮੈਨੂੰ ਵਾਰ ਵਾਰ ਬਹੁਤ ਪ੍ਰੇਸ਼ਾਨ ਕਰ ਰਿਹਾ ਹੈ। ਬਹੁਤ ਸਾਰੇ ਸਿੱਖਾਂ ਅਤੇ ਗ਼ੈਰ-ਸਿੱਖਾਂ ਨਾਲ ਗੱਲਬਾਤ ਕਰ ਕੇ ਇਸ ਸਵਾਲ ਦਾ ਜਵਾਬ ਤੇ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਬਹੁਤਾ ਤਸੱਲੀਬਖ਼ਸ਼ ਜਵਾਬ ਕਿਸੇ ਪਾਸਿਉਂ ਵੀ ਨਹੀਂ ਮਿਲਿਆ। ਇਕ ਗੱਲ ਨਾਲ ਆਮ ਸਹਿਮਤੀ ਜ਼ਰੂਰ ਬਣੀ ਹੈ ਕਿ ਪੰਥ 'ਤੇ ਸੰਕਟ ਪਹਿਲਾਂ ਵੀ ਆਏ ਸਨ, ਦਰਬਾਰ ਸਾਹਿਬ ਪਹਿਲਾਂ ਵੀ ਕਈ ਵਾਰੀ ਢੱਠਾ ਹੈ ਪਰ 1984 ਵਰਗਾ ਘਲੂਘਾਰਾ ਕਦੇ ਨਹੀਂ ਸੀ ਹੋਇਆ। ਜੇ ਸਿੱਖਾਂ ਦੀ, 1984 ਵਾਲੀ ਕਤਲੋ-ਗ਼ਾਰਤ 'ਤੇ ਨਜ਼ਰ ਮਾਰੀਏ ਤਾਂ ਲਗਦਾ ਹੈ ਕਿ ਏਨੇ ਵੱਡੇ ਪੈਮਾਨੇ 'ਤੇ ਐਡੇ ਆਕਾਰ ਵਾਲਾ ਤੇ ਇਸ ਤਰ੍ਹਾਂ ਦਾ ਵਰਤਾਰਾ ਪਹਿਲਾਂ ਕਦੇ ਨਹੀਂ ਹੋਇਆ। ਇਸ ਸਾਰੇ ਘਟਨਾਕ੍ਰਮ 'ਚ ਭਾਰਤ ਦੀ ਬਹੁ-ਗਿਣਤੀ ਤੋਂ ਇਲਾਵਾ ਬਾਹਰ ਬੈਠੀਆਂ ਸ਼ਕਤੀਆਂ (ਬਰਤਾਨੀਆ, ਸੋਵੀਅਤ ਯੂਨੀਅਨ ਆਦਿ) ਦੀ ਸ਼ਮੂਲੀਅਤ ਵੀ ਸੀ।

ਬਹੁਤ ਸਾਰੇ ਸਿੱਖ ਵਿਚਾਰਵਾਨ ਇਸ ਗੱਲ ਨਾਲ ਸਹਿਮਤੀ ਰਖਦੇ ਹਨ ਕਿ ਇਹ ਸਾਰਾ ਵਰਤਾਰਾ ਸਿੱਖੀ ਅਤੇ ਸਿੱਖਾਂ ਨੂੰ ਮਲੀਆਮੇਟ ਕਰਨ ਦੀ ਇਕ ਸੋਚੀ ਸਮਝੀ ਚਾਲ ਹੈ ਅਤੇ ਇਸ ਵਿਚ ਹੁਣ ਕਿਸੇ ਕਿਸਮ ਦੀ ਰੋਕ ਨਹੀਂ ਲੱਗ ਸਕਦੀ। ਇਹ ਸਾਰਾ ਕੁੱਝ ਪੂਰੇ ਜ਼ੋਸ਼-ਖ਼ਰੋਸ਼ ਨਾਲ ਬਿਨਾਂ ਕਿਸੇ ਹੀਲ-ਹੁੱਜਤ ਦੇ ਅਤੇ ਬਿਨਾਂ ਕਿਸੇ ਢਿਲ ਤੋਂ ਜਾਰੀ ਰਹੇਗਾ। ਇਸ ਦਾ ਉਪਰਲਾ ਸਰੂਪ ਥੋੜਾ ਬਹੁਤ ਬਦਲ ਸਕਦਾ ਹੈ ਪਰ ਅੰਤਰੀਵ ਉਹੀ ਹੈ ਅਤੇ ਉਹੀ ਰਹੇਗਾ।

1947 ਵਿਚ ਹਿੰਦੂ ਅਤੇ ਮੁਸਲਮਾਨ ਆਜ਼ਾਦ ਹੋ ਗਏ ਅਤੇ ਉਨ੍ਹਾਂ ਦੇ ਹੱਥ ਵਿਚ ਹਿੰਦੁਸਤਾਨ ਤੇ ਪਾਕਿਸਤਾਨ ਦੀ ਸੱਤਾ ਆ ਗਈ। ਸਿੱਖਾਂ ਦਾ ਬਟਵਾਰਾ ਹੋ ਗਿਆ, ਜਿਸ ਵਿੱਚ ਉਨ੍ਹਾਂ ਦੀ ਸਾਰੀ ਆਬਾਦੀ ਦਾ ਢਾਈ ਫ਼ੀ ਸਦੀ ਮਾਰਿਆ ਗਿਆ ਅਤੇ 40 ਫ਼ੀ ਸਦੀ ਅਪਣਾ ਘਰ-ਬਾਰ, ਜ਼ਮੀਨ-ਜਾਇਦਾਦ ਤੇ ਗੁਰਦਵਾਰੇ ਛੱਡ ਕੇ, ਉੱਜੜ ਕੇ ਸੜਕਾਂ 'ਤੇ ਰੁਲਣ ਲਗੇ ਅਤੇ ਰਫ਼ਿਊਜੀ ਅਖਵਾਉਣ ਲਗੇ। 1947 ਵਿਚ ਭਾਰਤੀ ਹੁਕਮਰਾਨਾਂ ਨੇ ਇਸ ਮੁਲਕ ਦੇ ਕੰਮਕਾਜ ਨੂੰ ਚਲਾਉਣ ਲਈ ਚਾਣਕਿਆ ਦੇ 'ਅਰਥ ਸ਼ਾਸਤਰ' ਨੂੰ ਆਧਾਰ ਬਣਾਇਆ। ਚਾਣਕਿਆ ਦਾ ਦੂਸਰਾ ਨਾਂ ਕੌਟਲਿਆ ਸੀ। ਉਸ ਵੇਲੇ ਦੇ ਹੁਕਮਰਾਨ ਗਾਂਧੀ, ਨਹਿਰੂ ਤੇ ਪਟੇਲ, ਕਹਿਣ ਨੂੰ ਭਾਵੇਂ ਸੈਕੂਲਰ ਸਨ ਪ੍ਰੰਤੂ ਅੰਦਰੋਂ ਪੂਰੇ ਕੱਟੜਵਾਦੀ ਹਿੰਦੂ ਸਨ। ਉਨ੍ਹਾਂ ਨੇ ਚੁਪ-ਚਪੀਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿਚ 1947 ਤੋਂ ਪਹਿਲਾਂ ਜਿਥੇ ਅੰਬੈਸੀਆਂ ਸਨ, ਉਸ ਖ਼ਿੱਤੇ ਨੂੰ ਡਿਪਲੋਮੈਟਿਕ ਐਨਕਲੇਵ ਕਹਿੰਦੇ ਸਨ, ਉਸ ਦਾ

ਨਾਂ ਬਦਲ ਕੇ ਚਾਣਕਿਆਪੁਰੀ ਰੱਖ ਦਿਤਾ ਅਤੇ ਜੋ ਸੜਕ ਉਸ ਪਾਸੇ ਨੂੰ ਜਾਂਦੀ ਹੈ, ਉਸ ਦਾ ਨਾਂ ਕੌਟਲਿਆ ਮਾਰਗ ਰੱਖ ਦਿਤਾ। ਇਹ ਗੱਲ ਬੜੀ ਹੀ ਮਹੱਤਵਪੂਰਨ ਤੇ ਉਸ ਤੋਂ ਵੀ ਵੱਧ, ਸੰਕੇਤਕ ਹੈ।

ਇਥੇ ਖ਼ਾਸ ਤੌਰ 'ਤੇ ਪਾਠਕਾਂ ਨੂੰ ਦਸਣਾ ਬਣਦਾ ਹੈ ਕਿ ਇਥੇ ਅਸਲੀਅਤ ਵਿੱਚ ਕੀ ਹੋਇਆ ਅਤੇ ਇਸ ਦਾ ਕੀ ਸੰਦੇਸ਼ ਹੈ। ਕਿਸੇ ਸਮਾਜ ਨੂੰ ਚਲਾਉਣ ਦਾ ਆਧਾਰ ਕੁੱਝ ਬੁਨਿਆਦੀ ਅਸੂਲਾਂ 'ਤੇ ਹੁੰਦਾ ਹੈ, ਜਿਵੇਂ ਕਿ ਆਪਸ ਵਿਚ ਕਿਸ ਤਰ੍ਹਾਂ ਵਿਚਰਨਾ ਹੈ ਅਤੇ ਸਰਕਾਰ ਦਾ ਕੰਮਕਾਜ ਕਿਨ੍ਹਾਂ ਕਦਰਾਂ-ਕੀਮਤਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ ਆਦਿ। ਮਨੂੰ ਸਿਮਰਿਤੀ ਹਿੰਦੂ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡਦੀ ਹੈ ਅਤੇ ਜਾਤਾਂ ਦੇ ਅਧਾਰ 'ਤੇ ਊਚ-ਨੀਚ ਦਾ ਨਿਰਣਾ ਕਰਦੀ ਹੈ। ਇਸੇ ਤਰ੍ਹਾਂ ਸਮਾਜ ਅਤੇ ਸਰਕਾਰੇ-ਦਰਬਾਰੇ ਕਿਸ ਤਰ੍ਹਾਂ ਦਾ ਕਾਰ-ਵਿਹਾਰ ਚਲਣਾ ਚਾਹੀਦਾ ਹੈ, ਉਸ ਦਾ ਨਕਸ਼ਾ ਅਰਥ-ਸ਼ਾਸਤਰ ਉਲੀਕਦਾ ਹੈ। ਕੀ ਸਰਕਾਰ ਵਿਚ ਕੰਮ ਕਰਾਉਣ ਲਈ ਰਿਸ਼ਵਤ ਦੇਣੀ ਜਾਇਜ਼ ਹੈ? ਕੀ ਖਾਣ ਵਾਲੇ ਪਦਾਰਥਾਂ ਵਿੱਚ ਮਿਲਾਵਟ ਕਰਨੀ ਠੀਕ ਹੈ? ਕਿਸੇ ਨਾਲ ਠੱਗੀ, ਹੇਰਾ-ਫੇਰੀ, ਝੂਠ, ਬੇਈਮਾਨੀ ਕਰ ਕੇ ਅਪਣਾ ਕੰਮ ਕੱਢਣਾ ਬਣਦਾ ਹੈ? ਇਸ ਕਿਸਮ ਦੀਆਂ ਸਾਰੀਆਂ ਧੋਖਾਧੜੀਆਂ ਦੀ ਪੂਰਨ ਖੁਲ੍ਹ 'ਅਰਥ-ਸ਼ਾਸਤਰ' ਵਿੱਚ ਦਿੱਤੀ ਹੋਈ ਹੈ। ਇਸੇ ਕਰ ਕੇ ਹੁਣੇ ਹੁਣੇ ਮਹਾਰਾਸ਼ਟਰ ਵਿੱਚ ਹੋਈਆਂ ਅਸੈਂਬਲੀ ਚੋਣਾਂ ਵਿੱਚ ਬੀਜੇਪੀ ਦੇ ਵੱਡੇ ਨੇਤਾ ਨਿਤਿਨ ਗਡਕਰੀ ਜੋ ਇਸ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਨੇ ਖੁੱਲ੍ਹ ਕੇ ਵੋਟਰਾਂ ਨੂੰ ਪੈਸੇ ਨਾਲ ਖ਼ਰੀਦਣ ਨੂੰ ਜਾਇਜ਼ ਠਹਿਰਾਇਆ ਸੀ। ਉਸ ਨੇ ਖੁੱਲ੍ਹ ਕੇ ਕਿਹਾ ਸੀ ਕਿ ਹਿੰਦੂ ਧਰਮ ਵਿੱਚ ਲਕਸ਼ਮੀ ਦੇਵੀ ਹੈ ਅਤੇ ਇਸ ਦੇ ਨਾਂ 'ਤੇ ਮੰਦਰ ਹਨ ਅਤੇ ਉਹ ਇਸ ਦੀ ਪੂਜਾ ਨੂੰ ਉਚਿਤ ਸਮਝਦੇ ਹਨ। ਅਰਥ-ਸ਼ਾਸਤਰ ਦਾ ਮੁੱਢਲਾ ਅਸੂਲ ਹੈ ਕਿ ਜਦੋਂ ਵੱਡੀ ਮੱਛੀ, ਛੋਟੀ ਮੱਛੀ ਨੂੰ ਖਾ ਕੇ ਜੀਊਂਦੀ ਹੈ ਤਾਂ ਕਮਜ਼ੋਰ ਤੇ ਨਿਰਧਨ ਨੂੰ ਲੁਟਣਾ-ਮਾਰਨਾ ਵੀ ਜਾਇਜ਼ ਹੈ। ਇਸ ਨੂੰ ਹਿੰਦੂ ਵਿਦਵਾਨ ਫ਼ਖ਼ਰ ਨਾਲ 'ਮੱਛੀ ਕਲਚਰ' ਕਹਿ ਕੇ ਸਨਮਾਨਦੇ ਹਨ। ਸਿੱਖ ਧਰਮ ਇਸ ਦੇ ਬਿਲਕੁਲ ਉਲਟ ਹੈ ਅਤੇ ਉਹ ਭੈੜੇ ਅਤੇ ਕਦਰਾਂ -ਕੀਮਤਾਂ ਤੋਂ ਵਾਂਝੇ ਸਾਧਨਾਂ ਨੂੰ ਅਪਣੇ ਟੀਚੇ ਪ੍ਰਾਪਤ ਕਰਨ ਦੀ ਆਗਿਆ ਨਹੀਂ ਦਿੰਦਾ। ਗੁਰੂ ਸਾਹਿਬਾਨ ਦਾ ਫ਼ਰਮਾਨ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

ਇਹੀ ਕਾਰਨ ਹੈ ਸਾਡੀ ਸਾਰੀ ਚਿੰਤਾ ਦਾ ਕਿ ਸਾਡਾ ਵਾਸਤਾ ਅੱਜ ਜਿਨ੍ਹਾਂ ਲੋਕਾਂ ਨਾਲ ਪੈ ਗਿਆ ਹੈ, ਇਨ੍ਹਾਂ ਦੀ ਸਾਰੀ ਦੀ ਸਾਰੀ ਸਮਾਜਕ ਵਿਵਸਥਾ ਮਨੂੰ ਸਿਮਰਿਤੀ ਅਤੇ ਅਰਥ ਸ਼ਾਸਤਰ ਦੇ ਬੁਨਿਆਦੀ ਅਸੂਲਾਂ 'ਤੇ ਆਧਾਰਤ ਹੈ। ਇਨ੍ਹਾਂ ਦੀ ਜੀਵਨ ਸ਼ੈਲੀ ਇਸ ਕਿਸਮ ਦੀਆਂ ਗ਼ੈਰ-ਮਨੁੱਖੀ ਪ੍ਰਸਥਿਤੀਆਂ 'ਤੇ ਚਲਦੀ ਹੈ ਅਤੇ ਸਿੱਖੀ ਜੀਵਨ ਜਾਚ, ਇਸ ਦੇ ਬਿਲਕੁਲ ਉਲਟ, ਨੈਤਿਕ ਕਦਰਾਂ ਕੀਮਤਾਂ 'ਤੇ ਆਧਾਰਤ ਹੈ।

ਉਪਰ ਦਿੱਤਾ ਵਿਸਥਾਰ ਦੇਣ ਦੀ ਇਸ ਕਰ ਕੇ ਜ਼ਰੂਰਤ ਸੀ ਤਾਕਿ ਅਸੀ ਇਸ ਗੱਲ ਦੀ ਪਹਿਚਾਣ ਕਰ ਲਈਏ ਕਿ ਸਾਡਾ ਹੁਣ ਕਿਸ ਜ਼ਹਿਨੀਅਤ ਦੇ ਲੋਕਾਂ ਨਾਲ ਵਾਸਤਾ ਪੈ ਰਿਹਾ ਹੈ ਅਤੇ ਅਸੀ ਉਨ੍ਹਾਂ ਨਾਲ ਕਿਵੇਂ ਵਿਚਰਨਾ ਹੈ। ਸਿੱਖ ਸਮਾਜ ਵਿੱਚ ਭਾਰੂ ਇੱਕ ਟੋਲਾ, ਅਪਣੀਆਂ ਧਾਰਮਕ ਤੇ ਸਮਾਜਕ ਕਦਰਾਂ-ਕੀਮਤਾਂ ਨੂੰ ਤਿਆਗ ਕੇ

ਗ਼ੈਰ-ਸਿੱਖਾਂ ਜਹੀ ਰਾਜਨੀਤੀ ਵੱਲ ਨੂੰ ਚਲ ਪਿਆ ਹੈ। ਉਨ੍ਹਾਂ ਲਈ ਸਵਾਰਥ, ਪ੍ਰਵਾਰਵਾਦ, ਰਿਸ਼ਵਤਖ਼ੋਰੀ, ਡੂਠ-ਫ਼ਰੇਬ ਅਤੇ ਅਪਣੇ ਜ਼ਾਤੀ ਮੁਫ਼ਾਦ ਹੀ ਪ੍ਰਮੁੱਖ ਹਨ।

ਇਹ ਟੋਲਾ ਭੁੱਲ ਗਿਆ ਹੈ ਕਿ ਸਿੱਖੀ ਨੀਵਿਆਂ ਦਾ ਧਰਮ ਹੈ ਅਤੇ ਇਸ ਦੀ ਮਾਨਸਕਤਾ ਅਤੇ ਇਹਦਾ ਇਤਿਹਾਸ, ਨੀਵਿਆਂ ਨੂੰ ਉੱਚਾ ਕਰਨ ਦਾ ਉਪਰਾਲਾ ਹੈ। ਗੁਰੂ ਜੀ ਫ਼ਰਮਾਉਂਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਬਾਬੇ ਨਾਨਕ ਦੀ ਸਾਂਝ ਨੀਵੀਂ ਤੋਂ ਨੀਵੀਂ ਜਾਤ ਦੇ ਬੰਦਿਆਂ ਨਾਲ ਹੈ ਜਿਨ੍ਹਾਂ ਨੂੰ ਵੱਡਿਆਂ ਦੀ ਰੀਸ ਕਰਨ ਦੀ ਚਿੰਤਾ ਨਹੀਂ। ਸਮਾਜ ਵਿੱਚ ਰੱਬ ਦੀ ਰਹਿਮਤ ਉਥੇ ਹੈ ਜਿਥੇ ਨੀਵਿਆਂ ਦੀ ਪਾਲਣਾ ਹੁੰਦੀ ਹੈ। ਸਿੱਖ ਧਰਮ ਦਾ ਉਦੇਸ਼ ਜਾਤਾਂ, ਭੇਖਾਂ ਨੂੰ ਮਿਟਾ ਕੇ ਬਰਾਬਰੀ ਵਾਲਾ ਇਨਸਾਨ ਪੈਦਾ ਕਰਨਾ ਹੈ।

ਅੱਜ ਕੀ ਹੋ ਰਿਹਾ ਹੈ ? ਬਿਲਕੁਲ ਗੁਰੂ ਨਾਨਕ ਦੇ ਆਦੇਸ਼ ਦੇ ਉਲਟ। ਆਉ, ਇਸ ਸਾਰੀ ਵਿਵਸਥਾ ਵਿਰੁਧ ਸੰਘਰਸ਼ ਦਾ ਆਰੰਭ ਕਰੀਏ। ਕਿਤੇ ਮੌਕਾ ਗਵਾ ਨਾ ਬੈਠੀਏ ਤੇ ਪਿੱਛੋਂ ਪਛਤਾਈਏ। ਗੁਰੂ ਨਾਨਕ ਦੇ ਆਦੇਸ਼ ਨੂੰ ਖ਼ਤਮ ਕਰਨ ਵਾਲੀਆਂ ਸ਼ਕਤੀਆਂ ਦੀ ਪਹਿਚਾਣ ਕਰ ਕੇ ਉਨ੍ਹਾਂ ਵਿਰੁਧ ਲਾਮਬੰਦ ਹੋਣਾ ਜ਼ਰੂਰੀ ਅਤੇ ਲਾਜ਼ਮੀ ਹੈ। ਬਹੁਤ ਅਰਸੇ ਤੋਂ ਆਰ.ਐਸ.ਐਸ. ਮੌਕੇ ਦੀ ਤਾੜ ਵਿੱਚ ਹੈ ਕਿ ਪੰਜਾਬ ਵਿੱਚ ਘੁਸਪੈਠ ਕਰ ਕੇ ਸਿੱਖ ਸਿਧਾਂਤਾਂ, ਸਿੱਖ ਅਦਾਰਿਆਂ, ਸਿੱਖ ਸੰਸਥਾਵਾਂ ਅਤੇ ਡੇਰਿਆਂ 'ਤੇ ਕਾਬੂ ਪਾ ਕੇ ਸਿੱਖਾਂ ਦੀ ਧਾਰਮਕ ਤੇ ਸਮਾਜਕ ਹਸਤੀ ਨੂੰ ਖ਼ਤਮ ਕਰ ਦਿੱਤਾ ਜਾਵੇ। ਇਸ ਕੋਸ਼ਿਸ਼ ਵਿੱਚ ਉਨ੍ਹਾਂ ਨੇ ਕਾਫ਼ੀ ਕਾਮਯਾਬੀ ਵੀ ਹਾਸਲ ਕਰ ਲਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਪਣੀ ਸਿਆਸੀ ਸਾਂਝ ਬੀਜੇਪੀ ਨਾਲ ਪਾਈ ਹੋਈ ਹੈ ਅਤੇ ਉਨ੍ਹਾਂ ਨੂੰ ਪੰਜਾਬ ਵਿੱਚ ਬਹੁਤ ਅਹਿਮ ਸਿਆਸੀ ਅਤੇ ਸਮਾਜਕ ਸੰਸਥਾਵਾਂ 'ਤੇ ਬਿਠਾ ਦਿੱਤਾ ਹੈ ਅਤੇ ਉਹ ਉਨ੍ਹਾਂ ਸੰਸਥਾਵਾਂ ਰਾਹੀਂ ਅਪਣਾ ਏਜੰਡਾ ਲਾਗੂ ਕਰ ਰਹੇ ਹਨ। ਸਿੱਖ ਕੌਮ ਨੇ ਬੜੇ ਅਰਸੇ ਬਾਅਦ ਅਪਣਾ ਕੈਲੰਡਰ ਬਣਾਇਆ ਤੇ ਲਾਗੂ ਕੀਤਾ ਸੀ। ਇਹ ਕੈਲੰਡਰ ਅੱਜ ਦੇ ਯੁਗ ਦੀ ਪ੍ਰਮਾਣਿਕ ਜਾਣਕਾਰੀ 'ਤੇ ਆਧਾਰਿਤ ਸੀ, ਜਿਸ ਦੀ ਸਾਰੀ ਵਿਵਸਥਾ ਸੂਰਜ ਨੂੰ ਆਧਾਰ ਮੰਨ ਕੇ ਕੀਤੀ ਗਈ ਸੀ। ਪ੍ਰੰਤੂ ਇਸ ਦੀ ਹੋਂਦ ਆਰ.ਐਸ.ਐਸ. ਨੂੰ ਨਹੀਂ ਭਾਉਂਦੀ ਸੀ ਅਤੇ ਉਨ੍ਹਾਂ ਨੇ ਇਸ ਦੇ ਵਿਰੋਧ ਵਿੱਚ ਬਾਦਲ ਸਾਹਿਬ ਅਤੇ ਡੇਰਿਆਂ ਨੂੰ ਨਾਲ ਲੈ ਕੇ ਇਸ ਵਿੱਚ ਅਦਲਾ-ਬਦਲੀਆਂ ਕਰਵਾ ਦਿਤੀਆਂ ਅਤੇ ਇਸ ਦਾ ਸਰੂਪ ਹੀ ਖ਼ਤਮ ਕਰ ਦਿੱਤਾ।

ਇਸੇ ਤਰ੍ਹਾਂ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਮੈਨੇਜਿੰਗ ਕਮੇਟੀ ਦੇ ਜਨਰਲ ਸਕੱਤਰ ਦਾ ਅਹੁਦਾ ਰਾਜਿੰਦਰ ਮੋਹਨ ਸਿੰਘ ਛੀਨਾ ਨੂੰ ਦਿਵਾ ਦਿੱਤਾ ਜੋ ਕਿ ਬੀਜੇਪੀ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪ੍ਰਧਾਨ ਹਨ। ਇਥੇ ਇਹ ਗੱਲ ਖ਼ਾਸ ਤੌਰ 'ਤੇ ਵਰਨਣਯੋਗ ਹੈ ਕਿ ਇਸ ਕਾਲਜ ਦੇ ਪ੍ਰਧਾਨ, ਬਾਦਲ ਸਾਹਿਬ ਦੇ ਕੁੜਮ ਸਤਿਆਜੀਤ ਸਿੰਘ ਮਜੀਠੀਆ ਹਨ। ਹੁਣੇ-ਹੁਣੇ ਕੁੱਝ

ਅਰਸਾ ਪਹਿਲਾਂ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਚਾਰ ਵਾਰ ਪੰਜਾਬ ਵਿੱਚ ਆਏ ਅਤੇ ਛੋਟੇ ਸ਼ਹਿਰਾਂ ਮਾਨਸਾ, ਸੁਨਾਮ ਆਦਿ ਵਿੱਚ ਅਪਣੀਆਂ ਸ਼ਾਖ਼ਾਵਾਂ ਸਥਾਪਤ ਕੀਤੀਆਂ। ਇਸੇ ਲੜੀ ਵਿੱਚ ਬੀਜੇਪੀ ਦੇ ਵੱਡੇ ਨੇਤਾ ਐਲ.ਕੇ. ਅਡਵਾਨੀ ਦਿੱਲੀ ਤੋਂ ਆ ਕੇ ਰਾਧਾ ਸੁਆਮੀ ਮੁਖੀ ਗੁਰਿੰਦਰ ਸਿੰਘ ਢਿਲੋਂ ਨੂੰ ਮਿਲੇ ਅਤੇ ਉਸ ਦੇ ਨਾਲ ਹੀ ਕੁੱਝ ਦਿਨਾਂ ਉਪਰੰਤ ਗੁਰਵਿੰਦਰ ਸਿੰਘ ਢਿਲੋਂ ਬਠਿੰਡਾ ਜਾ ਕੇ ਦਾਦੂਵਾਲ ਨੂੰ ਮਿਲਿਆ। ਸੱਚਾ ਸੌਦਾ ਡੇਰੇ ਦੇ ਰਾਮ ਰਹੀਮ ਸਿੰਘ ਨੇ ਖੁੱਲ੍ਹ ਕੇ ਹਰਿਆਣਾ ਇਲੈਕਸ਼ਨਾਂ ਵਿੱਚ ਬੀਜੇਪੀ ਦੀ ਮਦਦ ਕੀਤੀ। ਇਸ ਦੇ ਨਾਲ ਹੀ ਦੁਸ਼ਹਿਰੇ ਵਾਲੇ ਦਿਨ ਫ਼ਰੀਦਕੋਟ ਦੇ ਇੱਕ ਛੋਟੇ ਜਿਹੇ ਕਸਬੇ ਜੈਤੋ ਵਿੱਚ ਆਰ.ਐਸ.ਐਸ. ਵਾਲਿਆਂ ਨੇ, ਬਗ਼ੈਰ ਸਰਕਾਰੀ ਇਜਾਜ਼ਤ ਤੋਂ, ਨੰਗੇ ਹਥਿਆਰਾਂ ਨਾਲ ਇੱਕ ਬਹੁਤ ਵੱਡਾ ਜਲੂਸ ਕੱਢਿਆ। ਜਦ ਇਸ ਬਾਰੇ ਸ਼ਿਕਾਇਤ ਦਰਜ ਕਰਵਾਈ ਗਈ ਤਾਂ ਬਾਦਲ ਸਰਕਾਰ ਨੇ ਇਸ ਉਤੇ ਕੋਈ ਐਕਸ਼ਨ ਨਹੀਂ ਲਿਆ।

14-11-2014 ਨੂੰ ਬਾਦਲ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਦਾ ਜਾਇਜ਼ਾ ਪ੍ਰੈੱਸ ਅੱਗੇ ਪੇਸ਼ ਕਰਦਿਆਂ ਬਾਦਲ ਅਕਾਲੀ ਦਲ ਦੇ ਬੁਲਾਰੇ ਨੇ ਕਿਹਾ ਕਿ ਉਹ ਹੁਣ ਪੰਥਕ ਏਜੰਡਾ ਅਪਨਾਉਣ ਜਾ ਰਹੇ ਹਨ। ਇਸ ਬਿਆਨ ਦਾ ਮਤਲਬ ਹੈ ਕਿ ਇਸ ਤੋਂ ਪਹਿਲਾਂ ਇਨ੍ਹਾਂ ਕੋਲ ਪੰਥ ਵਿਰੋਧੀ ਏਜੰਡਾ ਸੀ, ਜਿਸ ਨੂੰ ਬਦਲ ਕੇ ਉਹ ਪੰਥਕ ਮੁੱਦਿਆਂ ਵੱਲ ਵਾਪਸ ਆਉਣਾ ਚਾਹੁੰਦੇ ਹਨ। ਕੀ ਅਸੀ ਇਨ੍ਹਾਂ ਨੂੰ ਪੁੱਛ ਸਕਦੇ ਹਾਂ ਕਿ ਮੋਗਾ ਵਿੱਚ ਹੋਈ ਕਾਨਫ਼ਰੰਸ ਵਿੱਚ ਅਕਾਲੀ ਦਲ ਦਾ 1920 ਵਾਲਾ ਸਰੂਪ ਪੂਰਨ ਤੌਰ 'ਤੇ ਬਦਲ ਕੇ ਇਸ ਨੂੰ ਪੰਜਾਬੀ ਪਾਰਟੀ ਕਿਉਂ ਬਣਾ ਦਿੱਤਾ ਸੀ? ਬਾਦਲ ਸਾਹਿਬ ਨੇ ਨਾ ਕਦੇ ਪਾਣੀਆਂ ਦਾ ਮਸਲਾ ਉਠਾਇਆ ਅਤੇ ਨਾ ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਕੀਤੀ ਅਤੇ ਨਾ ਚੰਡੀਗੜ੍ਹ ਦੀ ਅਤੇ ਨਾ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ। ਇਨ੍ਹਾਂ ਤੋਂ ਇਲਾਵਾ ਮੌਕਾ ਪੈਣ 'ਤੇ 1984 ਦੇ ਸਿੱਖਾਂ ਦੇ ਕਤਲੋਗਾਰਤ ਦੀ ਰਸਮੀ ਜਹੀ ਗੱਲ ਕਰ ਕੇ ਫਿਰ ਸਾਰਾ ਸਾਲ ਇਸ ਮਸਲੇ 'ਤੇ ਚੁੱਪੀ ਸਾਧ ਲੈਣੀ ਹੀ ਬਾਦਲ ਅਕਾਲੀ ਦਲ ਦੀ ਰਸਮੀ ਕਾਰਾਵਾਈ ਬਣ ਕੇ ਰਹਿ ਗਈ ਹੈ। ਹੁਣ ਜਦੋਂ ਬੀਜੇਪੀ ਵਾਲੇ ਬਾਦਲ ਸਾਹਿਬ ਦੀ ਨੋਕ-ਝੋਕ ਕਰਦੇ ਹਨ ਤਾਂ ਇਨ੍ਹਾਂ ਨੂੰ ਅਚਨਚੇਤ ਸਿਖ ਮੁੱਦਿਆਂ ਦਾ ਖ਼ਿਆਲ ਆ ਜਾਂਦਾ ਹੈ। ਕੀ ਬਾਦਲ ਸਾਹਿਬ ਨੂੰ ਇਸ ਗੱਲ ਦੀ ਚਿੰਤਾ ਨਹੀਂ ਕਿ 200 ਸਿੱਖ ਨੌਜਵਾਨ, ਅਦਾਲਤਾਂ ਵੱਲੋਂ ਦਿਤੀਆਂ ਸਜ਼ਾਵਾਂ ਭੁਗਤਣ ਦੇ ਬਾਵਜੂਦ, ਵੱਖ ਵੱਖ ਜੇਲਾਂ ਵਿੱਚ ਸੜ ਰਹੇ ਹਨ ਅਤੇ ਉਨ੍ਹਾਂ ਦੀ ਬਾਤ ਪੁੱਛਣ ਵਾਲਾ ਕੋਈ ਨਹੀਂ? ਸਿੱਖਾਂ ਦੀ ਬਦਕਿਸਮਤੀ ਹੈ ਕਿ ਨਾ ਤਾਂ ਉਨ੍ਹਾਂ ਨੂੰ ਸਰਕਾਰਾਂ ਨੇ ਰਾਹਤ ਦਿੱਤੀ ਅਤੇ ਨਾ ਹੀ ਅਦਾਲਤਾਂ ਨੇ। ਹੁਣੇ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰਾਜਿੰਦਰ ਸੱਚਰ ਨੇ ਅੰਗਰੇਜ਼ੀ ਟ੍ਰਿਬਿਊਨ 8 ਨਵੰਬਰ 2014 ਦੇ ਅੰਕ ਵਿੱਚ ਇੱਕ ਆਰਟੀਕਲ ਲਿਖ ਕੇ ਦੱਸਿਆ ਹੈ ਕਿ ਕਿਸ ਤਰ੍ਹਾਂ 1984 ਦੇ ਸਿੱਖਾਂ ਦੇ ਕਤਲੋਗਾਰਤ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦਾ ਮਸਲਾ ਉਨ੍ਹਾਂ ਦੇ ਦਿੱਲੀ ਬੈਂਚ ਅੱਗੇ ਪੇਸ਼ ਹੋਇਆ ਅਤੇ ਰਾਤੋ ਰਾਤ ਉਨ੍ਹਾਂ ਦੇ ਬੈਂਚ ਦਾ ਰੋਸਟਰ ਹੀ ਬਦਲਾ ਦਿੱਤਾ ਗਿਆ। ਬਿਲਕੁਲ ਇਸੇ ਤਰ੍ਹਾਂ, ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸੰਧਾਵਾਲੀਆ ਦੀ

ਪ੍ਰਧਾਨਗੀ ਵਾਲੇ ਬੈਂਚ ਅੱਗੇ ਪੇਸ਼ ਹੋਇਆ ਤਾਂ ਅਗਲੇ ਦਿਨ ਹੀ ਚੀਫ਼ ਜਸਟਿਸ ਦੀ ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਬਦਲੀ ਕਰ ਦਿਤੀ ਗਈ। ਸਿੱਖਾਂ ਲਈ ਇਸ ਮੁਲਕ ਦੀ ਕਾਨੂੰਨੀ ਪ੍ਰਣਾਲੀ ਕੋਲੋਂ ਇਨਸਾਫ਼ ਲੈਣਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਵੀ ਲਗਦਾ ਹੈ। ਇਥੇ ਖ਼ਾਸ ਤੌਰ 'ਤੇ ਇਹ ਵਰਨਣ ਕਰਨਾ ਬਣਦਾ ਹੈ ਕਿ ਇਸ ਮੁਲਕ ਵਿੱਚ 200 ਸਿੱਖ ਬੰਦੀਆਂ ਵਿੱਚੋਂ ਸੱਤ ਐਸੇ ਹਨ ਜਿਹੜੇ 24 ਸਾਲਾਂ ਤੋਂ ਵੱਧ ਕੈਦ ਕੱਟ ਚੁੱਕੇ ਹਨ, ਜੋ ਕਿ ਇੱਕ ਕਿਸਮ ਦਾ ਰਿਕਾਰਡ ਹੀ ਹੈ। ਕੀ ਪੰਜਾਬ ਦੇ ਮੁੱਖ ਮੰਤਰੀ ਜੋ ਕਿ ਹੁਣ ਪੰਥਕ ਏਜੰਡਾ ਲੈ ਕੇ ਆ ਰਹੇ ਹਨ, ਉਹ ਇਨ੍ਹਾਂ ਕੈਦੀਆਂ 'ਤੇ ਵੀ ਕੋਈ ਰਹਿਮ ਦੀ ਨਜ਼ਰ ਕਰਨਗੇ ਜਾਂ ਇਨ੍ਹਾਂ ਨੂੰ ਸਾਰੀ ਜ਼ਿੰਦਗੀ ਜੇਲ੍ਹਾਂ ਵਿੱਚ ਰਹਿ ਕੇ ਮਰ-ਮੁਕ ਜਾਣਾ ਪਵੇਗਾ? ਇਸ ਦੇ ਉਲਟ, ਸੱਜੇ ਪੱਖੀ ਹਿੰਦੂ ਜਥੇਬੰਦੀਆਂ ਦੇ ਦਾਰਾ ਸਿੰਘ ਨਾਮੀ ਹਤਿਆਰੇ ਨੇ ਉੜੀਸਾ ਵਿੱਚ ਇੱਕ ਆਸਟਰੇਲੀਆਈ ਮਿਸ਼ਨਰੀ ਨੂੰ, ਉਸ ਦੇ ਦੋ ਮਾਸੂਮ ਬੱਚਿਆਂ ਸਮੇਤ, ਇੱਕ ਜੀਪ ਵਿੱਚ ਅੱਗ ਲਗਾ ਕੇ ਸਾੜ ਦਿਤਾ ਸੀ ਅਤੇ ਉਸ 'ਤੇ ਮੁਕੱਦਮਾ ਵੀ ਦਾਇਰ ਹੋਇਆ, ਪ੍ਰੰਤੂ ਕੁੱਝ ਮਹੀਨਿਆਂ ਦੀ ਕੈਦ ਤੋਂ ਬਾਅਦ ਉਹ ਬਾਹਰ ਆ ਗਿਆ। ਇਹ ਕਿਸ ਤਰ੍ਹਾਂ ਦੀ ਨਿਆਂ ਪ੍ਰਣਾਲੀ ਹੈ?

ਆਉ, ਆਪਾਂ ਲਾਮਬੰਦ ਹੋ ਕੇ ਇੱਕ ਹੱਕ, ਸੱਚ ਦੀ ਲੜਾਈ ਲੜੀਏ ਅਤੇ ਅਪਣੀ ਆਵਾਜ਼ ਬੁਲੰਦ ਕਰੀਏ ਤਾਕਿ ਕਿਸੇ ਨਾਲ ਕੋਈ ਬੇਇਨਸਾਫ਼ੀ ਨਾ ਹੋਵੇ ਅਤੇ ਹਰ ਇੱਕ ਨੂੰ ਉਸ ਦਾ ਹੱਕ ਮਿਲੇ। ਪੰਜਾਬ ਵਿੱਚ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਅਤੇ ਨਸ਼ਿਆਂ ਦੀ ਜਕੜ ਵਿੱਚ ਆਏ ਨੌਜਵਾਨ ਅਤੇ ਉਨ੍ਹਾਂ ਦੇ ਪ੍ਰਵਾਰ ਉੱਜੜ ਰਹੇ ਹਨ। ਇਸ ਦਾ ਫ਼ਿਕਰ ਕਿਸ ਨੂੰ ਹੈ, ਜਦਕਿ ਪੰਜਾਬ ਦੇ ਕੁੱਝ ਵਜ਼ੀਰਾਂ 'ਤੇ ਨਸ਼ਿਆਂ ਦੇ ਧੰਦੇ ਵਿੱਚ ਸ਼ਾਮਲ ਹੋਣ 'ਤੇ ਸ਼ੱਕ ਦੀ ਉਂਗਲ ਉਠਾਈ ਜਾ ਰਹੀ ਹੈ। ਜ਼ਰੂਰਤ ਹੈ ਕਿ ਲੋਕ ਇੱਕਠੇ ਹੋਣ ਅਤੇ ਲੋਕਤੰਤ੍ਰਿਕ ਸਾਧਨਾਂ ਰਾਹੀਂ ਇੱਕ ਅਜਿਹੀ ਲਹਿਰ ਬਣਾਉਣ ਜਿਸ ਦੇ ਸਾਹਮਣੇ ਇਹ ਸਮਾਜਕ ਬੁਰਾਈਆਂ ਟਿਕ ਨਾ ਸਕਣ। ਸੋਚ ਕੇ ਵੇਖੋ, ਪੰਜਾਬ ਦੀ ਕੀ ਦੁਰਦਸ਼ਾ ਹੋ ਰਹੀ ਹੈ। ਆਰਥਕ ਸੰਕਟ ਇੰਨਾ ਗੰਭੀਰ ਹੈ ਕਿ ਮੁਲਾਜ਼ਮਾਂ ਨੂੰ ਤਨਖ਼ਾਹ ਦੇਣੀ ਮੁਸ਼ਕਲ ਹੋ ਰਹੀ ਹੈ। ਇਨ੍ਹਾਂ ਸਾਰੇ ਸਮਾਜਕ, ਧਾਰਮਕ ਅਤੇ ਆਰਥਕ ਸੰਕਟਾਂ ਪਿੱਛੇ ਕਸੂਰਵਾਰ ਕੌਣ ਹੈ? ਰਾਜਸੀ ਆਗੂਆਂ ਤੋਂ ਵੱਧ ਕਸੂਰਵਾਰ ਦਬੀ ਮਾਨਸਕਤਾ ਵਾਲੇ ਉਹ ਵੋਟਰ ਹਨ ਜੋ ਵਾਰ-ਵਾਰ ਇਨ੍ਹਾਂ ਆਗੂਆਂ ਦੇ ਸ਼ਿਕੰਜੇ ਵਿੱਚ, ਜਾਣ ਬੁੱਝ ਕੇ ਜਾ ਫਸਦੇ ਹਨ ਤੇ ਆਜ਼ਾਦ ਹੋਣ ਦਾ ਸਾਹਸ ਨਹੀਂ ਰਖਦੇ। ਅੱਜ ਅਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ। ਜਾਗਰੂਕ ਹੋਣ ਦੀ ਲੋੜ ਹੈ। ਸ਼ਾਹ ਮੁਹੰਮਦ ਨੇ ਠੀਕ ਹੀ ਕਿਹਾ ਸੀ, 'ਸ਼ਾਹ ਮੁਹੰਮਦਾ ਅੰਤ ਨੂੰ ਉਹੀ ਹੋਣੈ ਜੋ ਕਰੇਗਾ ਖ਼ਾਲਸਾ ਪੰਥ ਮੀਆਂ।' ਅੱਜ ਪੰਜਾਬ ਦੀ ਸਿਆਸਤ 'ਤੇ ਕਾਲੇ ਬੱਦਲ ਛਾਏ ਹੋਏ ਹਨ। ਹੰਭਲਾ ਮਾਰ ਕੇ ਉਨ੍ਹਾਂ ਨੂੰ ਦੂਰ ਕਰੋ।

- ਡਾ. ਗੁਰਦਰਸ਼ਨ ਸਿੰਘ ਢਿੱਲੋਂ
ਸੇਵਾਮੁਕਤ ਪ੍ਰੋ. ਆਫ਼ ਹਿਸਟਰੀ, ਪੰਜਾਬ ਯੂਨੀਵਰਸਟੀ ਚੰਡੀਗੜ੍ਹ।
ਮੋਬਾਈਲ : 98151-43911
(ਰੋਜ਼ਾਨਾ ਸਪੋਕਸਮੈਨ, 21 ਨਵੰਬਰ, 2014)

ਅੰਤਿਕਾ-3

'ਸਿੱਖ ਕਤਲੇਆਮ ਲਈ ਜਾਂਚ ਕਮਿਸ਼ਨ ਬਣਾਏ ਯੂ.ਐਨ.ਓ.'

ਨਵੀਂ ਦਿੱਲੀ, 3 ਨਵੰਬਰ (ਅਮਨਦੀਪ ਸਿੰਘ) : ਨਵੰਬਰ 1984 ਦੌਰਾਨ ਦੇਸ਼ ਭਰ ਵਿੱਚ ਕੋਹ-ਕੋਹ ਕੇ, ਕਤਲ ਕੀਤੇ ਗਏ ਹਜ਼ਾਰਾਂ ਸਿੱਖਾਂ ਲਈ ਇਨਸਾਫ਼ ਦੀ ਮੰਗ ਨੂੰ ਲੈ ਕੇ, ਅੱਜ ਦਲ ਖ਼ਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਜੰਤਰ-ਮੰਤਰ 'ਤੇ ਕੀਤੀ ਗਈ 'ਹੱਕ ਤੇ ਇਨਸਾਫ਼' ਰੈਲੀ ਵਿੱਚ ਸ਼ਾਮਲ ਹੋਏ ਵੱਖ-ਵੱਖ ਕੌਮਾਂ ਦੇ ਨੁਮਾਇੰਦਿਆਂ ਨੇ ਸਿੱਖ ਕਤਲੇਆਮ ਨੂੰ ਭਾਰਤੀ ਜ਼ਮਹੂਰੀਅਤ ਦੇ ਮੱਥੇ 'ਤੇ ਬਦਨੁਮਾ ਧੱਬਾ ਦਸਿਆ।

ਸ਼ਾਇਦ ਇਹ ਪਹਿਲੀ ਵਾਰ ਸੀ ਕਿ ਸਿੱਖ ਕੌਮ ਨਾਲ ਹੋਏ ਜ਼ੁਲਮ ਵਿਰੁੱਧ ਹੋਰਨਾਂ ਘੱਟ-ਗਿਣਤੀ ਕੌਮਾਂ, ਨਾਗਾ, ਕਸ਼ਮੀਰੀ, ਤਾਮਿਲ ਤੇ ਹੋਰਨਾਂ ਦੇ ਨੁਮਾਇੰਦਿਆਂ ਨੇ ਇੱਕ ਮੰਚ 'ਤੇ ਇਕੱਤਰ ਹੋ ਕੇ, ਸਿੱਖ ਕੌਮ ਦੇ ਹੱਕ ਵਿਚ 'ਹਾਅ ਦਾ ਨਾਹਰਾ' ਮਾਰਿਆ।

ਵੱਖ-ਵੱਖ ਬੁਲਾਰਿਆਂ ਨੇ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜੇਸ਼ਨ (ਯੂ.ਐਨ.ਓ.) ਕੋਲੋਂ ਮੰਗ ਕੀਤੀ ਕਿ ਉਹ 1947 ਪਿੱਛੋਂ ਭਾਰਤ ਵਿੱਚ ਸਿੱਖਾਂ ਦੇ ਹੋਏ ਮਨੁੱਖੀ ਹੱਕਾਂ ਦੇ ਘਾਣ ਨੂੰ ਰੋਕਣ ਲਈ ਦਖ਼ਲਅੰਦਾਜ਼ੀ ਕਰ ਕੇ ਸਿੱਖ ਕੌਮ ਨੂੰ ਨਿਆਂ ਦੇਵੇ। ਸਿੱਖ ਕਤਲੇਆਮ ਦੇ ਮਾਮਲੇ ਵਿੱਚ ਕੁੱਝ ਬੁਲਾਰਿਆਂ ਨੇ ਬਾਦਲ ਸਰਕਾਰ ਦੀ ਤਿੱਖੀ ਆਲੋਚਨਾ ਵੀ ਕੀਤੀ।

ਉਧਰ ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ, ਕਸ਼ਮੀਰੀ ਆਗੂ ਪ੍ਰੋ.ਐਸ.ਆਰ. ਗਿਲਾਨੀ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਅਹੁਦੇਦਾਰ ਹਰਪਾਲ ਸਿੰਘ ਚੀਮਾ ਅਤੇ ਤਾਮਿਲ ਨੁਮਾਇੰਦੇ ਮੀਮਾਨ ਵੱਲੋਂ ਯੂ.ਐਨ.ਓ.ਦੇ ਦਫ਼ਤਰ ਵਿਖੇ ਮੁੱਖ ਸੂਚਨਾ ਅਫ਼ਸਰ ਰਵੀ ਚੰਦਰਨ ਨੂੰ 'ਸਾਂਝਾ ਮੰਗ ਪੱਤਰ' ਦਿੱਤਾ ਗਿਆ।

ਮੰਗ ਪੱਤਰ ਵਿੱਚ ਯੂ.ਐਨ.ਓ.ਦੇ ਸਕੱਤਰ ਜਨਰਲ ਬਾਨ ਕੀ ਮੂਨ ਤੋਂ ਮੰਗ ਕੀਤੀ ਗਈ ਹੈ ਕਿ ਜਿਸ ਤਰ੍ਹਾਂ ਸੰਯੁਕਤ ਰਾਸ਼ਟਰ ਨੇ ਸ੍ਰੀ ਲੰਕਾ ਸਰਕਾਰ 'ਤੇ ਤਾਮਿਲਾਂ ਦੇ ਮਨੁੱਖੀ ਹੱਕਾਂ ਦੇ ਘਾਣ ਅਤੇ ਕਤਲੇਆਮ ਦੀ ਪੜਤਾਲ ਲਈ ਕੌਮਾਂਤਰੀ ਜਾਂਚ ਕਮਿਸ਼ਨ ਕਾਇਮ ਕੀਤਾ ਹੈ, ਠੀਕ ਉਸੇ ਤਰ੍ਹਾਂ ਨਵੰਬਰ 1984 ਵਿੱਚ ਭਾਰਤ ਸਰਕਾਰ ਵੱਲੋਂ ਸਿੱਖ ਕੌਮ ਦੇ ਕੀਤੇ ਗਏ ਕਤਲੇਆਮ ਸਣੇ ਘੱਟ-ਗਿਣਤੀ ਕੌਮਾਂ ਦੇ ਹੋਏ ਮਨੁੱਖੀ ਹੱਕਾਂ ਦੇ ਘਾਣ ਦੀ ਪੜਤਾਲ ਲਈ ਕੌਮਾਂਤਰੀ ਪੱਧਰ 'ਤੇ ਪੜਤਾਲੀਆ ਕਮਿਸ਼ਨ ਕਾਇਮ ਕਰ ਕੇ ਸਿੱਖ ਕੌਮ ਨੂੰ ਇਨਸਾਫ਼ ਤੇ ਸਿੱਖਾਂ ਦੇ ਬਣਦੇ ਹੱਕ ਦਿੱਤੇ ਜਾਣ।

ਮੰਗ ਪੱਤਰ ਵਿੱਚ ਭਾਰਤ ਵਿੱਚ ਵਸਦੀਆਂ ਘੱਟ-ਗਿਣਤੀਆਂ ਦੇ ਹੱਕਾਂ ਦੇ ਘਾਣ ਨੂੰ ਰੋਕਣ ਲਈ ਇਨ੍ਹਾਂ ਕੌਮਾਂ ਲਈ ਸਵੈ-ਨਿਰਣੇ ਦੇ ਹੱਕ ਦੀ ਮੰਗ ਕੀਤੀ ਗਈ।

ਮੰਗ ਪੱਤਰ ਵਿੱਚ ਨਵੰਬਰ 1984 ਦੇ ਸਿੱਖ ਕਤਲੇਆਮ ਪਿੱਛੋਂ ਪੂਰਾ ਇੱਕ ਦਹਾਕਾ ਪੰਜਾਬ ਵਿੱਚ ਹੋਏ ਸਰਕਾਰੀ ਜਬਰ, ਪੰਜਾਬ ਦੇ ਪਾਣੀਆਂ ਦੀ ਲੁੱਟ, ਗੁਜਰਾਤ ਵਿਚ ਘੱਟ-ਗਿਣਤੀ ਮੁਸਲਮਾਨਾਂ ਦੇ ਕਤਲੇਆਮ ਅਤੇ ਉੜੀਸਾ ਵਿੱਚ ਈਸਾਈਆਂ ਦੇ ਹੋਏ ਕਤਲੇਆਮ ਬਾਰੇ ਵੀ ਵੇਰਵੇ ਪੇਸ਼ ਕੀਤੇ ਗਏ ਹਨ।

ਯਾਦ ਪੱਤਰ ਰਾਹੀਂ ਪੰਜਾਬ, ਕਸ਼ਮੀਰ, ਨਾਗਾਲੈਂਡ ਅਤੇ ਤਾਮਿਲਨਾਡੂ ਲਈ ਸਵੈ-ਨਿਰਣੈ ਦੀ ਮੰਗ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ, 'ਹੱਕ ਤੇ ਇਨਸਾਫ਼' ਮਾਰਚ ਦਿੱਲੀ ਪੁੱਜਿਆ। ਸਵੇਰੇ ਇਤਿਹਾਸਕ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਕਤਲੇਆਮ ਵਿੱਚ ਮਾਰੇ ਗਏ ਸਿੱਖਾਂ ਪ੍ਰਤੀ ਅਰਦਾਸ ਕਰਨ ਪਿੱਛੋਂ ਮਾਰਚ ਜੰਤਰ-ਮੰਤਰ ਲਈ ਰਵਾਨਾ ਹੋਇਆ।

ਵੱਡੀ ਗਿਣਤੀ ਵਿੱਚ ਮਾਰਚ ਵਿੱਚ ਸ਼ਾਮਲ ਨੌਜਵਾਨ, ਬੀਬੀਆਂ ਨੇ ਹੱਥਾਂ ਵਿੱਚ ਕੇਸਰੀ ਨਿਸ਼ਾਨ ਸਾਹਿਬ ਚੁੱਕੇ ਹੋਏ ਸਨ ਤੇ 'ਆਕਾਸ਼ ਗੂੰਜਾਊ' ਨਾਹਰੇ ਲਾਉਂਦੇ ਹੋਏ ਅੱਗੇ ਵੱਧ ਰਹੇ ਸਨ।

ਦਿੱਲੀ ਦੇ ਵੱਖ-ਵੱਖ ਇਲਾਕਿਆਂ ਤੋਂ ਵੀ ਭਰਵੀਂ ਗਿਣਤੀ ਵਿੱਚ ਸਿੱਖ ਨੌਜੁਆਨ ਰੈਲੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਕਸ਼ਮੀਰੀ ਆਗੂ ਮਕਬੂਲ ਭੱਟ ਅਤੇ ਲਿੱਟੇ ਦੇ ਮਰਹੂਮ ਜਨਰਲ ਪ੍ਰਭਾਕਰਨ ਦਾ ਇੱਕ ਰੰਗਦਾਰ ਸਾਂਝਾ ਪੋਸਟਰ ਵੀ ਵੰਡਿਆ ਗਿਆ। ਕਸ਼ਮੀਰੀ ਤੇ ਸਿੱਖ ਨੌਜਵਾਨਾਂ ਨੇ ਆਜ਼ਾਦੀ ਦੇ ਹੱਕ ਵਿੱਚ ਜ਼ੋਰਦਾਰ ਨਾਹਰੇ ਵੀ ਲਾਏ।

ਰੈਲੀ ਵਿੱਚ ਦਲ ਖ਼ਾਲਸਾ ਤੋਂ ਇਲਾਵਾ, ਦਮਦਮੀ ਟਕਸਾਲ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਤੇ ਕਈ ਜਥੇਬੰਦੀਆਂ ਸ਼ਾਮਲ ਸਨ।

ਰੈਲੀ ਵਿੱਚ ਜੁੜੇ ਸੈਂਕੜੇ ਸਿੱਖਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਸ਼ਮੀਰ ਦੇ ਹੁਰੀਅਤ ਆਗੂ ਸਈਅਦ ਅਲੀ ਗਿਲਾਨੀ ਨੇ ਕਿਹਾ ਕਿ ਘੱਟ-ਗਿਣਤੀ ਕੌਮਾਂ ਭਾਰਤ ਵਿੱਚ ਕਦੇ ਸੁਰੱਖਿਅਤ ਨਹੀਂ ਰਹਿ ਸਕਦੀਆਂ। ਉਨ੍ਹਾਂ ਕਿਹਾ ਕਿ 84 ਵਿੱਚ ਜਿਸ ਤਰ੍ਹਾਂ ਸਿੱਖ ਕੌਮ ਦਾ ਕਤਲੇਆਮ ਕੀਤਾ ਗਿਆ, ਉਸ ਨਾਲ ਭਾਰਤੀ ਲੋਕਤੰਤਰ ਦਾ ਖ਼ੋਖਲਾਪਨ ਸਾਹਮਣੇ ਆ ਚੁੱਕਾ ਹੈ।

ਕਸ਼ਮੀਰੀ ਆਗੂ ਪ੍ਰੋ.ਐਸ.ਏ.ਆਰ. ਗਿਲਾਨੀ ਨੇ ਘੱਟ-ਗਿਣਤੀ ਕੌਮਾਂ ਨੂੰ ਇਕਮੁੱਠ ਹੋ ਕੇ, ਭਾਰਤ ਸਰਕਾਰ ਦੀਆਂ ਘੱਟ-ਗਿਣਤੀ ਵਿਰੋਧੀ ਚਾਲਾਂ ਨਾਲ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਵੰਬਰ 1984 ਦੀ ਸਿੱਖ ਕਤਲੇਆਮ, 2002 ਦੇ ਗੁਜਰਾਤ

ਵਿੱਚ ਮੁਸਲਮਾਨਾਂ ਦੇ ਕਤਲੇਆਮ ਅਤੇ 2008 ਵਿੱਚ ਉੜੀਸਾ ਵਿੱਚ ਈਸਾਈਆਂ ਦੀ ਕਤਲੇਆਮ ਦੇ ਮਾਮਲੇ ਵਿੱਚ ਭਾਰਤੀ ਜਮਹੂਰੀਅਤ ਪੂਰੀ ਤਰ੍ਹਾਂ ਬੇਪਰਦ ਹੋ ਗਈ ਹੈ। ਉਨ੍ਹਾਂ ਘੱਟ-ਗਿਣਤੀਆਂ ਦੇ ਕਤਲੇਆਮਾਂ ਨੂੰ ਸਰਕਾਰਾਂ ਦਾ ਵਿਉਂਤਬੰਦ ਹਥਿਆਰ ਦੱਸਿਆ।

ਨਾਗਾ ਪੀਪਲਜ਼ ਰਾਈਟਸ ਮੂਵਮੈਂਟ ਦੇ ਆਗੂ ਡਾ.ਵੇਨੂ ਨੇ ਕਿਹਾ ਕਿ ਉਹ ਸਿੱਖ ਕੌਮ ਨਾਲ ਹੋਏ ਜ਼ੁਲਮ ਵਿਰੁੱਧ ਸਿੱਖ ਭੈਣਾਂ ਤੇ ਭਰਾਵਾਂ ਨਾਲ ਖੜ੍ਹੇ ਹਨ।

ਤਾਮਿਲ ਆਗੂ ਅਤੇ ਨਾਮ ਤਾਲਿਮਾਰ ਕੱਚੀ ਦੇ ਚੀਫ਼ ਕੋ ਆਰਡੀਨੇਟਰ ਸੀਮਾਨ ਨੇ ਕਾਂਗਰਸ ਤੇ ਭਾਜਪਾ ਨੂੰ ਘੱਟ-ਗਿਣਤੀ ਕੌਮਾਂ ਦੀ ਦੁਸ਼ਮਣ ਕਰਾਰ ਦਿੰਦਿਆਂ ਘੱਟ-ਗਿਣਤੀਆਂ ਨੂੰ ਇਕਮੁੱਠ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ 2008 ਵਿੱਚ ਹਜ਼ਾਰਾਂ ਤਾਮਿਲਾਂ ਦਾ ਕਤਲੇਆਮ ਕੀਤਾ ਗਿਆ ਅਤੇ ਅੱਜ ਵੀ ਲੱਖਾਂ ਤਾਮਿਲਾਂ ਨੂੰ ਦਬਾਇਆ ਜਾ ਰਿਹਾ ਹੈ ਜਿਸ ਵਿਰੁੱਧ ਸਾਨੂੰ ਸਾਰਿਆਂ ਨੂੰ ਆਵਾਜ਼ ਬੁਲੰਦ ਕਰਨੀ ਹੋਵੇਗੀ।

ਦਲ ਖ਼ਾਲਸਾ ਦੇ ਮੁਖੀ ਭਾਈ ਹਰਚਰਨਜੀਤ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਭਾਰਤ ਅੰਦਰ ਘੱਟ-ਗਿਣਤੀਆਂ ਦੇ ਹੋ ਰਹੇ ਘਾਣ ਦਾ ਪੱਕਾ ਹੱਲ ਸਿਰਫ਼ 'ਆਜ਼ਾਦੀ' ਹੈ।

ਉਨ੍ਹਾਂ ਕਿਹਾ ਕਿ 1947 ਪਿੱਛੋਂ ਹੀ ਇਸ ਦੇਸ਼ ਅੰਦਰ ਘੱਟ-ਗਿਣਤੀਆਂ ਨੂੰ ਦਬਾਇਆ ਜਾ ਰਿਹਾ ਹੈ ਤੇ ਹੋਰਨਾਂ ਕੌਮਾਂ 'ਤੇ ਜ਼ਬਰਦਸਤੀ 'ਰਾਸ਼ਟਰਵਾਦ' ਦੇ ਮੁਖੌਟੇ ਹੇਠ ਹਿੰਦੂਵਾਦ ਥੋਪਿਆ ਜਾ ਰਿਹਾ ਹੈ ਜੋ ਕਿ ਸਾਨੂੰ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ। ਉਨ੍ਹਾਂ ਕਿਹਾ ਕਿ ਜੂਨ 1984 ਵਿੱਚ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਉੱਪਰ ਕੀਤਾ ਗਿਆ ਹਮਲਾ ਤੇ ਪਿਛੋਂ ਨਵੰਬਰ 1984 ਵਿੱਚ ਪੂਰੇ ਦੇਸ਼ ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਨੇ ਭਾਰਤ ਦੀ ਅਖਉਤੀ ਜਮਹੂਰੀਅਤ ਦਾ ਮੁਖੌਟਾ ਲਾਹ ਸੁੱਟਿਆ ਹੈ।

ਸਿੱਖ ਕਤਲੇਆਮ ਦੇ ਮਾਮਲੇ ਵਿੱਚ ਬਾਦਲ ਦਲ ਦੇ ਦੋਗਲੇ ਸਟੈਂਡ ਦੀ ਨੁਕਤਾਚੀਨੀ ਕਰਦਿਆਂ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੇ ਕਿਹਾ ਕਿ ਜੇ ਕਤਲੇਆਮ ਵਿੱਚ ਕਾਂਗਰਸ ਦੋਸ਼ੀ ਹੈ ਤਾਂ ਬਾਦਲ ਦਲ ਵੀ ਘੱਟ-ਦੋਸ਼ੀ ਨਹੀਂ। ਬਾਦਲ ਨੇ ਹਰ ਵਾਰ ਕਤਲੇਆਮ ਦੇ ਨਾਮ 'ਤੇ ਅਪਣਾ ਉੱਲੂ ਸਿੱਧਾ ਕੀਤੀ ਰੱਖਿਆ ਹੈ।

ਪ੍ਰੋ. ਜਗਮੋਹਨ ਸਿੰਘ ਨੇ ਜਲਾਵਤਨੀ ਭੋਗ ਰਹੇ ਸ.ਗਜਿੰਦਰ ਸਿੰਘ ਦੀ ਇੱਕ ਕਵਿਤਾ ਸੁਣਾ ਕੇ, ਸਿੱਖ ਨੌਜੁਆਨਾਂ ਨੂੰ ਅਪਣੇ ਅੰਦਰ ਬਾਬਾ ਬਘੇਲ ਸਿੰਘ ਤੇ ਬਾਬਾ ਬੰਦਾ ਸਿੰਘ ਵਰਗਾ ਜਜ਼ਬਾ ਪੈਦਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਤੋਂ ਇਲਾਵਾ ਡਾ.ਗੁਰਦਰਸ਼ਨ ਸਿੰਘ ਢਿੱਲੋਂ, ਗਿਆਨੀ ਕੇਵਲ ਸਿੰਘ, ਭਾਈ ਮੋਹਕਮ ਸਿੰਘ, ਕਰਨੈਲ ਸਿੰਘ ਪੰਜੋਲੀ, ਸਰਬਜੀਤ ਸਿੰਘ ਘੁਮਾਣ ਤੇ ਡਾ.ਮਨਜਿੰਦਰ ਸਿੰਘ ਜੰਡੀ ਨੇ ਵੀ ਅਪਣੇ ਵਿਚਾਰ ਰੱਖੇ। ਭਾਈ ਤਰਸੇਮ ਸਿੰਘ, ਗਿਆਨੀ ਜਗਤਾਰ ਸਿੰਘ ਜਾਚਕ, ਦਿੱਲੀ ਕਮੇਟੀ ਮੈਂਬਰ ਸ.ਚਮਨ ਸਿੰਘ ਸ਼ਾਹਪੁਰਾ ਆਦਿ ਵੀ ਹਾਜ਼ਰ ਸਨ।

(ਰੋਜ਼ਾਨਾ ਸਪੋਕਸਮੈਨ, 4 ਨਵੰਬਰ, 2014)

ਅੰਤਿਕਾ-4

ਮੋਹਨ ਭਾਗਵਤ ਨੇ ਸਿੱਖਾਂ ਨੂੰ ਹਿੰਦੂਆਂ ਦਾ ਹਿਸਾ ਦੱਸਿਆ

ਭੋਪਾਲ, 2 ਅਗੱਸਤ : ਭਾਜਪਾ ਦੇ ਮੁੜ ਸੱਤਾ ਵਿੱਚ ਆਉਣ ਦੀ ਦੇਰ ਸੀ ਕਿ ਇਸ ਦੇ 'ਮਾਈ-ਬਾਪ' ਸੰਘ ਨੇ ਅਪਣਾ ਹਿੰਦੂਤਵੀ ਰੰਗ ਫਿਰ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਰਾਸ਼ਟਰੀ ਸਵੈਮ ਸੇਵਕ (ਆਰਐਸਐਸ) ਯਾਨੀ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਥੇ ਚਿੰਤਨ ਬੈਠਕ ਵਿੱਚ ਕਿਹਾ ਕਿ ਸਿੱਖ, ਜੈਨ ਅਤੇ ਬੁਧ ਧਰਮ ਦੇ ਲੋਕ ਹਿੰਦੂ ਹੀ ਹਨ। ਉਨ੍ਹਾਂ ਕਿਹਾ ਕਿ ਸਿੱਖਾਂ, ਜੈਨੀਆਂ ਅਤੇ ਬੋਧੀਆਂ ਨੂੰ ਘੱਟਗਿਣਤੀ ਦੱਸਣਾ ਸਾਜ਼ਸ਼ ਹੈ ਅਤੇ ਸੰਘ ਇਨ੍ਹਾਂ ਨੂੰ ਹਿੰਦੂਆਂ ਤੋਂ ਅੱਡ ਨਹੀਂ ਮੰਨਦਾ। ਭਾਗਵਤ ਨੇ ਹਿੰਦੂ ਰਾਸ਼ਟਰਵਾਦ ਬਾਰੇ ਗੱਲ ਕਰਦਿਆਂ ਕਿਹਾ,' ਭਾਰਤ ਵਿੱਚ ਰਾਸ਼ਟਰ ਦਾ ਸੰਕਲਪ ਸਾਡੀ ਸਭਿਆਚਾਰਕ ਪਛਾਣ ਤੋਂ ਬਣਿਆ ਹੈ ਅਤੇ ਇਹ ਲੋਕਾਂ ਨੂੰ ਆਪਸ ਵਿੱਚ ਜੋੜਦਾ ਹੈ। ਸੰਘ ਦੇ ਕਾਰਜਕਾਰੀ ਪ੍ਰਧਾਨ ਪ੍ਰਵੀਨ ਤੋਗੜੀਆ ਨੇ ਭਾਰਤ-ਪਾਕਿ ਰਿਸ਼ਤਿਆਂ ਅਤੇ ਅਤਿਵਾਦ ਬਾਰੇ ਜੋਸ਼ੀਲੇ ਅੰਦਾਜ਼ ਵਿੱਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਵਾਦੀ ਵਿੱਚ ਧਾਰਾ 370 ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਭਾਜਪਾ ਇਹ ਵਾਅਦਾ ਪੂਰਾ ਕਰੇਗੀ।

ਅਮਰਨਾਥ ਯਾਤਰੀਆਂ ਉਤੇ ਹੋਏ ਹਮਲੇ ਬਾਰੇ ਉਨ੍ਹਾਂ ਕਿਹਾ ਕਿ ਹਿੰਦੂਆਂ ਦੇ ਸਬਰ ਦੀ ਪਰਖ ਨਾ ਕੀਤੀ ਜਾਵੇ। ਸੰਘ ਦੇ ਆਗੂ ਇੰਦਰੇਸ਼ ਕੁਮਾਰ ਨੇ ਕਿਹਾ ਕਿ ਦੇਸ਼ ਵਿੱਚ ਵਿਕਾਸ ਦਾ ਸੰਕਲਪ ਹਿੰਦੂਆਂ-ਮੁਸਲਮਾਨਾਂ ਅੰਦਰ ਬਰਾਬਰ ਚੱਲ ਰਿਹਾ ਹੈ। ਸੰਘ ਦੀ ਇਹ ਬੈਠਕ ਸ਼ੁਕਰਵਾਰ ਨੂੰ ਹੋਈ ਸੀ।

(ਰੋਜ਼ਾਨਾ ਸਪੋਕਸਮੈਨ, 3 ਅਗੱਸਤ, 2014)

ਅੰਤਿਕਾ-5

Nazma says all Indians are Hindus, later retracts

New Delhi : After stoking controversy over her 'Hindu' remark, minority affairs minister Najma Heptulla on Friday said she was misquoted and clarified that she had called all Indians 'Hindi' - Arabic for people living in India-and not 'Hindus' as reported.

She said it was "not in relation to the religion but in relation to identity as nationality". Heptulla hinted at the need for uniformity of identity for all Indians. "There isn't any country with three names: an Arabic, Indians are called Hindi, Hindustani in Persian and Indian in English," she said.

Prominent religious leaders, however, disagreed. Pandit Jugal Kishore of Ayodhya's Ram-Janki Mandir said, "The Constitution talks of India, that is, Bharat. Hindu is a political coinage for extracting political advantage. If everyone in India is Hindu, then what's the identity of Hindus living in, say, Pakistan, England or Saudi Arab?"

(The Times of India, Chandigarh, 30 August, 2014)

ਅੰਤਿਕਾ-6

'ਹੁਕਮਨਾਮਿਆਂ' ਨੂੰ ਬਦਲੇ ਜਾਣਾ ਅਕਾਲ ਤਖ਼ਤ ਦੇ ਸਤਿਕਾਰ ਨੂੰ ਢਾਹ ਲਾਉਣ ਦੇ ਤੁਲ : ਗਿਆਨੀ ਜਗਤਾਰ ਸਿੰਘ

ਅੰਮ੍ਰਿਤਸਰ, 23 ਨਵੰਬਰ (ਚਰਨਜੀਤ ਸਿੰਘ): ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮਿਆਂ ਨੂੰ ਬਦਲੇ ਜਾਣ ਨੂੰ ਅਕਾਲ ਤਖ਼ਤ ਦੇ ਸਤਿਕਾਰ ਅਤੇ ਸਰਵਉਚਤਾ ਨੂੰ ਢਾਹ ਲਾਉਣ ਦੇ ਤੁਲ ਕਰਾਰ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕਿਹਾ ਹੈ ਕਿ ਇਸ ਗੰਭੀਰ ਮਾਮਲੇ ਬਾਰੇ ਜਥੇਦਾਰ ਅਕਾਲ ਤਖ਼ਤ ਵੱਲੋਂ ਗੌਰ ਕਰਨਾ ਬਣਦਾ ਹੈ। ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਇਹ ਕੋਈ ਆਮ ਮਾਮਲਾ ਨਹੀਂ ਹੈ ਕਿ ਅਕਾਲ ਤਖ਼ਤ ਤੋਂ 'ਜਥੇਦਾਰਾਂ' ਦੁਆਰਾ ਜਾਰੀ 'ਹੁਕਮਨਾਮੇ' ਨੂੰ ਬਦਲਿਆ ਗਿਆ ਹੈ। ਅਜਿਹੇ ਮਸਲੇ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।

ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਨੇ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਨੂੰ ਬਦਲੇ ਜਾਣ ਨੂੰ ਪੰਥ ਲਈ ਘਾਤਕ ਦਸਿਆ। ਉਨ੍ਹਾਂ ਕਿਹਾ ਕਿ ਤਖ਼ਤਾਂ ਦੇ ਜਥੇਦਾਰ ਪਹਿਲਾਂ ਹੀ ਅਪਣੇ ਕਿਸੇ ਫ਼ੈਸਲੇ 'ਤੇ ਪੈਰ ਨਹੀਂ ਲਗਾਉਂਦੇ। ਜੇਕਰ ਕੋਈ ਪੰਥਕ ਭਾਵਨਾਵਾਂ ਮੁਤਾਬਕ ਫ਼ੈਸਲਾ ਕੀਤਾ ਸੀ ਤਾਂ ਉਸ ਨੂੰ ਅੰਦਰ ਖਾਤੇ ਬਦਲ ਲਿਆ। ਉਨ੍ਹਾਂ ਕਿਹਾ ਇਸ ਘਟਨਾ ਨੇ ਸਾਬਤ ਕੀਤਾ ਹੈ ਕਿ ਅਕਾਲ ਤਖ਼ਤ ਰਾਜਨੀਤੀ ਦੇ ਪ੍ਰਭਾਵ ਹੇਠ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਪੰਜ ਜਥੇਦਾਰ ਫ਼ੈਸਲਾ ਕਰਦੇ ਹਨ ਤੇ ਫਿਰ ਉਸ ਫ਼ੈਸਲੇ 'ਤੇ ਪਹਿਰਾ ਦੇਣ ਦੀ ਬਜਾਏ ਆਪ ਹੀ ਪੈਰ ਖਿਚ ਲੈਂਦੇ ਹਨ। ਉਨ੍ਹਾਂ ਯਾਦ ਕਰਵਾਇਆ ਕਿ ਦਮਦਮੀ ਟਕਸਾਲ ਦਾ ਮਾਮਲਾ, ਅਖੰਡ ਕੀਰਤਨੀ ਜਥੇ ਦਾ ਫ਼ੈਸਲਾ ਤੇ ਅਜਿਹੇ ਕਈ ਹੋਰ ਫ਼ੈਸਲੇ ਹਨ ਜਦ 'ਜਥੇਦਾਰ' ਮੌਕਾ ਪੈਣ 'ਤੇ ਪੈਰ ਖਿੱਚ ਗਏ।

ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਅਕਾਲੀ ਮੰਤਰੀ ਸ. ਮਨਜੀਤ ਸਿੰਘ ਕਲਕੱਤਾ ਦਾ ਕਹਿਣਾ ਹੈ ਕਿ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਕਿ ਪੰਜ ਜਥੇਦਾਰ ਸੰਗਤ ਵਿੱਚ ਐਲਾਨ ਕੁੱਝ ਹੋਰ ਕਰਨ ਤੇ ਲਿਖਤ ਵਿੱਚ ਕੁੱਝ ਹੋਰ ਹੋਵੇ। ਸ. ਕਲਕੱਤਾ ਨੇ ਕਿਹਾ ਹੈ ਕਿ

ਹੁਕਮਨਾਮਾ ਤਬਦੀਲ ਹੋਣ ਦਾ ਮਤਲਬ ਹੈ ਕਿ ਸਿੱਖਾਂ ਦਾ ਅਕਾਲ ਤਖ਼ਤ ਅਤੇ ਇਥੋਂ ਜਾਰੀ ਹੋਣ ਵਾਲੇ ਹੁਕਮਨਾਮਿਆਂ ਪ੍ਰਤੀ ਵਿਸ਼ਵਾਸ ਖ਼ਤਮ ਕਰਨਾ ਜੋ ਕੌਮ ਲਈ ਖ਼ਤਰਨਾਕ ਹੈ। ਦਿੱਲੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਹਰਵਿੰਦਰ ਸਿੰਘ ਸਰਨਾ ਨੇ ਕਿਹਾ ਹੈ ਕਿ ਵੈਸੇ ਤਾਂ 'ਜਥੇਦਾਰਾਂ' ਦੁਆਰਾ ਲਏ ਜਾਣ ਵਾਲੇ ਫ਼ੈਸਲੇ ਨੂੰ ਇਲਾਹੀ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ ਤੇ ਹੁਕਮ ਨਾ ਮੰਨਣ ਵਾਲਿਆਂ ਨੂੰ ਕੌਮ ਵਿੱਚੋਂ ਬਾਹੋਂ ਫੜ ਕੇ ਬਾਹਰ ਦਾ ਰਸਤਾ ਵਿਖਾਇਆ ਜਾ ਰਿਹਾ ਹੈ ਪ੍ਰੰਤੂ ਹੁਕਮਨਾਮੇ ਨੂੰ ਬਦਲਣ ਦੀ ਕਿਸੇ ਦੀ ਜੁਰਅਤ ਕਿਵੇਂ ਪੈ ਗਈ ? ਸ. ਸਰਨਾ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਜ਼ਰੂਰ ਕਹਿਣਗੇ ਕਿ ਜੇਕਰ ਹੁਕਮਨਾਮਾ ਤਬਦੀਲ ਕੀਤਾ ਗਿਆ ਹੈ ਤਾਂ ਜਥੇਦਾਰ ਸਾਹਿਬ ਨੂੰ ਇਸ ਮਹਾਨ ਪਦਵੀ ਤੋਂ ਅਸਤੀਫ਼ਾ ਦੇ ਕੇ ਲਾਂਭੇ ਹੋ ਜਾਣ ਚਾਹੀਦਾ ਹੈ।

ਸ. ਬਲਦੇਵ ਸਿੰਘ ਸਿਰਸਾ ਨੇ ਕਿਹਾ ਹੈ ਕਿ ਜੇਕਰ 'ਜਥੇਦਾਰਾਂ' ਦੁਆਰਾ ਜਾਰੀ ਹੁਕਮਨਾਮਿਆਂ ਨੂੰ ਸ਼੍ਰੋਮਣੀ ਕਮੇਟੀ ਅਧਿਕਾਰੀ ਹੀ ਬਦਲਣ ਲੱਗ ਪਏ ਤਾਂ ਫਿਰ ਪਾਲਣਾ ਕਿਸ ਨੇ ਕਰਨੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਗੁਰੂ ਨਿੰਦਕ ਪੁਸਤਕ ਸਿੱਖ ਇਤਿਹਾਸ (ਹਿੰਦੀ) ਦੀ ਪ੍ਰਕਾਸ਼ਨਾ ਲਈ ਦੋਸ਼ੀ ਅਧਿਕਾਰੀਆਂ ਵਿਰੁੱਧ 'ਜਥੇਦਾਰਾਂ' ਕੋਈ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਇਹ ਘਟਨਾ ਨਾ ਵਾਪਰਦੀ। ਉਨ੍ਹਾਂ ਗਿਆਨੀ ਗੁਰਬਚਨ ਸਿੰਘ ਨੂੰ ਜਾਰੀ ਹੁਕਮਨਾਮੇ ਬਾਰੇ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਹੈ।

(ਰੋਜ਼ਾਨਾ ਸਪੋਕਸਮੈਨ, 24 ਨਵੰਬਰ, 2014)

ਅੰਤਿਕਾ-7

ਪੰਥ ਨੂੰ ਕਮਜ਼ੋਰ ਕਰਨ ਵਾਲੀਆਂ ਘਟਨਾਵਾਂ ਪ੍ਰਤੀ ਸੁਚੇਤ ਹੋਵੇ ਕੌਮ : ਸਭਰਾ


ਕੋਟਕਪੂਰਾ, 23 ਨਵੰਬਰ (ਗੁਰਿੰਦਰ ਸਿੰਘ) : ਸਿੱਖ ਕੌਮ ਨੂੰ ਪੁਰਾਤਨ ਸਮੇਂ 'ਚ ਮੁਗ਼ਲਾਂ ਦਾ ਮੁਕਾਬਲਾ ਕਰਨ ਲਈ ਭਾਵੇਂ ਕਾਫ਼ੀ ਸੰਘਰਸ਼ ਕਰਨਾ ਪਿਆ ਤੇ ਸਿੱਖਾਂ ਨੇ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ ਪਰ ਮੌਜੂਦਾ ਸਮੇਂ 'ਚ ਪੰਥ ਨੂੰ ਕਮਜ਼ੋਰ ਕਰਨ ਵਾਲੀਆਂ ਘਟਨਾਵਾਂ ਪ੍ਰਤੀ ਕੌਮ ਨੂੰ ਸੁਚੇਤ ਹੋਣਾ ਪਵੇਗਾ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪ੍ਰਸਿੱਧ ਵਿਦਵਾਨ ਤੇ ਸਿੱਖ ਚਿੰਤਕ ਭਾਈ ਹਰਜਿੰਦਰ ਸਿੰਘ ਸਭਰਾ ਮੁੱਖ ਪ੍ਰਚਾਰਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਨੇ ਕੋਟਕਪੂਰਾ-ਮੋਗਾ ਸੜਕ 'ਤੇ ਸਥਿਤ ਬਾਬਾ ਦੀਪ ਸਿੰਘ ਨਗਰ ਕੋਠੇ ਥੇਹ ਵਾਲਾ ਵਿਖੇ ਦੋ ਰੋਜ਼ਾ ਗੁਰਮਤਿ ਸਮਾਗਮਾਂ ਦੌਰਾਨ ਕੀਤਾ।

ਉਨ੍ਹਾਂ ਦੱਸਿਆ ਕਿ ਕਿਸੇ ਸਮੇਂ ਪੰਥ ਨੂੰ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਸਾਹਮਣੇ ਹੋ ਕੇ ਲੜਦੀਆਂ ਸਨ ਪਰ ਅੱਜ ਪਰਦੇ ਹੇਠ ਪੰਥ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਤੇ ਅਫ਼ਸੋਸ ਹੈ ਕਿ ਸਾਡੇ ਪੰਥਕ ਮੁਖੌਟੇ ਵਾਲੇ ਅਖੌਤੀ ਜਥੇਦਾਰ ਸੰਗਤਾਂ ਨੂੰ ਸੁਚੇਤ ਕਰਨ ਦੀ ਬਜਾਇ ਉਲਟਾ ਪੰਥ ਵਿਰੋਧੀ ਸ਼ਕਤੀਆਂ ਦੇ ਹੱਥ ਠੋਕੇ ਬਣੇ ਹੋਏ ਹਨ। ਉਨ੍ਹਾਂ ਦੱਸਿਆ ਕਿ ਸਾਲ 2003 'ਚ ਦੁਨੀਆਂ ਭਰ ਦੀਆਂ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦੀ ਸਰਬ-ਸੰਮਤੀ ਨਾਲ ਅਕਾਲ ਤਖ਼ਤ ਸਾਹਿਬ ਤੋਂ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਤੇ ਸਰਬ ਪ੍ਰਵਾਨਤ ਕੈਲੰਡਰ ਦਾ ਸੋਧ ਦੇ ਨਾਂਅ 'ਤੇ 2010 'ਚ ਕਤਲ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਜਥੇਦਾਰਾਂ ਨੇ ਪਤਾ ਨਹੀਂ ਕਿਹੜੀ ਧਿਰ ਨੂੰ ਖ਼ੁਸ਼ ਕਰਨ ਲਈ ਦਸਮੇਸ਼ ਪਿਤਾ ਦਾ ਅਵਤਾਰ ਦਿਹਾੜਾ 7 ਜਨਵਰੀ ਨੂੰ ਮਨਾਉਣ ਦਾ ਫ਼ਤਵਾ ਜਾਰੀ ਕਰ ਦਿੱਤਾ ਕਿਉਂਕਿ ਜੇ ਉਨ੍ਹਾਂ ਅਪਨੀ ਗ਼ਲਤੀ 'ਤੇ ਪਰਦਾ ਪਾਉਣ ਲਈ ਜਾਂ ਗ਼ਲਤੀ ਦੀ ਸੋਧ ਲਈ ਕੋਈ ਹੋਰ ਮਿਤੀ ਨਿਸ਼ਚਿਤ ਕਰਨੀ ਸੀ ਤਾਂ ਉਨ੍ਹਾਂ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜਨਵਰੀ ਦੀ ਤਰੀਕ ਕਿਉਂ ਨਹੀਂ ਨਿਸ਼ਚਿਤ ਕੀਤੀ?

ਦੋ ਰੋਜ਼ਾ ਸਮਾਗਮ ਦੌਰਾਨ ਭਾਈ ਸਭਰਾ ਨੇ ਹੈਰਾਨੀ ਪ੍ਰਗਟਾਈ ਕਿ ਸਾਡੀ ਧਾਰਮਕ ਲੀਡਰਸ਼ਿਪ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਰਕਰਾਰ ਰੱਖਣ ਲਈ ਹੋਂਦ 'ਚ ਆਈਆਂ ਸਤਿਕਾਰ ਕਮੇਟੀਆਂ ਅਤੇ ਡੇਰਾਵਾਦ ਵਿਰੁੱਧ ਪਿਛਲੇ ਲੰਮੇ ਸਮੇਂ ਤੋਂ ਯਤਨਸ਼ੀਲ ਜਥੇਬੰਦੀਆਂ ਨੂੰ ਹੱਲਾ-ਸ਼ੇਰੀ ਦੇਣ ਦੀ ਬਜਾਇ ਉਨ੍ਹਾਂ ਲਈ ਕੰਡੇ ਬੀਜਣ ਦੇ ਕੰਮ 'ਚ ਯਤਨਸ਼ੀਲ ਕਿਉਂ

ਰਹਿੰਦੀਆਂ ਹਨ। ਉਕਤ ਸਮਾਗਮਾਂ ਦੇ ਮੁੱਖ ਪ੍ਰਬੰਧਕ ਭਾਈ ਨਨਦੀਪ ਸਿੰਘ ਖ਼ਾਲਸਾ ਨੇ ਦੱਸਿਆ ਕਿ ਬੂਟਾ ਸਿੰਘ ਢਿੱਲੋਂ ਕੈਨੇਡੀਅਨ, ਪੰਥ ਸੇਵਾ ਸੰਭਾਲ ਫ਼ੋਰਸ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਗੁਰਮਤਿ ਸਮਾਗਮਾਂ ਨਾਲ ਸੰਗਤਾਂ ਦੇ ਗਿਆਨ 'ਚ ਬਹੁਤ ਵਾਧਾ ਹੋਇਆ ਤੇ ਉਨ੍ਹਾਂ ਡੇਰਾਵਾਦ ਵੱਲੋਂ ਫ਼ੈਲਾਏ ਜਾ ਰਹੇ ਕਰਮਕਾਂਡ ਵਿਰੁੱਧ ਸੰਗਤਾਂ ਨੂੰ ਸੁਚੇਤ ਕਰਨ ਦਾ ਪ੍ਰਣ ਕੀਤਾ।

✲✲✲




Lt. Col. Gurdip Singh

The writer is an Associate Member of the Institution of Engineers (India) and has served in the Armed Forces for over thirty two years. He was on active service during the Chinese aggression in 1962 and wars of 1965 and 1971. After his retirement from the Army in 1993, he is devoted to the service of mankind as ordained in the Philosophy of **GURU GRANTH SAHIB JI.**

E-mail : gurdipsinghsss@hotmail.com
Phone : +91-94654 47897

ਇਸੇ ਕਲਮ ਤੋਂ :

1. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ
2. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-2 (ਗੁਰਦਵਾਰੇ)
3. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-3 (ਗੁਰਮਤਿ ਗਾਡੀਰਾਹ ਤੋਂ ਭਟਕਿਆ ਸਿੱਖ ਸਮਾਜ)
4. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-4 (ਭਾਰਤ 'ਚ ਆਪਣੀ ਹੋਂਦ ਕਾਇਮ ਰੱਖਣ ਲਈ ਸਿੱਖ ਕੌਮ ਸਾਹਮਣੇ ਵੱਡੀਆਂ ਚੁਣੌਤੀਆਂ)
5. ਸਿੱਖੀ 'ਚ ਬ੍ਰਾਹਮਣਵਾਦੀ ਖ਼ੋਟ
6. ਵੈਸਾਖੀ ਦਾ ਮਨੁੱਖਤਾ ਦੇ ਨਾਂ ਸੁਨੇਹਾ
7. ਗੁਰ ਇਤਿਹਾਸ 'ਚ ਬਿਪਰਵਾਦੀ ਮਿਲਾਵਟ
8. ਚੰਗੇ ਸਮਾਜ ਦੀ ਸਿਰਜਨਾ
9. ਸ੍ਰੀ ਗੁਰ ਪ੍ਰਤਾਪ ਸੂਰਜ : ਗੁਰਵਾਣੀ ਦੀ ਕਸਵੱਟੀ 'ਤੇ
10. ਗੁਰਦਵਾਰੇ : ਚੰਗੇ ਸਮਾਜ ਦੀ ਸਿਰਜਨਾ ਦੇ ਕੇਂਦਰ (ਛਪਾਈ ਅਧੀਨ)



-ਡਾ. ਹਰਜਿੰਦਰ ਸਿੰਘ ਦਿਲਗੀਰ

ਕਰਨਲ ਗੁਰਦੀਪ ਸਿੰਘ ਸਿੱਖ ਪੰਥ ਦੇ ਸਿਧਾਂਤਕ ਮਸਲਿਆਂ 'ਤੇ ਲਿਖਣ ਵਾਲੀਆਂ ਕਲਮਾਂ ਵਿੱਚ ਅਹਿਮ ਥਾਂ ਰਖਦੇ ਹਨ। ਪਿਛਲੇ ਦਹਾਕੇ ਵਿੱਚ ਉਨ੍ਹਾਂ ਦੀ ਕਲਮ ਨੇ ਬਹੁਤ ਸਾਰੇ ਅਹਿਮ ਪੰਥਕ ਮਸਲਿਆਂ ਬਾਰੇ, ਤੱਤ ਖ਼ਾਲਸਾ ਪੱਖ ਤੋਂ, ਸਪੱਸ਼ਟ ਨਿਰਣੈ ਦਿੱਤੇ ਹਨ। ਹਥਲੀ ਕਿਤਾਬ ਵਿੱਚ ਉਨ੍ਹਾਂ ਨੇ ਕਵੀ ਸੰਤੋਖ ਸਿੰਘ ਦੀ ਕਿਤਾਬ 'ਗੁਰ ਨਾਨਕ ਪਰਕਾਸ਼' ਦੀ ਡਾ. ਕਿਰਪਾਲ ਸਿੰਘ ਦੀ ਸੰਪਾਦਨਾ ਸਬੰਧੀ ਆਪਣੇ ਨਿਰਣੈ ਦਿੱਤੇ ਹਨ।

ਕਰਨਲ ਗੁਰਦੀਪ ਸਿੰਘ ਬਖ਼ੂਬੀ ਜਾਣਦੇ ਹਨ ਕਿ ਸਿੱਖ ਤਵਾਰੀਖ਼ ਨਾਲ ਬਹੁਤ ਸਾਰੇ ਲੇਖਕਾਂ ਨੇ ਜ਼ਿਆਦਤੀ ਕੀਤੀ ਹੈ; ਕਿਸੇ ਨੇ ਈਰਖਾ ਵੱਸ ਹੋ ਕੇ ਅਤੇ ਕਿਸੇ ਨੇ ਬੇਈਮਾਨੀ ਦੀ ਨੀਅਤ ਨਾਲ, ਪਰ ਕੁੱਝ ਅਜਿਹੇ ਲੇਖਕ ਵੀ ਹਨ ਜਿਨ੍ਹਾਂ ਨੇ ਸ਼ਰਧਾ-ਵੱਸ ਇਸ ਵਿੱਚ ਬਹੁਤ ਮਿਲਾਵਟ ਕਰ ਦਿੱਤੀ ਸੀ। ਇਹੋ ਜਿਹੀ ਜ਼ਿਆਦਤੀ ਹੀ ਸੰਤੋਖ ਸਿੰਘ ਨੇ ਕੀਤੀ ਸੀ। ਕਰਨਲ ਗੁਰਦੀਪ ਸਿੰਘ ਨੇ ਡਾ. ਕਿਰਪਾਲ ਸਿੰਘ ਦੀ ਲਿਖਤ ਦਾ ਨਿਰਪੱਖ ਹੋ ਕੇ ਨਿਰਣਾ ਕੀਤਾ ਹੈ।

-ਡਾ. ਹਰਜਿੰਦਰ ਸਿੰਘ ਦਿਲਗੀਰ
ਸਾਬਕਾ ਡਾਇਰੈਕਟਰ : ਸਿੱਖ ਹਿਸਟਰੀ ਰੀਸਰਚ ਬੋਰਡ (ਸ਼੍ਰੋਮਣੀ ਕਮੇਟੀ)
ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖ ਹਿਸਟਰੀ
hsdilgeer@yahoo.com



9 ਅਕਤੂਬਰ, 2013 ਨੂੰ ਸਰੀ (ਕੈਨੇਡਾ) ਵਿਖੇ ਲੇਖਕ ਨੂੰ ਸਨਮਾਨਤ ਕਰਦੇ ਹੋਏ
ਜੈਤੇਗ ਸਿੰਘ ਅਨੰਤ, ਜਗਜੀਤ ਸਿੰਘ ਤੱਖਰ ਤੇ ਹੋਰ ਪ੍ਰਮੁੱਖ ਲਿਖਾਰੀ ਤੇ ਪਤਵੰਤੇ ਸੱਜਣ।

Printed at : JPC Ltd., Mohali. 0172-3047671-73